# ਚਿਰਾਗ

ਅਕਤੂਬਰ -ਦਸੰਬਰ 2001

**October -December 2001**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ




ਮੁੱਲ : ਪੰਦਰਾਂ ਰੁਪਏ -38- ਅਕਤੂਬਰ-ਦਸੰਬਰ, 2001

# ਚਿਰਾ.ਗ (ਤਿਮਾਹੀ)

ਅਕਤੂਬਰ-ਦਸੰਬਰ, 2001

**ਸੰਪਾਦਕ :** ਹਰਭਜਨ ਸਿੰਘ ਹੁੰਦਲ
**ਸੰਪਾਦਕੀ ਮੰਡਲ :** ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੂਫ਼ੀ ਅਮਰਜੀਤ
**ਪ੍ਰਤੀਨਿਧ :** ਅਵਤਾਰ ਸਾਦਕ (ਯੂ.ਕੇ.) ਮਾਨ ਸਿੰਘ ਭਾਰਗਵ (ਜੰਮੂ)

## ਤਤਕਰਾ

* **ਸੰਪਾਦਕੀ ਟਿਪਣੀਆਂ** - 1. ਕੇਂਦਰੀ ਪੰ. ਲੇਖਕ ਸਭਾ ਦੀ ਚੋਣ
  2. ਅਮਰੀਕਾ ਤੇ ਦਹਿਸ਼ਤਗਰਦੀ ਹਮਲੇ
* **ਇਸ ਵਾਰ ਦਾ ਵਿਸ਼ੇਸ਼ ਕਵੀ**- ਕੁਮਾਰ ਵਿਕਲ (ਸੱਤ ਕਵਿਤਾਵਾਂ)
* **ਕਹਾਣੀ :** ਹਨੇਰੇ ਵਿਚ (ਇਕਬਾਲ ਅਰਪਨ) ਅਪਰਾਧ ਬੋਧ (ਅਮਰੀਕ ਸਿੰਘ ਕੰਡਾ)
* **ਵਿਸ਼ੇਸ਼ ਲੇਖ :** ਕੇਂਦਰੀ ਪੰਜਾਬੀ ਲੇਖਕ ਸਭਾ-ਪੇਸ਼ ਚੁਣੌਤੀਆਂ (ਡਾ. ਅਨੂਪ ਸਿੰਘ) ਪੰਜਾਬੀ ਸਭਿਆਚਾਰ ਵਿਚ ਗੋਪੀਚੰਦ ਦੀ ਅਹਿਮੀਅਤ (ਡਾ. ਕਰਮਜੀਤ ਸਿੰਘ)
* **ਵਾਘਿਓਂ ਪਾਰ :** ਕਹਾਣੀ (ਫੈਸਲਾ) ਮਹਿਮੂਦ ਅਹਿਮਦ ਕਾਜ਼ੀ, ਸਭਿਆਚਾਰਕ ਸਾਮਰਾਜ, ਵਿਸ਼ਵੀਕਰਨ ਤੇ ਪੰਜਾਬੀ ਰਹਿਤਲ (ਸੱਯਦ ਅਜ਼ੀਮ)
* **ਗ਼ਜ਼ਲਾਂ:** ਸੁਲੱਖਣ ਸਰਹੱਦੀ, ਨਿਰਮਲ ਪ੍ਰਸੰਨ, ਅਮਰਦੀਪ ਸੰਧਾਵਾਲੀਆ, ਪੰਮ ਦੀਪ, ਮੱਖਣ ਕੁਹਾੜ, ਸਰਵਣ।
* **ਨਜ਼ਮਾਂ:** ਅਜਾਇਬ ਕਮਲ, ਕੰਵਲਜੀਤ ਭੁੱਲਰ, ਗੁਰਦਿਆਲ ਪੱਲ੍ਹਾ, ਪ੍ਰੇਮ ਸਾਹਿਲ, ਮਹਿਮਾ ਸਿੰਘ ਤੂਰ, ਤੇਜਿੰਦਰ ਬਾਵਾ, ਮੋਹਨ ਮਤਿਆਲਵੀ, ਅਮਰ ਜਿਓਤੀ (ਤਿੰਨ ਨਜ਼ਮਾਂ)
* **ਵਾਘਿਓਂ ਪਾਰ :** (ਕਵਿਤਾ ਭਾਗ) ਮਾਸਟਰ ਅਲਤਾਫ਼ ਹੁਸੈਨ, ਸਰਮੱਦ, ਜ਼ਫ਼ਰ ਇਕਬਾਲ, ਸ਼ਾਰਬ, ਅੰਜਮ, ਤਈਬ ਰਜ਼ਾ, ਬਾਬਾ ਖ਼ੁਸ਼ੀ ਮੁਹੰਮਦ ਨਿਸਾਰ, ਜ਼ਾਹਿਦ ਸਦੀਕਾ
* **ਪੁਸਤਕ ਪੜਚੋਲ :** ਪੱਤਣਾ ਦੇ ਰੰਗ (ਸੁਲੱਖਣ ਸਰਹੱਦੀ) ਤਨਹਾਈਆਂ (ਸੁਰਿੰਦਰ ਗਿੱਲ)
* ਅਣਮੁੱਕੀ ਵਾਟ ਦੇ ਚਿਰਾ.ਗ (ਸੁਰਜੀਤ ਗਿੱਲ)
* **ਖਿਆਲ ਆਪੋ ਆਪਣਾ :** ਡਾ. ਤੇਜਵੰਤ ਮਾਨ, ਅਮਰ ਜਿਓਤੀ, ਗੁਰਨਾਮ ਢਿੱਲੋਂ, ਆਨੰਦ ਆਲੋਕ।
* **ਟਾਈਟਲ:** ਕਿਊਬਾ ਦਾ ਰਾਸ਼ਟਰਪਤੀ, ਫੀਦਲ ਕਾਸਟਰੋ

*Postal Address :*
*Harbhajan Singh Hundal,*
*V. Fatu Chak,*
*P.O. Dhilwan,*
*Distt. Kapurthala-144804*
*(Pb.) India.*
*Phone No. 01822-43188*

| ਚੰਦਿਆਂ ਦਾ ਵੇਰਵਾ | : | |
|---|---|---|
| ਦੇਸ਼ ਵਾਰਸ਼ਿਕ | : | 50 ਰੁ. |
| ਇਕ ਪਰਚਾ | : | 15 ਰੁ. |
| ਸੰਸਥਾਵਾਂ (ਵਾਰਸ਼ਿਕ) | : | 50 ਰੁ. |
| ਬਦੇਸ਼, ਯੂ. ਕੇ. | : | 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : | 300 ਰੁ. |

**ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ**

ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



## *1. ਕੇਂਦਰੀ ਪੰ. ਲੇਖਕ ਸਭਾ ਦੀ ਚੋਣ*

ਇਸ ਜਾ ਰਹੇ ਵਰ੍ਹੇ ਦੇ ਅੰਤ ਉਪਰ ਕੇ. ਪੰ. ਲੇਖਕ ਸਭਾ (ਰਜਿ.) ਦੀ ਦੋ ਸਾਲਾਂ ਪਿਛੋਂ ਹੋਣ ਵਾਲੀ ਚੋਣ ਆ ਰਹੀ ਹੈ। ਇਸ ਸਮੇਂ ਕੁਦਰਤੀ ਹੈ ਕਿ ਪਿਛਲੀ ਚੋਣ ਅਤੇ ਚੁਣੇ ਗਿਆਂ ਦੀ ਕਾਰਗੁਜ਼ਾਰੀ ਉਪਰ ਝਾਤ ਮਾਰ ਲਈ ਜਾਵੇ। ਇਸ ਸਮੇਂ ਚੁਣੇ ਗਏ ਵਿਅਕਤੀਆਂ ਦੇ ਰੋਲ ਨੂੰ ਵੀ ਵਿਚਾਰ ਲੈਣਾ ਚਾਹੀਦਾ ਹੈ। ਕੀ ਸਭਾ ਦੇ ਪ੍ਰਬੰਧਕਾਂ ਨੇ ਸਭਾ ਦੇ ਉਦੇਸ਼ਾਂ ਅਤੇ ਇਸ ਦੀ ਦਿਖ ਨੂੰ ਨਿਖਾਰਿਆ ਹੈ ਜਾਂ ਕਲੰਕਤ ਕੀਤਾ ਹੈ ? ਕੀ ਇਸ ਵਿਚ ਦੇ ਕੰਮ ਕਰਨ ਵਾਲੇ ਵਿਅਕਤੀਆਂ ਅਤੇ ਤੱਤਾ ਨੇ ਆਪਣੀ ਜ਼ਿੰਮੇਵਾਰੀ ਭਲੀ ਭਾਂਤ ਨਿਭਾਈ ਹੈ ਜਾਂ ਇਸ ਨੂੰ ਚਾਰ ਯਾਰੀ ਦੀ ਚੌਂਕੜੀ ਬਣਾਉਣ ਦੀ ਕੋਸ਼ਿਸ਼ ਤਾ ਨਹੀਂ ਕੀਤੀ।

ਸਭਾ ਦੇ ਮੈਂਬਰ ਪੰਜਾਬੀ ਦੇ ਲੇਖਕ ਹਨ ਭਾਵੇਂ ਇਸ ਵਿਚ ਕੁਝ ਗੈਰ ਜ਼ਿੰਮੇਵਾਰੀ ਦੀ ਹੱਦ ਤੱਕ ਢਿਲ ਦਿੱਤੀ ਗਈ ਹੈ ਜੋ ਕਿ ਚੋਣ ਦੇ ਠੀਕ ਹੋਣ ਵਿਚ ਮੁਸ਼ਕਲਾਂ ਪੈਦਾ ਕਰਦੀ ਹੈ। ਖੈਰ ਇਸ ਹਕੀਕਤ ਨੂੰ ਹਾਲ ਦੀ ਘੜੀ ਵਿਚ ਪ੍ਰਵਾਨ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ। ਹਰ ਲੇਖਕ ਦੀ ਕੋਈ ਨਾ ਕੋਈ ਵਿਚਾਰਧਾਰਾ ਹੁੰਦੀ ਹੈ। ਉਹ ਕਿਸੇ ਰਾਜਨੀਤਕ ਪਾਰਟੀ ਦਾ ਮੈਂਬਰ, ਹਮਦਰਦ, ਸ਼ੁਭਚਿੰਤਕ ਜਾਂ ਸਮੇਂ ਸਮੇਂ ਬਾਹਰਲੀਆਂ ਘਟਨਾਵਾਂ ਤੇ ਪ੍ਰਭਾਵਾਂ ਤੋਂ ਪ੍ਰਭਾਵਤ ਹੋ ਕੇ ਜਾਂ ਕਈ ਵਾਰ ਨਿਜੀ ਸੁਆਰਥਾਂ ਕਾਰਨ, ਵਿਚਾਰ ਬਦਲ ਵੀ ਲੈਂਦਾ ਹੈ। ਕੁਝ ਵੱਖ-ਵੱਖ ਧਰਮਾਂ ਦੇ ਵਿਚਾਰਾਂ ਨੂੰ ਕਬੂਲਦੇ ਹਨ। ਹਰ ਕੋਈ ਆਪਣੀ ਵਿਚਾਰਧਾਰਾ ਅਨੁਸਾਰ ਹੀ ਸਿਰਜਣਾ ਕਰਦਾ ਹੈ। ਇਹ ਕੋਈ ਗਲਤ ਗੱਲ ਵੀ ਨਹੀਂ ਹੈ। ਕੁਝ ਜ਼ਾਹਰਾ ਤੌਰ ਉਤੇ, ਕੁਝ ਲੁਕਵੇਂ ਰੂਪ ਵਿਚ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਬੱਝੇ ਹੁੰਦੇ ਹਨ। ਕੁਝ ਕੁ ਲਈ ਪ੍ਰਤੀਬੱਧਤਾ ਅਰਥ ਹੀਨ ਹੁੰਦੀ ਹੈ। ਇਸ ਸਭ ਦੇ ਬਾਵਜੂਦ ਲੇਖਕ ਉਹ ਹੀ ਹੈ ਜੋ ਸਿਰਜਣਾ ਦੇ ਖੇਤਰ ਵਿਚ ਲਗਾਤਾਰ ਕਿਰਿਆਸ਼ੀਲ ਹੈ। ਅੱਗੇ ਚੰਗਾ-ਮਾੜਾ ਹੋਣਾ, ਉਸ ਦੀਆਂ ਰਚਨਾਵਾਂ ਨੇ ਹੀ ਬਣਨਾ ਹੁੰਦਾ ਹੈ।

ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਖੇਤਰਾਂ ਦੇ ਪ੍ਰਭਾਵ ਹਰ ਲੇਖਕ ਨੂੰ ਪ੍ਰਭਾਵਤ ਕਰਦੇ ਹਨ। ਹਰ ਲੇਖਕ ਦੀ ਸੰਵੇਦਨਾ, ਇਹਨਾਂ ਖੇਤਰਾਂ ਨੂੰ ਪ੍ਰਕ੍ਰਿਤਕ ਅਤੇ ਹੋਰਨਾਂ ਅਲੰਕਾਰਾਂ ਤੇ ਬਿੰਬਾਂ ਨਾਲ ਆਪਣੀ ਬੋਧਿਕਤਾ ਨੂੰ ਪ੍ਰਤੀਬਿੰਬਤ ਕਰਦੀਆਂ ਹਨ। ਇਸ ਤਰ੍ਹਾਂ ਉਹ ਮੁੜ ਫਿਰ ਸਮਾਜ ਦੇ ਸਨਮੁੱਖ ਹੋ ਜਾਂਦਾ ਹੈ। ਇਸ ਲਈ ਕਿਸੇ ਲੇਖਕ ਦਾ ਕਿਸੇ ਰਾਜਸੀ ਜਾਂ ਧਾਰਮਿਕ ਵਿਚਾਰਾਂ ਨਾਲ ਜੁੜਨਾ ਮਿਹਣਾ ਨਹੀਂ ਹੈ। ਪਰ ਉਸ ਨੂੰ ਲੁਕੋਣਾ ਜਾਂ ਉਹਨਾਂ ਨਾਲ ਵਫਾ ਨਾ ਨਿਭਾਉਣਾ, ਜਰੂਰ ਉਸ ਦੇ ਵਿਅਕਤਿਤਵ ਨੂੰ ਸੱਟ ਮਾਰੇਗਾ ਤੇ ਉਸ ਦੇ ਉਪਰ ਦੂਸਰਿਆਂ ਦੇ ਭਰੋਸੇ ਨੂੰ ਡੁਲਾਵੇਗਾ।

ਜਥੇਬੰਦੀ ਦੇ ਰੂਪ ਵਿਚ ਸਭਾ ਨੇ ਦੋ ਕੰਮ ਕਰਨੇ ਹੁੰਦੇ ਹਨ। ਇਕ ਉਸ ਦੇ ਕਾਰਜ ਖੇਤਰ ਭਾਵ ਸਾਹਿਤ ਨੂੰ ਤੇ ਸਾਹਿਤਕ ਲਿਖਤਾਂ ਨੂੰ ਹੋਰ ਸਮਰਿਧ ਕਰਨ ਲਈ, ਪਾਠਕਾਂ ਵਿਚ ਲਿਜਾਣ ਲਈ ਪੁਸਤਕਾਂ, ਸਾਹਿਤਕ ਵਿਧਾਵਾ ਜਾਂ ਹੋਰ ਸੱਭਿਆਚਾਰਕ ਤੇ ਸਾਹਿਤਕ ਮਸਲਿਆਂ ਸੰਬੰਧੀ ਵਿਚਾਰ-ਚਰਚਾ ਅਤੇ ਗੋਸ਼ਟੀਆਂ ਦਾ ਪ੍ਰਬੰਧ ਕਰਨਾ। ਦੂਸਰੇ ਪੰਜਾਬੀ ਭਾਸ਼ਾ, ਪੰਜਾਬੀ ਲੇਖਕਾਂ ਅਤੇ ਸਭਿਆਚਾਰਕ ਵਿਕਾਸ ਲਈ ਸਮੇਂ ਦੀ ਸਰਕਾਰ ਨੂੰ ਘੇਰਨਾ, ਲੋੜ ਪੈਣ ਉਪਰ ਸੰਘਰਸ਼ ਦਾ ਰਾਹ ਇਖਤਿਆਰ ਕਰਨਾ ਤਾਂ ਜੋ ਆਮ ਸੰਵੇਦਨਸ਼ੀਲ ਸਾਹਿਤਕ, ਸਭਿਆਚਾਰਕ ਤੇ ਪੰਜਾਬੀ ਜਨਸਮੂਹ ਜਾਗਰਤ ਹੋ ਕੇ ਇਸ ਸੰਬੰਧੀ ਹਰਕਤ ਵਿਚ ਆਵੇ।

ਲੰਘੇ ਸਾਲਾਂ ਵਿਚ ਗੋਸ਼ਟੀਆਂ ਕਵੀ ਦਰਬਾਰ, ਕਹਾਣੀ ਦਰਬਾਰ ਆਦਿ ਆਯੋਜਤ ਕੀਤੇ ਗਏ

ਅਤੇ ਦੂਰਦਰਸ਼ਨ ਉਪਰ ਪੰਜਾਬੀ ਪ੍ਰੋਗਰਾਮ, ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਵਿਰੁੱਧ, ਅੰਗਰੇਜ਼ੀ ਦੀ ਪਹਿਲੀ ਜਮਾਤ ਤੋਂ ਪੜ੍ਹਾਈ ਵਿਰੁੱਧ ਸੰਘਰਸ਼ ਵੀ ਕੀਤੇ ਗਏ। ਪ੍ਰੰਤੂ ਇਸ ਸਭ ਦੇ ਕਰਨ ਵਿਚ ਕਈ ਨਾਖੁਸ਼ਗਵਾਰ ਗੱਲਾਂ ਵੀ ਹੋਈਆਂ। ਜਿਸ ਕਾਰਨ ਸਭਾ ਦੀਆਂ ਮੀਟਿੰਗਾਂ ਵਿਚ ਤਲਖੀ ਵੀ ਆਈ। ਉਸ ਤਲਖੀ ਦੇ ਕੋਈ ਵੀ ਨਿਜੀ ਕਾਰਨ ਨਹੀਂ ਸੀ ਭਾਵੇਂ ਕਿ ਇਸ ਨੂੰ ਪ੍ਰਬੰਧਕ ਧਿਰ ਨੇ ਭਾਵ ਪ੍ਰਧਾਨ, ਖਾਸ ਕਰਕੇ ਜਨਰਲ ਸਕੱਤਰ ਨੇ ਨਿਜੀ ਬਣਾਉਣ ਦਾ ਯਤਨ ਕੀਤਾ। ਕਿਉਂਕਿ ਉਹਨਾਂ ਆਪ ਦੀ ਗਲਤ ਧਾਰਨਾ ਜਾਂ ਕਹੋ ਕਿ ਲੁਕਵੇਂ ਸੁਆਰਥਾਂ ਨੂੰ ਮੁਖ ਰਖਦਿਆਂ ਸਭਾ ਦੇ ਸੰਘ ਵਿਚ ਉਤਾਰਨ ਦਾ ਯਤਨ ਕੀਤਾ। ਅਸ਼ਲ ਵਿਚ ਪ੍ਰਧਾਨ ਦੀ ਜਥੇਬੰਦਕ ਨਾਤਜਰਬਾਕਾਰੀ ਦਾ ਲਾਭ ਉਠਾਉਂਦਿਆਂ ਜਨਰਲ ਸਕੱਤਰ ਨੇ ਵਧੇਰੇ ਕਰਕੇ ਮਨਮਰਜ਼ੀ ਹੀ ਕੀਤੀ। ਭਾਵੇਂ ਕਿ ਉਹਨਾਂ ਇਕ ਮੀਟਿੰਗ ਵਿਚ ਪ੍ਰਧਾਨ ਤੇ ਜ. ਸਕੱਤਰ ਦੇ ਰਿਸ਼ਤੇ ਦੀ ਪਤੀ-ਪਤਨੀ ਦੇ ਰਿਸ਼ਤੇ ਨਾਲ ਤੁਲਨਾ ਕੀਤੀ ਸੀ ਜੋ ਕਿ ਮੂਲੋਂ ਹੀ ਗਲਤ ਸੀ। ਪ੍ਰੰਤੂ ਅਮਲ ਵਿਚ ਉਸ ਨੇ ਇਸ ਤੋਂ ਉਲਟ ਅਮਲ ਕੀਤੇ ਜਾਂ ਕਹੋ ਪਤੀ ਮਿੱਟੀ ਦਾ ਮਾਧੋ ਹੀ ਸਿੱਧ ਹੋਇਆ। ਜਿਸ ਦੇ ਕਾਰਨ ਉਸ ਦਾ ਦੋ ਸਾਲਾਂ ਦਾ ਪ੍ਰਧਾਨ ਦੇ ਤੌਰ ਤੇ ਰੋਲ ਜ਼ੀਰੋ ਹੀ ਬਣ ਕੇ ਰਹਿ ਗਿਆ। ਉਸ ਦਾ ਦੋ ਸਾਲ ਦਾ ਸਮਾਂ ਖਤਮ ਹੋਣ ਨਾਲ, ਆਸ ਹੈ ਸਭਾ, ਅਗਲੇ ਸਮੇਂ ਲਈ ਕਿਸੇ ਚੰਗੇ ਪ੍ਰਧਾਨ ਤੇ ਜ. ਸਕੱਤਰ ਤੇ ਸਮੁੱਚੀ ਟੀਮ ਦੀ ਚੋਣ ਕਰੇਗੀ।

ਮਲੇਰ ਕੋਟਲੇ ਵਿਚ ਦੇ ਕਵਿਤਾ ਉਤਸਵ ਵਿਚ ਸਮਾਗਮਾਂ ਦੀ ਪ੍ਰਧਾਨਗੀ ਕਰਨ ਲਈ ਇਕ ਮੰਤਰੀ ਦਾ ਪੀ.ਏ., ਇਕ ਹਾਰਿਆ ਹੋਇਆ ਅਕਾਲੀ ਉਮੀਦਵਾਰ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੂੰ ਸੱਦਿਆ ਗਿਆ! ਦੋਵੇਂ ਰਾਜਨੀਤਿਕ ਵਿਅਕਤੀ ਸਾਹਿਤ ਤੇ ਸਭਿਆਚਾਰ ਬਾਰੇ ਤਾਂ ਭਾਵੇਂ ਕੱਖ ਨਹੀਂ ਜਾਣਦੇ ਸੀ ਪ੍ਰੰਤੂ ਉਹਨਾਂ ਨੂੰ ਸਟੇਜ ਤੇ ਚਾੜ੍ਹਨ ਦੀ ਚਾਪਲੂਸੀ ਕਰਨਾ, ਕਿਵੇਂ ਵੀ ਉਚਿਤ ਨਹੀਂ ਸੀ। ਫਿਰ ਇਹ ਉਸ ਰਾਜਨੀਤਿਕ ਪਾਰਟੀ ਨਾਲ ਸੰਬੰਧਿਤ ਸਨ ਜਿਸ ਨੇ ਅੰਗਰੇਜ਼ੀ ਨੂੰ ਪਹਿਲੀ ਜਮਾਤ ਤੋਂ ਲਾਗੂ ਕਰਨ ਦਾ ਗੈਰ ਵਿਗਿਆਨਕ ਕੰਮ ਕੀਤਾ ਜੋ ਕਿ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ। ਇਹ ਉਸ ਸਰਕਾਰੀ ਪਾਰਟੀ ਨਾਲ ਸੰਬੰਧਤ ਸੀ ਜਿਸ ਦੇ ਮੁਖ ਮੰਤਰੀ ਨੇ ਜ. ਸਕੱਤਰ ਤੇ ਪਿਛਲੀ ਟਰਮ ਦੇ ਪ੍ਰਧਾਨ ਦੀ ਸਭਾ ਲਈ ਦਫਤਰ ਪ੍ਰਾਪਤ ਕਰਨ ਦੇ ਯਤਨ ਦੀ ਖਿ[illegible] ਤੇੜਾਈ। ਜਿਥੋਂ ਤੱਕ ਭਾਸ਼ਾ ਵਿਭਾਗ ਦੇ ਡਾਇਰੈਕਟਰ ਦਾ ਸੰਬੰਧ ਹੈ ਇਹ ਉਹ ਹੀ ਵਿਅਕਤੀ ਸ[illegible] ਜਨ੍ਹਾਂ ਉਪਰ ਅਨੁਵਾਦ ਕਰਨ ਵਿਚ ਲੱਖਾਂ ਦੇ ਘਾਲੇ-ਮਾਲੇ ਦੇ ਦੋਸ਼ ਲੱਗੇ ਤੇ ਜਿਨ੍ਹਾਂ ਦੋਸ਼ਾਂ ਦੀ ਪੜਤਾਲ ਕਰਨ ਦੀ ਮੰਗ ਕਰਨ ਦੀ ਥਾਂ ਪ੍ਰਧਾਨ ਤੇ ਸਕੱਤਰ ਨੇ ਉਸ ਦੀ ਸਫਾਈ ਵਿਚ ਦੋਸ਼ ਮੁਕਤੀ ਦਾ ਸਰਟੀਫਿਕੇਟ ਦੇਣ ਵਾਲਾ ਬਿਆਨ ਦਿੱਤਾ।

ਜਲੰਧਰ ਦੂਰਦਰਸ਼ਨ ਦੀ ਪੰਜਾਬੀ ਭਾਸ਼ਾ ਨੂੰ ਅਣਡਿੱਠ ਕਰਨ ਅਤੇ ਇਸ ਨੂੰ ਪੂਰਾ ਪੰਜਾਬੀ ਕੇਂਦਰ ਬਣਾਉਣ ਤੋਂ ਇਨਕਾਰ ਕਰਨ ਵਿਰੁੱਧ ਕੇ. ਸਭਾ ਵਲੋਂ ਸੰਘਰਸ਼ ਕਰਨ ਦੇ ਰਾਹ ਵਿਚ ਜਨਰਲ ਸਕੱਤਰ ਤੇ ਉਸ ਦੀ ਟੀਮ ਦੇ ਕੁਝ ਮੈਂਬਰਾਂ ਦੀ ਵਧੇਰੇ ਨੇੜਤਾ ਦੇ ਕਾਰਨ ਰੋਕਣ ਦੀ ਪੂਰੀ ਵਾਹ ਲਾਈ ਗਈ। ਫਿਰ ਵੀ ਕਈ ਮਹੀਨੇ ਧਰਨਾ ਲਾਉਣ ਨੂੰ ਲਮਕਾਇਆ ਗਿਆ। ਬਹਾਨਾ ਇਹ ਕਿ ਦੂਰਦਰਸ਼ਨ ਦੇ ਡਾਇਰੈਕਟਰ ਨਾਲ ਗੱਲਬਾਤ ਜਾਰੀ ਰੱਖੋ। ਜਦੋਂ ਕਿ ਡਾਇਰੈਕਟਰ ਇਸ ਵਿਚ ਕੁਝ ਵੀ ਕਰਨ ਦੇ ਸਮਰੱਥ ਨਹੀਂ ਹੈ। ਉਹ ਤਾਂ ਇਕ ਮੁਲਾਜ਼ਮ ਹੈ। ਦੂਰਦਰਸ਼ਨ ਦੀ ਨੀਤੀ ਲਈ ਤਾਂ ਕੇਂਦਰੀ ਸਰਕਾਰ ਜ਼ਿੰਮੇਵਾਰ ਹੈ ਜਿਸ ਦੀ ਭਾਈਵਾਲ ਅਕਾਲੀ ਸਰਕਾਰ ਹੈ, ਜੋ ਕਿ ਪੰਜਾਬੀ ਦੇ ਵਿਕਾਸ ਲਈ ਵੀ ਨਹੀਂ ਖਲੋਂਦੀ। ਕੇਂਦਰ ਵਿਚ ਦੀ ਭਾਜਪਾ ਸਰਕਾਰ ਦੇਸ਼ ਦੇ ਸਭਿਆਚਾਰ ਦੇ ਭਗਵੇਂਕਰਨ ਲਈ ਸਿਰ ਭਾਰ ਹੋਈ ਫਿਰਦੀ ਹੈ।

ਸਾਨੂੰ ਚਿਰਾਗ ਗਰੁਪ ਨੂੰ ਇਹ ਫ਼ਖ਼ਰ ਹੈ ਕਿ ਅਸੀਂ ਸਭਾ ਵਿਚ ਵਿਰੋਧੀ ਧਿਰ ਦਾ ਰੋਲ ਪੂਰੀ



ਜ਼ਿੰਮੇਵਾਰੀ ਨਾਲ ਨਿਭਾਇਆ ਹੈ। ਸ਼ਾਇਦ ਸਾਡੇ ਉਪਰ ਪ੍ਰਬੰਧਕੀ ਧਿਰ ਦਾ ਇਹੋ ਹੀ ਗੁੱਸਾ ਹੈ ਕਿ ਅਸੀਂ ਸੰਘਰਸ਼ਾਂ ਅਤੇ ਸਭਾ ਦੇ ਉਦੇਸ਼ਾਂ ਦੀ ਰਾਖੀ ਲਈ ਕਿਉਂ ਖਲੋਂਦੇ ਹਾਂ। ਸਾਡੀ ਵਿਗਿਆਨਕ ਵਿਚਾਰਧਾਰਾ ਸਾਨੂੰ ਇਹੋ ਹੀ ਪ੍ਰੇਰਨਾ ਦਿੰਦੀ ਹੈ। ਅਸੀਂ ਜਿਸ ਰਾਜਨੀਤਕ ਪ੍ਰੋਗਰਾਮ ਨਾਲ ਖੜੇ ਹਾਂ ਉਹ ਲੋਕ ਭਾਸ਼ਾਵਾਂ, ਸਭਿਆਚਾਰ, ਹਰ ਇਕ ਲਈ ਵਿਦਿਆ ਆਦਿ ਦੇ ਵਿਕਾਸ ਲਈ ਪ੍ਰਤੀਬੱਧ ਹੈ। ਅਸੀਂ ਹਾਕਮਾਂ ਦੇ ਖਾਸੇ ਤੋਂ ਭਲੀ ਭਾਂਤ ਜਾਣੂ ਹਾਂ। ਇਸ ਲਈ ਅਸੀਂ ਉਹਨਾਂ ਨਾਲ ਅਤੇ ਉਹਨਾਂ ਨਾਲ ਨਰਮੀ ਵਰਤਣ ਵਾਲਿਆਂ ਲਈ ਲਿਹਾਜ਼ਦਾਰੀ ਨਹੀਂ ਕਰ ਸਕਦੇ।

ਇਥੇ ਇਕ ਹੋਰ ਗੱਲ ਦੀ ਚਰਚਾ ਵੀ ਕਰ ਲੈਣੀ ਜ਼ਰੂਰੀ ਜਾਪਦੀ ਹੈ। ਉਹ ਇਹ ਕਿ ਮੌਜੂਦਾ ਸਭਾ ਦੇ ਪ੍ਰਬੰਧਕਾਂ ਦੀ ਟੀਮ ਚੁਣਨ ਸਮੇਂ ਅਸੀਂ ਸਰਬ ਸੰਮਤੀ ਲਈ ਸਹਿਯੋਗ ਕੀਤਾ। ਪ੍ਰੰਤੂ ਇਹਨਾਂ ਕਾਰਜਕਾਰਨੀ ਦੇ ਗਠਣ ਵਿਚ ਜਿਸ ਟੀਮ ਦੀ ਚੋਣ ਕਰਨੀ ਸੀ ਉਸ ਵਿਚ ਸਾਡੇ ਸੱਤ ਮੈਂਬਰਾਂ ਨੂੰ ਨਾਮਜ਼ਦ ਕਰਨਾ ਮੰਨਿਆ ਸੀ। ਪ੍ਰੰਤੂ ਸਾਡੇ ਵਲੋਂ ਦਿੱਤੇ ਨਾਵਾਂ ਵਿਚੋਂ ਸਿਰਫ ਦੋ ਹੀ ਲਏ ਗਏ। ਇਹ ਪਹਿਲੀ ਵਾਅਦਾ ਸ਼ਿਕਨੀ ਸੀ। ਇਹ ਨਾਦਿਆਨਤਦਾਰੀ ਤੇ ਬੇਵਫਾਈ ਦਾ ਪਹਿਲਾ ਸਬੂਤ ਸੀ। ਇਥੇ ਸਵਾਲ ਉਠ ਸਕਦਾ ਹੈ ਕਿ ਅਸੀਂ ਅਹੁਦਿਆਂ ਦੇ ਭੁੱਖੇ ਸੀ ? ਅਜਿਹੀ ਕੋਈ ਗੱਲ ਨਹੀਂ ਸਗੋਂ ਇਸ ਵਿਚ ਮੁੱਖ ਕਾਰਨ ਇਹ ਸੀ ਕਿ ਸਾਡੇ ਟੀਮ ਲਈ ਦਿੱਤੇ ਵਿਅਕਤੀ ਨਾ ਸਰਕਾਰ ਦੀ ਚਾਪਲੂਸੀ ਕਰਨ ਵਾਲੇ ਸਨ ਨਾ ਹੀ ਅਹੁਦਿਆਂ ਦੀ ਦੁਰਵਰਤੋਂ ਕਰਕੇ ਸਰਕਾਰ ਤੋਂ ਕੁਝ ਪ੍ਰਾਪਤ ਕਰਨ ਵਾਲੇ ਸਨ ਸਗੋਂ ਸੰਘਰਸ਼ਾਂ ਲਈ ਖਲੋਣ ਵਾਲੇ ਸਨ। ਇਹਨਾਂ ਵਲੋਂ ਦੂਰਦਰਸ਼ਨ ਨੂੰ ਮਿਲਣੀ ਸਮੇਂ ਸਾਡੀ ਇਹਨਾਂ ਸ਼ਬਦਾਂ ਨਾਲ 'ਪ੍ਰਸੰਸਾ' ਕੀਤੀ ਕਿ ਅਸੀਂ ਤਾਂ ਮੰਨਦੇ ਹਾਂ ਪਰ ਸਾਡੇ ਵਿਚ ਦੋ ਵਿਅਕਤੀ ਨਹੀਂ ਮੰਨਦੇ। ਇਹਨਾਂ ਸਾਡੇ ਰੱਦ ਕੀਤੇ ਪੰਜ ਮੈਂਬਰਾਂ ਦੀ ਥਾਂ ਉਤੇ ਅਤੇ ਆਪਦੇ ਵਲੋਂ ਪਾਏ ਸਤਾਰਾਂ ਮੈਂਬਰਾਂ ਵਿਚੋਂ ਇਕ ਦੋ ਨੂੰ ਛੱਡ ਕੇ, ਉਹ ਵੀ ਦੋ ਕੁ ਮੀਟਿੰਗ ਵਿਚ ਆਏ। ਬਾਕੀਆਂ ਦਾ ਦੋ ਸਾਲ ਕਿਸੇ ਸਭਾ ਦੀ ਮੀਟਿੰਗ ਵਿਚ ਮੂੰਹ ਤੱਕ ਨਹੀਂ ਦੇਖਿਆ। ਅਸੀਂ ਆਪਣੇ ਸਹਿਯੋਗ ਸਾਮਰਾਜੀ ਉਪਭੋਗਤਾ ਵਾਲੇ ਸੱਭਿਆਚਾਰ ਅਤੇ ਭਗਵੇਂ ਸਭਿਆਚਾਰਕ ਹਮਲਿਆਂ ਵਿਰੁੱਧ ਵਿਗਿਆਨਕ, ਧਰਮ ਨਿਰਪੱਖ, ਜਮਹੂਰੀ ਅਤੇ ਦੇਸ਼ ਭਗਤਕ ਲੋਕ ਸਭਿਆਚਾਰ ਲਈ ਸਹਿਮਤੀ ਲਈ ਹੀ ਖਲੋਣ ਦਾ ਅਹਿਦ ਲਿਆ ਸੀ। ਜਿਸ ਨੂੰ ਸ੍ਰੀ ਐਸ. ਤਰਸੇਮ, ਕੰਵਰ, ਡਾ. ਸਰਬਜੀਤ ਸਿੰਘ ਆਦਿ ਨਾਲ ਵਿਸਤਾਰ ਵਿਚ ਵਿਚਾਰਾਂ ਕੀਤੀਆਂ ਸਨ ਜਿਸ ਨੂੰ ਇਹਨਾਂ ਤਿਲਾਂਜਲੀ ਦੇ ਦਿੱਤੀ। ਹੁਣ ਅਸੀਂ ਵਿਸ਼ਾਲ ਲੇਖਕ ਜਨ ਸਮੂਹ ਨੂੰ ਅਜਿਹੇ ਸਭਿਆਚਾਰ ਨੂੰ ਅੱਗੇ ਲਿਜਾਣ ਵਾਲੀ ਟੀਮ ਚੁਣਨ ਲਈ ਸਹਿਯੋਗ ਲਈ ਅਪੀਲ ਕਰਦੇ ਹਾਂ।

ਅਸੀਂ ਅੱਜ ਫਿਰ ਇਹ ਦ੍ਰਿੜਤਾ ਨਾਲ ਕੇ ਪੰ. ਲੇਖਕ ਸਭਾ ਦੇ ਮੈਂਬਰਾਂ ਨੂੰ ਯਕੀਨ ਦਵਾਉਣਾ ਚਾਹੁੰਦਾ ਹਾਂ ਕਿ ਅਸੀਂ ਸਭਾ ਦੇ ਉਦੇਸ਼ਾਂ ਨੂੰ ਕਦੇ ਵੀ ਪਿੱਛੇ ਨਹੀਂ ਕਰਾਂਗੇ। ਅਸੀਂ ਸਰਕਾਰ ਦੇ ਝੋਲੀ ਚੁੱਕ ਨਹੀਂ ਬਣਾਂਗੇ। ਅਸੀਂ ਨਾਲ ਹੀ ਇਕ ਹੋਰ ਚੇਤਾਵਨੀ ਵੀ ਦੇਣੀ ਚਾਹੁੰਦੇ ਹਾਂ ਕਿ ਮੌਜੂਦਾ ਸਭਾ ਦੀ ਪ੍ਰਬੰਧਕੀ ਧਿਰ, ਜਿਸ ਦੀ ਪ੍ਰਤੀਬੱਧਤਾ ਜਿਸ ਰਾਜਸੀ ਪਾਰਟੀ ਭਾਵ ਸੀ.ਪੀ.ਆਈ. ਨਾਲ ਹੈ ਉਹ ਆਉਣ ਵਾਲੀਆਂ ਚੋਣਾਂ ਵਿਚ ਕਾਂਗਰਸ ਨਾਲ ਹੱਥ ਮਿਲਾਉਣ ਦਾ ਐਲਾਨ ਕਰ ਚੁੱਕੀ ਹੈ। ਜਿਵੇਂ ਕਿ ਪਤਾ ਹੀ ਹੈ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ, ਦੂਰਦਰਸ਼ਨ, ਵਿਦਿਆ ਆਦਿ ਲਈ ਕਾਂਗਰਸੀ ਹਾਕਮ ਉਨੇ ਹੀ, ਸਗੋਂ ਵੱਧ ਜ਼ਿੰਮੇਵਾਰ ਹਨ ਜਿੰਨੇ ਕਿ ਮੌਜੂਦਾ ਅਕਾਲੀ ਸਰਕਾਰ। ਸੋ ਅਸੀਂ ਅਦਾਰਾ ਚਿਰਾਗ ਵਲੋਂ ਇਹ ਅਪੀਲ ਕਰਨੀ ਚਾਹੁੰਦੇ ਹਾਂ ਕਿ ਆਉਂਦੀਆਂ ਲੇਖਕ ਸਭਾ ਦੀਆਂ ਚੋਣਾਂ ਵਿਚ ਮੌਜੂਦਾ ਪ੍ਰਬੰਧਕਾਂ ਨੂੰ ਉਹਨਾਂ ਦੇ ਸਭਾ ਦੇ ਉਦੇਸ਼ਾਂ ਨਾਲ ਕੀਤੀ ਬੇਮੁੱਖਤਾ ਨੂੰ ਮੁਆਫ ਨਹੀਂ ਕਰਨਗੇ ਅਤੇ ਅਸੀਂ ਇਸ ਕੋਸ਼ਿਸ਼ ਵਿਚ ਹਾਂ ਕਿ ਅਸੀਂ ਸਭਾ ਲਈ ਇਕ ਚੰਗੀ ਟੀਮ ਨੂੰ ਚੋਣਾਂ ਵਿਚ ਅੱਗੇ ਲਿਆ ਸਕੀਏ।

## 2. ਅਮਰੀਕਾ ਅਤੇ ਦਹਿਸ਼ਤਗਰਦੀ ਹਮਲੇ

ਸਾਮਰਾਜੀ ਅਮਰੀਕਾ, ਜੋ ਕਿ ਅੱਜ ਦੀ ਇਕੋ ਇਕ ਮਹਾਂਸ਼ਕਤੀ ਮੰਨੀ ਜਾਂਦੀ ਹੈ, ਦੇ ਆਰਥਕ ਕੇਂਦਰ ਨਿਊਯਾਰਕ ਅਤੇ ਫੌਜੀ ਹੈੱਡਕੁਆਟਰ ਪੈਂਟਾਗਨ, ਰਾਜਧਾਨੀ ਵਾਸ਼ਿੰਗਟਨ ਵਿਚ 11 ਸਤੰਬਰ 2001 ਕੀਤੇ ਆਤਮਘਾਤੀ ਦਹਿਸ਼ਤਗਰਦ ਹਮਲੇ ਨਾਲ ਹਜ਼ਾਰਾਂ ਬੇਗੁਨਾਹ ਲੋਕ ਮਾਰੇ ਗਏ ਹਨ। ਜਿਨ੍ਹਾ ਦਾ ਕੋਈ ਕਸੂਰ ਨਹੀਂ ਸੀ। ਨਿਰਸੰਦੇਹ, ਇਹ ਅਤਿਵਾਦੀ ਭਿਆਨਕ ਕਾਰਾ ਇਕ ਤਰ੍ਹਾਂ ਅਮਰੀਕਾ ਦੀ ਬਦੇਸ਼ਨੀਤੀ ਦੇ ਪ੍ਰਤੀਕਰਮ ਵਜੋਂ ਹੀ ਅਮਲ ਵਿਚ ਆਇਆ ਮੰਨਿਆ ਗਿਆ ਹੈ। ਇਸ ਦੀ ਫਿਰ ਵੀ ਨਿਖੇਧੀ ਕੀਤੀ ਹੀ ਜਾਣੀ ਚਾਹੀਦੀ ਹੈ।

ਪਿਛਲੀ ਸਦੀ ਵਿਚ ਦੂਜੀ ਸੰਸਾਰ ਜੰਗ ਪਿਛੋਂ ਅਮਰੀਕਾ ਦੀ ਧੌਂਸਵਾਦੀ, ਜੰਗਜੂ ਤੇ ਸਾਜਸ਼ੀ ਬਦੇਸ਼ ਨੀਤੀ ਦੇ ਕਾਰਨ ਸਾਰੇ ਸੰਸਾਰ ਵਿਚ ਅਨੇਕਾਂ ਰਾਜ ਪਲਟੇ ਕੀਤੇ ਕਰਾਏ ਗਏ ਅਤੇ ਜਮਹੂਰੀ ਢੰਗ ਨਾਲ ਚੁਣੀਆਂ ਸਰਕਾਰਾਂ ਵਿਰੁੱਧ ਸਾਜ਼ਸ਼ਾਂ ਰਚੀਆਂ ਗਈਆਂ। ਜਿਨ੍ਹਾਂ ਵਿਚ ਲੱਖਾਂ ਲੋਕਾਂ ਦਾ ਲਹੂ ਡੁਲ੍ਹਿਆ। ਇੰਡੋਨੇਸ਼ੀਆ, ਫਿਲਪਾਈਨ, ਡੂਮੀਨੀਕਨ ਰੀਪਬਲਿਕ ਕਾਂਗੋ, ਗਰਨੇਡਾ, ਪਾਨਾਮਾ, ਚਿਲੀ ਆਦਿ ਉਦਾਹਰਨਾਂ ਹਨ। ਵੀਅਤਨਾਮ ਬਾਰੇ ਤਾਂ ਕਿਸ ਨੂੰ ਪਤਾ ਨਹੀਂ ਹੈ। ਅਮਰੀਕਨ ਸੀ.ਆਈ.ਏ. ਵਲੋਂ ਅਨੇਕਾਂ ਦਹਿਸ਼ਦ ਗਰਦ ਸੰਗਠਨਾਂ ਨੂੰ ਟਰੇਨਿੰਗ ਦਿੱਤੀ ਗਈ। ਤਾਲੇਬਾਨ ਉਹਨਾਂ ਵਿਚੋਂ ਇਕ ਸੀ। ਹੋਰ ਤਾਂ ਹੋਰ ਉਸਾਮਾ-ਬਿਨ-ਲਾਦੇਨ ਵੀ.ਸੀ.ਆਈ.ਏ. ਹੀ ਸੀ। ਗੁਰੂ ਨਾਨਕ ਠੀਕ ਹੀ ਕਹਿੰਦੇ ਹਨ, "ਮੰਦੇ ਕੰਮੀ ਨਾਨਕਾ ਜਦ ਕਦ ਮੰਦਾ ਹੋਏ।" ਇਕ ਸ਼ਿਅਰ ਹੈ, "ਤੇਰੇ ਤੱਥਾਂ ਪੈਰਾਂ ਨੂੰ ਪਾੜੇਗਾ, ਵਿਹੜੇ ਲਾਇਆ ਬੋਹਰ ਜੋ ਹੰਕਾਰ ਦਾ।"

ਅੱਜ ਦੀ ਦੁਨੀਆਂ ਪਿਛਲੇ ਪੰਜਾਹ ਸਾਲਾਂ ਵਾਲੀ ਦੁਨੀਆਂ ਨਹੀਂ ਹੈ। ਵਿਗਿਆਨਕ ਵਿਕਾਸ ਦੇ ...ਨ, ਸੰਚਾਰ ਅਤੇ ਪ੍ਰਸਾਰ ਦੇ ਖੇਤਰ ਵਿਚ ਹੈਰਾਨਕੁੰਨ ਪ੍ਰਾਪਤੀਆਂ ਹੋਈਆਂ ਹਨ। ਦਹਿਸ਼ਤਗਰਦਾਂ ... ਇਸ ਦੀ ...ਰਤੋਂ ਕਰਕੇ ਵਧੇਰੇ ਵਿਉਂਤਬੱਧ ਤਰੀਕੇ ਨਾਲ ਕਾਰਵਾਈਆਂ ਕੀਤੀਆਂ ਜਾਂਦੀਆਂ ...। ਚਾਰ ਜਹਾਜ਼ਾਂ ਦਾ ਅਗਵਾ ਹੋਣਾ, ਇਸ ਨਾਲ ਹੀ ਸੰਭਵ ਹੋਇਆ ਹੈ। ਮਾਰੂ ਹਥਿਆਰ ਖਾਸ ...ਕੇ ਘਾਤਕ ਕੈਮੀਕਲੀ ਜਿਰਮਾਂ ਵਾਲੇ ਹਥਿਆਰ ਮਨੁੱਖੀ ਨਸਲ ਲਈ ਖਤਰਾ ਪੈਦਾ ਕਰਦੇ ਹਨ। ...ੇਵਾਦੀ ਪ੍ਰਬੰਧ ਦੁਨੀਆਂ ਦੇ ਕੁਝ ਅਨੈਤਿਕ, ਘਾਤਕ, ਗੈਰ ਜਮਹੂਰੀ, ਅਸਭਿਅਕ ਆਦਿ ਕੁਕਰਮਾਂ ...ਜਨਮ ਦੇਣ ਵਾਲਾ ਹੈ। ਸੋਵੀਅਤ ਯੂ. ਦੇ ਵਿਖਰਾਵ ਤੋਂ ਪਿਛੋਂ ਮਾਫੀਆ ਗਰੋਹ, ਲੁੱਟਾਂ, ਕਤਲ ...ਗਾਲੇ, ਬਲਾਤਕਾਰੀ, ਚੋਰੀਆਂ ਬੇਰੁਜ਼ਗਾਰੀ, ਅੰਧ ਵਿਸ਼ਵਾਸਾਂ ਆਦਿ ਦੀ ਜਿਵੇਂ ਹਨੇਰੀ ਹੀ ਆ ...ੀ ਹੋਵੇ, ਜਿਸ ਬਾਰੇ ਸੋਵੀਅਤ ਲੋਕ ਉੱਕਾ ਹੀ ਅਣਜਾਣ ਸਨ।

ਤਾਲਿਬਾਨਾਂ ਅਤੇ ਉਹਨਾਂ ਦੇ ਲੀਡਰਾਂ ਉਪਰ ਅਤੇ ਲਾਦੇਨ ਨੇ ਅਮਰੀਕਾ ਦੀ, ਮੁਸਲਮ ਦੇਸ਼ਾਂ ਵਿਰੁੱਧ ਅਤੇ ਇਸਰਾਈਲ ਪੱਖੀ ਆਖੇ ਜਾਂਦੇ ਜ਼ੁਲਮਾਂ ਵਿਰੁੱਧ ਸਤੰਬਰ ਦਾ ਕਾਰਾ ਕੀਤਾ, ਜੋ ਕਿ ਬਦਲੇ ਵਾਲੀ ਕਾਰਵਾਈ ਵਜੋਂ ਕਿਹਾ ਗਿਆ। ਇਸ ਦੇ ਵਿਰੁੱਧ 7 ਅਕਤੂਬਰ ਤੋਂ ਅਫ਼ਗਾਨਾਂ ਉਪਰ ਅਰੰਭੇ ਅਮਰੀਕੀ ਤੇ ਬਰਤਾਨਵੀ ਹਵਾਈ ਹਮਲਿਆਂ ਦੇ ਕਾਰਨ ਲੱਖਾਂ ਅਫਗਾਨ ਲੋਕ ਬੇਘਰ ਹੋ ਗਏ ਅਤੇ ਅਨੇਕਾਂ ਲੋਕ ਰੋਜ਼ ਮਾਰੇ ਜਾ ਰਹੇ ਹਨ। ਦੋਸ਼ੀ ਅਮਰੀਕਨ ਸਰਕਾਰ, ਸਜ਼ਾ ਵਪਾਰ ਕੇਂਦਰ ਵਿਚ ਕੰਮ ਕਰਨ ਵਾਲੇ ਲੋਕਾਂ ਨੂੰ, ਦੋਸ਼ੀ ਤਾਲਿਬਾਨ ਤੇ ਲਾਦੇਨ ਦੀ ਸਜ਼ਾ ਅਫਗਾਨ ਲੋਕਾਂ ਨੂੰ। ਇਹ ਕਿਸ ਤਰ੍ਹਾਂ ਦਾ ਇੱਕਵੀਂ ਸਦੀ ਦੇ ਵਿਚ ਪ੍ਰਵੇਸ਼ ਕਰਨ ਦਾ ਜਮਹੂਰੀ ਤੇ ਉਜਲੇ ਭਵਿੱਖ ਦਾ ਸ਼ਗਨ ਹੋਇਆ ਹੈ।

ਅਮਰੀਕੀ ਸਾਮਰਾਜ ਵਿਸ਼ਵ ਪੱਧਰ ਉਪਰ ਆਪੇ ਪੈਦਾ ਕੀਤੀ ਦਹਿਸ਼ਤ-ਗਰਦੀ ਨੂੰ ਜੜੋਂ ਪੁੱਟਣ ਦੇ ਸੱਦੇ ਦੇ ਰਿਹਾ ਹੈ। ਇਸ ਦੀ ਲਗਭਗ ਸਾਰੀ ਦੁਨੀਆਂ ਨੇ ਹੀ ਨਿਖੇਧੀ ਕੀਤੀ ਹੈ। ਪ੍ਰੰਤੂ ਕੀ ਦਹਿਸ਼ਤਗਰਦੀ ਨੂੰ ਜੜੋਂ ਪੁੱਟ ਸਕਣਾ ਸੰਭਵ ਹੈ ? ਇਸ ਨੂੰ ਖਤਮ ਕਰਨਾ ਤਦ ਹੀ ਸੰਭਵ ਹੋ ਸਕਦਾ ਜੇਕਰ ਇਸ ਨੂੰ ਪੈਦਾ ਕਰਨ ਵਾਲੇ ਕਾਰਕਾਂ ਨੂੰ ਦੂਰ ਕੀਤਾ ਜਾ ਸਕੇ। ਇਹ ਅੱਜ ਦੀ ਦੁਨੀਆਂ ਵਿਚ



ਮਨੁੱਖੀ ਨਸਲ ਦੇ ਵਿਕਾਸ ਨੂੰ ਮੁਖ ਉਦੇਸ਼ ਬਣਾ ਕੇ ਹੀ ਕੀਤਾ ਜਾਣਾ ਸੰਭਵ ਹੈ। ਇਸ ਵਿਕਾਸ ਦੇ ਰਾਹ ਵਿਚ ਆਉਂਦੇ ਸਾਰੇ ਅੜਿੱਕਿਆਂ ਨੂੰ ਦੂਰ ਕਰਕੇ ਹੀ ਹੋ ਸਕਦਾ ਹੈ। ਕੌਮਾਂਤਰੀ ਪੱਧਰ ਉਪਰ ਇਨਸਾਫ ਗਿਆਨ ਅਤੇ ਪੂੰਜੀ ਦੀ ਬਰਾਬਰ ਵੰਡ, ਗਰੀਬ ਦੇਸ਼ਾਂ ਨੂੰ ਵਿਕਸਤ ਹੋਣ ਲਈ ਸਾਰੀਆਂ ਸਹੂਲਤਾਂ ਤੇ ਵਿਗਿਆਨਕ ਟੈਕਨਾਲੋਜੀ ਗਿਆਨ ਦੇਣ ਨੂੰ ਯਕੀਨੀ ਬਣਾਉਣ, ਮਨੁੱਖੀ ਲੋੜ ਦੀਆਂ ਸਾਰੀਆਂ ਵਸਤਾਂ ਲਾਗਤ ਮੁੱਲ ਉਪਰ ਦੇਣ ਜਿਵੇਂ ਦੁਆਈ, ਉੱਚੀ ਵਿਦਿਆ ਆਦਿ। ਕੀ ਦਹਿਸ਼ਤ ਗਰਦੀ ਖਤਮ ਕਰਨ ਤੋਂ ਪਹਿਲਾਂ ਗਰੀਬੀ, ਅਨਪੜ੍ਹਤਾ ਦਾ ਖਾਤਮਾ ਜਰੂਰੀ ਨਹੀਂ ਹੈ ? ਇਹ ਸਾਰਾ ਕੁਝ ਜਿਸ ਅਦਾਰੇ ਦੁਆਰਾ ਕੀਤਾ ਜਾਣਾ ਚਾਹੀਦਾ ਹੈ, ਭਾਵ ਯੂ. ਐਨ. ਓ. ਉਸ ਨੂੰ ਤਾਂ ਅਮਰੀਕਾ ਕੁਝ ਸਮਝ ਹੀ ਨਹੀਂ ਰਿਹਾ। ਉਸ ਦੇ ਲਈ ਉਸ ਵਲੋਂ ਦਿੱਤੀ ਜਾਣ ਵਾਲੀ ਸਹਾਇਤਾ ਦੇ ਅਰਬਾਂ ਡਾਲਰਾਂ ਦੇ ਬਕਾਏ ਅਮਰੀਕਾ ਦੇ ਸਿਰ ਖੜੇ ਹਨ। ਹੋਰ ਤਾਂ ਹੋਰ ਅਫਗਾਨਿਸਤਾਨ ਉਪਰ ਹਮਲੇ ਲਈ ਉਸ ਨੂੰ ਬੇਰਾਂ ਵੱਟੇ ਵੀ ਪੁੱਛਿਆ ਤੱਕ ਨਹੀਂ ਹੈ। ਕੀ ਦਹਿਸ਼ਤਗਰਦੀ ਦੇ ਖਾਤਮੇ ਦਾ ਜਨੂੰਨ ਅਮਰੀਕੀ ਸਾਮਰਾਜ ਨੂੰ ਇਸ ਲਈ ਚੜ੍ਹਿਆ ਹੈ ਕਿ ਉਸ ਦਾ ਇਸ ਨੂੰ ਹੁਣ ਸੇਕ ਲੱਗਿਆ ਹੈ।

ਜਿਥੋਂ ਤੱਕ ਭਾਰਤ ਦੀ ਭਾਜਪਾ ਅਗਵਾਈ ਵਾਲੀ ਸਰਕਾਰ ਦਾ ਸੰਬੰਧ ਹੈ, ਉਸ ਨੇ ਅਮਰੀਕਾ ਦੀ ਬਿਨਾਂ ਸ਼ਰਤ ਦਹਿਸ਼ਤਗਰਦ ਵਿਰੋਧੀ ਮੁਹਿੰਮ ਵਿਚ, ਸਭ ਤੋਂ ਪਹਿਲਾਂ ਸਹਿਯੋਗ ਲਈ ਐਲਾਨ ਕਰ ਦਿੱਤਾ। ਇਸ ਨੇ ਭਾਰਤ ਦੀ ਸੰਸਾਰ ਪ੍ਰਸਿੱਧ ਗੁਟ-ਨਿਰਲੇਪਤਾ ਦੀ ਨੀਤੀ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇਣ ਦੇ ਅਮਲ ਦਾ ਚੱਕਰ ਪੂਰਾ ਕਰ ਦਿੱਤਾ ਜਾਪਦਾ ਹੈ। ਅਸਲ ਵਿਚ ਇਹ ਭਾਜਪਾ ਦੀ ਸਾਮਰਾਜ ਭਗਤੀ ਅਤੇ ਮੁਸਲਮ ਵਿਰੋਧੀ ਨਫਰਤ ਦੀ ਹਿੰਦੂਤਵ ਦੀ ਨੀਤੀ ਦਾ ਹੀ ਪ੍ਰਗਟਾ ਹੈ। ਹੈਰਾਨੀ ਹੁੰਦੀ ਹੈ ਕਿ ਭਾਜਪਾ ਨੇ ਆਪਣੀ ਜਣਨੀ ਆਰ. ਐਸ. ਐਸ. ਦੇ ਦਹਿਸ਼ਤ ਗਰਦ ਤੇ ਹਿੰਸਕ ਫਿਰਕੂ ਕਿਰਦਾਰ ਨੂੰ ਅਣਡਿੱਠ ਹੀ ਕਰ ਦਿੱਤਾ ਹੈ। ਸਰਕਾਰ ਦੀ ਅਮਰੀਕਾ ਪੱਖੀ ਨੀਤੀ ਵਿਰੁੱਧ ਦੇਸ਼ ਦੇ ਜਮਹੂਰੀ, ਧਰਮ ਨਿਰਲੇਪ ਅਤੇ ਸਾਮਰਾਜ ਵਿਰੋਧੀ ਸੰਗਠਨ ਅਤੇ ਵਿਅਕਤੀਆਂ ਨੇ ਮੁਜ਼ਾਹਰੇ ਰੈਲੀਆਂ ਕਰਕੇ ਭਾਰਤ ਦੇ ਲੋਕਾਂ ਦੇ ਵਿਚਾਰਾਂ ਨੂੰ ਦੁਨੀਆਂ ਸਾਹਮਣੇ ਰੱਖ ਦਿੱਤਾ ਹੈ।

ਅੱਜ ਸੰਸਾਰ ਦੀਆਂ ਸਮੱਸਿਆਵਾਂ ਦਾ ਹੱਲ ਸਾਮਰਾਜੀਆਂ ਨੂੰ ਨੱਥ ਪਾ ਕੇ ਹੀ ਕੀਤਾ ਜਾ ਸਕਦਾ ਹੈ। ਇਸ ਦੇ ਲਈ ਹਰ ਦੇਸ਼ ਵਿਚ ਵੱਡੀ ਲਹਿਰ ਉਠਣੀ ਜ਼ਰੂਰੀ ਹੈ। ਫੌਰੀ ਇਲਾਜ ਲਈ ਪਛੜੇ ਤੇ ਵਿਕਾਸਸ਼ੀਲ ਦੇਸ਼ਾਂ ਦੇ ਕਰਜ਼ੇ ਫੌਰੀ ਤੌਰ ਉਪਰ ਖਤਮ ਕੀਤੇ ਜਾਣ, ਜੰਗੀ ਹਥਿਆਰਾਂ ਉਪਰ ਕੀਤੇ ਜਾਣ ਵਾਲੇ ਅਰਬਾਂ-ਖਰਬਾਂ ਡਾਲਰ ਮਨੁੱਖੀ ਵਿਕਾਸ ਲਈ ਖਰਚੇ ਜਾਣ। ਕੈਂਸਰ, ਏਡਜ਼ ਆਦਿ ਬੀਮਾਰੀਆਂ ਦੇ ਇਲਾਜ ਅਤੇ ਖੋਜ ਲਈ ਖੁੱਲ੍ਹੀਆਂ ਰਕਮਾਂ ਦਿੱਤੀਆਂ ਜਾਣ।

ਕੋਈ ਇਸ ਨਾਲ ਸਹਿਮਤ ਹੋਵੇ ਚਾਹੇ ਨਾ, ਸੰਸਾਰ ਦੀਆਂ ਸਮੱਸਿਆਵਾਂ ਨੂੰ ਪੂੰਜੀਵਾਦ, ਭਾਵੇਂ ਕਿੰਨਾ ਵੀ ਵਿਕਸਤ ਕਿਉਂ ਨਾ ਹੋਵੇ, ਹੱਲ ਨਹੀਂ ਕਰ ਸਕਦਾ। ਇਸ ਲਈ ਤਾਂ ਸਾਂਝੀਵਾਲਤਾ ਦਾ ਸਮਾਜਵਾਦੀ ਰਾਹ ਹੀ ਇਕੋ ਇਕ ਰਾਹ ਹੈ।

ਅੰਤ ਵਿਚ ਅਸੀਂ ਅਦਾਰਾ ਚਿਰਾਗ ਵਲੋਂ ਦਹਿਸ਼ਤ ਗਰਦੀ ਹਮਲਿਆਂ ਕਾਰਨ ਅਮਰੀਕਾ ਵਿਚ ਮਾਰੇ ਗਏ ਬੇਗੁਨਾਹ ਲੋਕਾਂ ਅਤੇ ਅਫਗਾਨਿਸਤਾਨ ਵਿਚ ਹਰ ਰੋਜ਼ ਮਾਰੇ ਜਾ ਰਹੇ ਹਨ, ਬੇਗੁਨਾਹ ਲੋਕਾਂ ਦੀਆਂ ਮੌਤਾਂ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਦਹਿਸ਼ਤ ਗਰਦੀ ਖਤਮ ਕਰਨ ਲਈ ਕੇਵਲ ਅਫਗਾਨਿਸਤਾਨ ਨੂੰ ਤਬਾਹ ਕਰਨਾ ਜਾਂ ਲਾਦੇਨ ਨੂੰ ਫੜਨਾ ਮਾਰਨਾ ਕੋਈ ਇਲਾਜ ਨਹੀਂ ਹੈ। ਇਸ ਨਾਲ ਸਗੋਂ ਵਧੇਰੇ ਗੁੰਝਲਾਂ ਪੈਦਾ ਹੋਣਗੀਆਂ। ਇਸ ਲਈ ਅਮਰੀਕਾ ਨੂੰ ਅਫਗਾਨਿਸਤਾਨ ਵਿਚ ਆਪਣੇ ਹਮਲੇ ਤੁਰੰਤ ਬੰਦ ਕਰ ਦੇਣੇ ਚਾਹੀਦੇ ਹਨ। ਉਸ ਦੇ ਇਹਨਾਂ ਹਮਲਾਵਰ ਕਾਰਵਾਈਆਂ ਨੂੰ ਵਿਸਤਾਰਨ ਦੇ ਸਿੱਟੇ ਤਬਾਹਕੁੰਨ ਹੀ ਸਾਬਤ ਹੋਣਗੇ। •

*—ਸੰਪਾਦਕੀ ਮੰਡਲ*

## ਇਸ ਵਾਰ ਵਿਸ਼ੇਸ਼ ਕਵੀ—ਕੁਮਾਰ ਵਿਕਲ

*ਕੁਮਾਰ ਵਿਕਲ ਦੀ ਕਾਵਿ-ਯਾਤਰਾ ਬਹੁਤ ਲੰਮੀ ਨਹੀਂ। ਸਿਰਫ ਵੀਹ ਸਾਲ ਦੀ ਹੈ। ਸੱਤਰ ਤੋਂ ਨੱਬੇ ਦੇ ਦਹਾਕੇ ਵਿਚ ਉਸ ਦੇ ਤਿੰਨ ਕਾਵਿ-ਸੰਗ੍ਰਹਿ 'ਇੱਕ ਛੋਟੀ ਸੀ ਲੜਾਈ' (1980), 'ਰੰਗ ਖਤਰੇ ਮੇਂ ਹੈਂ' (1982) ਤੇ 'ਨਿਰੁਪਮਾ ਦੱਤ ਮੈਂ ਬਹੁਤ ਉਦਾਸ ਹੂੰ' (1993) ਛਪੇ ਸਨ। ਉਹ ਹਿੰਦੀ ਕਾਵਿ-ਜਗਤ ਦਾ ਬਹੁਤ ਹੀ ਉਹ ਉਤਕ੍ਰਿਸ਼ਟ ਕ੍ਰਾਂਤੀਕਾਰੀ ਕਵੀ ਸੀ, ਜਿਸ ਦੀਆਂ ਕਵਿਤਾਵਾਂ ਛਪਦੇ ਸਾਰ ਹੀ ਹੋਰਨਾਂ ਭਾਸ਼ਾਵਾਂ, ਵਿਸ਼ੇਸ਼ ਤੌਰ ਤੇ ਪੰਜਾਬੀ ਵਿਚ ਅਨੁਵਾਦ ਹੋ ਜਾਂਦੀਆਂ ਸਨ। ਲੋਕਾਂ ਦੇ ਸੁਪਨਿਆਂ, ਜਿੱਤਾਂ, ਹਾਰਾਂ ਤੇ ਸੰਘਰਸ਼ਾਂ ਨਾਲ ਜੁੜੇ ਇਸ ਕਵੀ ਦੀ ਕਵਿਤਾ ਵਿਚ ਅਜੀਬ ਖਿੱਚ ਸੀ। ਉਹ ਪੰਜਾਬੀ ਦਾ ਸੂਰਬੀਰ ਸਪੁੱਤਰ ਤੇ ਅਧਭੁੱਤ ਪ੍ਰਤਿਭਾ ਵਾਲਾ ਕਵੀ ਸੀ। ਹੇਠਲੀਆਂ ਕਵਿਤਾਵਾਂ ਆਧਾਰ ਪ੍ਰਕਾਸ਼ਨ ਪੰਚ ਕੂਲਾ ਵਲੋਂ ਚੋਣਵੀਂ ਕਵਿਤਾ ਦੇ ਉਸਦੇ ਛਪੇ ਸੰਗ੍ਰਹਿ ਵਿਚੋਂ ਲਈਆਂ ਗਈਆਂ ਹਨ। —ਸੰਪਾਦਕ*

### 1. ਟਰੈਫ਼ਿਕ ਦੇ ਨਵੇਂ ਕਾਨੂੰਨ

ਇਹ ਕੌਣ ਹੈ, ਜੋ ਸੁਬਾ-ਸਵੇਰੇ
ਅਖ਼ਬਾਰ ਦੇ ਪੰਨਿਆਂ ਤੋਂ ਮੈਨੂੰ ਦਿਸ ਪੈਂਦਾ ਹੈ
ਜੋ ਚਾਹ ਦੀ ਪਹਿਲੀ ਪਿਆਲੀ ਤੋਂ
ਰਾਤ ਦੀ ਅੰਤਿਮ ਕਿਰਿਆ ਤੀਕ
ਮੇਰੇ ਦਿਨ ਭਰ ਦੇ ਕੰਮ ਵਿਚ ਦਨ ਦਨਾਉਂਦਾ ਹੈ।

ਇਹ ਕੌਣ ਹੈ ਜੋ
ਨਿੱਤ ਨਵੀਂ ਮੁਦਰਾ ਵਿਚ ਮੈਨੂੰ
ਨਿੱਤ ਨਵੇਂ ਆਦੇਸ਼ ਦਿੰਦਾ ਹੈ,
ਤੇ ਟਰੈਫਿਕ ਦੇ ਨਵੇਂ ਨੇਮ ਸਿਖਾਉਂਦਾ ਹੈ
ਕਿ ਸੱਜੇ ਮੱਤ ਚੱਲੋ
ਕਿ ਖੱਬੇ ਮੱਤ ਚੱਲੋ
ਸੜਕ ਦੇ ਵਿਚਕਾਰ ਸਾਈਕਲ ਚਲਾਉਣਾ ਸੁਰੱਖਿਅਤ ਹੈ।

ਪਰ ਮੈਂ ਜਨਮ ਤੋਂ ਖੱਬੂ
ਜੋ ਖੱਬੇ ਹੱਥ ਨਾਲ ਖਾਂਦਾ ਹਾਂ
ਖੱਬੇ ਹੱਥ ਨਾਲ ਲਿਖਦਾ ਹਾਂ
ਖੱਬੇ ਹੱਥ ਨਾਲ ਜੀਵਨ ਦੇ ਸਾਰੇ ਕੰਮ ਕਰਦਾ ਹਾਂ
ਇਹ ਸੰਭਵ ਹੈ, ਬਿਨਾਂ ਅਭਿਆਸ ਦੇ ਮੈਂ ਜਦ ਕਦੇ
ਸੜਕ ਦੇ ਵਿਚਕਾਰ ਵੀ ਸਾਈਕਲ ਚਲਾਵਾਂਗਾ
ਕਿਸੇ ਫੌਜੀ ਦੀ ਗੱਡੀ ਹੇਠ ਕੁਚਲਿਆ ਜਾਵਾਂਗਾ।
ਇਹ ਕੌਣ ਹੈ ਜੋ ਇਸ ਤਰਾਂ ਟਰੈਫਿਕ ਦੀ ਆੜ ਲੈ ਕੇ



ਸਾਧਾਰਨ ਆਦਮੀ ਦੇ ਕਤਲ ਦੀ ਸਾਜ਼ਿਸ਼ ਬਣਾਉਂਦਾ ਹੈ
ਪਰ ਸੋਗ-ਸਮਾਗਮਾਂ ਵਿਚ ਝੂਠੇ ਹੰਝੂ ਵਹਾਉਂਦਾ ਹੈ।

ਇਹ ਕੌਣ ਹੈ
ਇਹ ਕਿਸ ਦਾ ਹਿਮਾਇਤੀ ਹੈ
ਮੈਂ ਸਭ ਕੁਝ ਜਾਣਦਾ ਹਾਂ
ਮੈਂ ਇਸਦੇ ਤੇਵਰਾਂ ਨੂੰ ਠੀਕ ਪਛਾਣਦਾ ਹਾਂ
ਪਰ ਮੈਂ ਆਪਣੇ ਕਤਲ ਤੋਂ ਡਰਦਾ ਹਾਂ

ਤੇ ਖਾਮੋਸ਼ ਰਹਿੰਦਾ ਹਾਂ
ਪਰ ਕੋਈ ਤਾਂ ਬੋਲੇਗਾ
ਭਿਆਨਕ ਮੌਤ ਦੇ ਜੰਗਲ ਦਾ ਸੰਨਾਟਾ
ਕਦੇ ਕੋਈ ਤਾਂ ਤੋੜੇਗਾ।
ਜੋ ਆਪਣੇ ਹੋਂਠ ਖੋਲ੍ਹੇਗਾ

ਆਦਮੀ ਦੇ ਹੋਂਠ ਜਦ ਲੰਮੇ ਸਮੇਂ ਲਈ ਬੰਦ ਰਹਿੰਦੇ ਹਨ
ਤਾਂ ਅਜੇਹਾ ਵਕਤ ਆਉਂਦਾ ਹੈ
ਕਿ ਆਪਣੇ ਦੰਦਾਂ ਨਾਲ ਉਹ
ਆਪਣੇ ਹੋਂਠ ਕੱਟ ਕੇ ਖਾਂਦਾ ਹੈ
ਘਾਇਲ ਹੋਂਠਾਂ ਦਾ ਉਹ ਦਰਦ
ਨਿ:ਚੇ ਹੀ ਬੋਲੇਗਾ
ਇਹ ਜੋ ਨਾਗਰਿਕ ਕੱਪੜਿਆਂ ਵਿਚ
ਫੌਜੀ ਟਰੱਕ ਚਲਾਉਂਦਾ ਹੈ
ਉਸ ਸਾਜ਼ਿਸ਼ ਵਿਚ ਸ਼ਾਮਿਲ ਹੈ
ਜੋ ਚਾਹੁੰਦੀ ਹੈ
ਕਿ ਪੂਰੀ ਇਨਸਾਨੀਅਤ ਤੋਂ ਕੋਈ ਐਸੀ ਬਾਤ ਵਾਪਰ ਜਾਵੇ
ਕਿ ਜਿਸ ਨਾਲ ਆਦਮੀ ਦਾ ਖੱਬਾ ਹੱਥ ਹੀ ਕੱਟ ਜਾਵੇ।

ਕਵਿਤਾ

### 2. ਇਕ ਪਿਆਰ

ਇਹ ਗੱਡੀ ਅੰਮ੍ਰਿਤਸਰ ਨੂੰ ਜਾਏਗੀ
ਤੂੰ ਇਸ ਵਿਚ ਬੈਠ ਜਾ
ਮੈਂ ਤੇ ਦਿੱਲੀ ਦੀ ਗੱਡੀ ਫੜਾਂਗਾ
ਹਾਂ, ਜੇ ਤੂੰ ਚਾਹੇ ਤਾਂ
ਮੇਰੇ ਨਾਲ ਦਿੱਲੀ ਵੀ ਜਾ ਸਕਦੀ ਹੈਂ
ਮੈਂ ਤੈਨੂੰ ਆਪਣੀਆਂ ਨਵੀਆਂ ਕਵਿਤਾਵਾਂ ਸੁਣਾਵਾਂਗਾ

ਜਿਨ੍ਹਾਂ ਨੂੰ ਪਿੱਛੋਂ ਤੂੰ
ਆਪਣੇ ਮਿੱਤਰਾਂ ਨੂੰ
ਲਤੀਫੇ ਕਹਿ ਕੇ ਸੁਣਾ ਸਕਦੀ ਹੈ।

ਤੂੰ ਕਵਿਤਾ ਤੇ ਲਤੀਫ਼ੇ ਦੇ ਫਰਕ ਨੂੰ
ਬਾਖ਼ੂਬੀ ਜਾਣਦੀ ਹੈ
ਪਰ ਤੂੰ ਇਹ ਵੀ ਜਾਣਦੀ ਹੈ
ਕਿ ਜ਼ਖ਼ਮ ਕਿਵੇਂ ਲਾਈਦਾ ਹੈ
ਤੇ ਲੂਣ ਕਿੱਥੇ ਛਿੜਕੀਦਾ ਹੈ

ਉਂਝ ਮੈਂ
ਅੰਮ੍ਰਿਤਸਰ ਵੀ ਜਾ ਸਕਦਾ ਹਾਂ
ਉੱਥੋਂ ਦੀ ਲੂਣ-ਮੁੰਡੀ ਦਾ ਨਮਕ
ਮੈਨੂੰ ਖਾਸ ਤੌਰ ਤੇ ਚੰਗਾ ਲੱਗਦਾ ਹੈ।

## 3. ਰੰਗ ਖ਼ਤਰੇ ਵਿੱਚ ਨੇ

*(ਹੋਲੀ ਦੇ ਇੱਕ ਦਿਨ ਦੀ ਕਵਿਤਾ)*

ਮੇਰੇ ਪਿਆਰੇ ਕਵੀ ਨੇ ਕਿਹਾ ਸੀ
'ਫੁੱਲ ਨਹੀਂ, ਰੰਗ ਬੋਲਦੇ ਨੇ
ਪਰ ਮੇਰੇ ਸ਼ਹਿਰ ਦੀ ਕਿਸੇ ਵੀ ਪਾਰਕ
ਵਿਚ ਜਾ ਕੇ ਵੇਖੋ
ਤਾਂ ਇੰਝ ਨਹੀਂ ਹੈ

ਸਿਰਫ ਉਹੀ ਲੋਕ ਬੋਲਦੇ ਹਨ
ਜੋ ਫੁੱਲਾਂ ਦੀ ਪਛਾਣ ਤੋਂ ਵਿਰਵੇ ਨੇ
ਤੇ ਰੰਗਾਂ ਨੂੰ ਗ਼ਲਤ ਢੰਗ ਨਾਲ ਘੋਲਦੇ ਨੇ
ਮਿਸਾਲ ਵਜੋਂ
ਲਾਲ ਰੰਗ ਨੂੰ
ਹਰੇ, ਨੀਲੇ ਤੇ ਪੀਲੇ ਰੰਗਾਂ ਨਾਲ ਮਿਲਾ ਰਹੇ ਨੇ।
ਤੇ ਕਾਲੇ ਰੰਗਾ ਦਾ ਐਸਾ ਬਿੰਬ ਬਣਾ ਰਹੇ ਨੇ
ਜਿਸ ਨੂੰ ਵੇਖ ਕੇ ਮੈਨੂੰ ਲਗਦਾ ਹੈ
ਕਿ ਮੇਰੇ ਸਾਹਮਣੇ
ਫਿਰ ਉਹੀ ਚਿਰਾਂ ਦੀ ਪਛਾਣੀ ਲੰਬੀ ਸੁਰੰਗ ਹੈ
ਜਿਸ ਵਿੱਚੋਂ ਮੈਂ ਪਹਿਲਾਂ ਵੀ ਇਕ ਵਾਰ



ਬੜੀ ਮੁਸ਼ਕਿਲ ਨਾਲ ਬਾਹਰ ਆਇਆ ਸੀ
ਕੀ ਮੇਰੀ ਉੱਨੀ ਮਹੀਨਿਆਂ ਦੀ ਲੰਮੀ ਲੜਾਈ ਦਾ ਅੰਤ
ਇਕ ਸੁਰੰਗ ਤੋਂ ਦੂਸਰੀ ਸੁਰੰਗ ਤੀਕ ਦਾ ਹਨੇਰਾ ਹੈ
ਕਿੱਥੇ ਨੇ ਮੇਰੀਆਂ ਇਛਾਵਾਂ ਦੇ ਸੱਤ ਰੰਗ
ਮੇਰੇ ਸਾਹਮਣੇ ਤਾਂ ਕੇਵਲ ਕਾਲੇ ਰੰਗ ਦਾ ਘੇਰਾ ਹੈ

ਪਰ ਉਹ ਆਖ ਰਹੇ ਨੇ
'ਇਹ ਸੁਰੰਗ ਨਹੀਂ
ਕਾਲੇ ਬਾਂਸ ਤੋਂ ਬਣੀ ਰੰਗਾਂ ਭਰੀ ਪਿਚਕਾਰੀ ਹੈ
ਮੈਂ ਉਸ ਵਿਚੋਂ ਨਿਕਲਣ ਵਾਲੇ ਰੰਗਾਂ ਨੂੰ ਵੇਖ ਨਹੀਂ ਸਕਦਾ
ਇਹ ਇਕ ਲਲਾਰੀ ਦੀ ਲਾਚਾਰੀ ਹੈ!

ਪਾਰਕ ਵਿਚ ਹੋਲੀ ਖੇਡ ਰਹੇ ਬੱਚਿਓ, ਸੁਣੋ
ਇਸ ਤੋਂ ਪਹਿਲਾਂ ਕਿ ਤੁਹਾਨੂੰ ਵੀ ਐਲਾਨ ਕਰ ਦਿੱਤਾ ਜਾਵੇ
ਰੰਗਾਂ ਨਾਲ ਖੇਡਣਾ ਛੱਡ ਦਿਓ
ਆਪਣੀਆਂ ਪਿਚਕਾਰੀਆਂ ਤੋੜ ਦਿਓ
ਤੇ ਚੁੱਪ-ਚਾਪ ਆਪਣੇ ਘਰਾਂ ਨੂੰ ਵਾਪਸ ਚਲੇ ਜਾਓ
ਏਧਰ ਪਾਰਕ ਵਿਚ ਇਕ ਨਵੀਂ ਸੁਰੰਗ ਬਣਾਉਣ ਦੀ ਤਿਆਰੀ ਹੈ

ਮੇਰੇ ਪਿਆਰੇ ਚਿਤਰਕਾਰ ਦੋਸਤ!
ਆਪਣੇ ਰੰਗਾਂ ਨੂੰ ਸੰਭਾਲ ਲਵੋ
ਰੰਗ ਖਤਰੇ ਵਿੱਚ ਨੇ
ਇਸ ਸਮੇਂ ਜਦੋਂ ਰੰਗਾਂ ਭਰੀ ਧੁੱਪ
ਹਰ ਫੁੱਲ ਤੇ ਸੌਂ ਰਹੀ ਹੈ
ਤੁਹਾਡੇ ਸਭ ਤੋਂ ਪਿਆਰੇ ਦੇ ਵਿਰੁੱਧ
ਸਾਜ਼ਿਸ਼ ਹੋ ਰਹੀ ਹੈ।

ਉਹ ਰੰਗ
ਜੋ ਤੁਹਾਡੀਆਂ ਨਾੜੀਆਂ ਵਿਚ ਦੌੜਦਾ ਹੈ
ਜਿਸ ਦੀ ਤਾਕਤ ਨਾਲ, ਤੁਸੀਂ ਸੱਖ ਰੰਗਾਂ ਦੀ ਪਛਾਣ ਕਰਦੇ ਹੋ
ਤੇ ਇਸ ਪਛਾਣ ਨਾਲ ਇੱਕ ਨਵੇਂ ਰੰਗ-ਸੰਸਾਰ ਨੂੰ ਸਿਰਜਦੇ ਹੋ

ਉਹ ਰੰਗ
ਜੋ ਇੱਕ ਸ਼ਬਦ ਤੋਂ
ਫੁੱਲ ਤੱਕ ਦੀ ਯਾਤਰਾ ਤੀਕ
ਇਕ ਫਲਸਫੇ ਵਿਚ ਬਦਲ ਜਾਂਦਾ ਹੈ

ਠੀਕ ਸਮੇਂ ਤੇ ਜਦੋਂ ਬੋਲਦਾ ਹੈ
ਸੁਰੰਗਾਂ ਦੇ ਭੇਤ ਖੋਲ੍ਹਦਾ ਹੈ

ਉਹ ਰੰਗ
ਜੋ ਦਰਸ਼ਨ ਤੋਂ ਅਮਲ ਤੀਕ ਦੀ ਯਾਤਰਾ ਵਿੱਚ
ਇੱਕ ਹਥਿਆਰ ਬਣ ਜਾਂਦਾ ਹੈ
ਹਨੇਰੀਆਂ ਸੁਰੰਗਾਂ ਤੋੜਨ ਦੇ ਕੰਮ ਆਉਂਦਾ ਹੈ।

## 4. ਚੰਬੇ ਦੀ ਧੁੱਪ

ਠਹਿਰੋ ਭਾਈ
ਧੁੱਪ ਹੁਣੇ ਆਏਗੀ
ਏਨੇ ਔਖੇ ਕਿਉਂ ਹੁੰਦੇ ਹੋ
ਆਖ਼ਰ ਇਹ ਚੰਬੇ ਦੀ ਧੁੱਪ ਹੈ
ਇੱਕ ਪਹਾੜੀ ਗਾਂ
ਆਰਾਮ ਨਾਲ ਆਏਗੀ

ਐਥੇ ਕਿਤੇ ਚਰਾਂਦ ਵਿਚ ਘਾਹ ਚਰੇਗੀ
ਗੱਦੀ ਔਰਤਾਂ ਨਾਲ ਮੁਸਕਰਾਵੇਗੀ
ਕਿਲਕਾਰੀਆਂ ਮਾਰਦੇ ਬੱਚਿਆਂ ਸੰਗ ਖੇਡੇਗੀ
ਰਾਵੀ ਦੇ ਪਾਣੀ ਵਿੱਚ ਤਰੇਗੀ
ਤੇ ਖੇਡ-ਕੁੱਦਣ ਪਿੱਛੋਂ
ਸੂਰਜ ਦੀ ਇਹ ਭੁੱਖੀ ਬੇਟੀ
ਆਟੇ ਦੇ ਪੇੜੇ ਲੈਣ ਲਈ
ਹਰ ਘਰ ਦਾ ਚੁੱਲ੍ਹਾ ਸਰਦਲ ਚੁੰਮੇਗੀ

ਤੇ ਅਚਾਨਕ ਥੱਕ ਕੇ
ਦੁੱਧ ਵੇਚ ਕੇ ਪਰਤ ਰਹੇ
ਗੁੱਜਰ-ਪ੍ਰੀਵਾਰਾਂ ਦੇ ਸਾਥ
ਆਪਣੀ ਛੋਟੀ ਜਹੀ ਪਿੱਠ ਤੇ
ਹਨੇਰੇ ਦਾ ਭਾਰ ਚੁੱਕੀ
ਓਧਰ, ਜਿਧਰੋਂ ਉਤਰੀ ਸੀ
ਚੜ੍ਹ ਜਾਏਗੀ
ਇਹ ਚੰਬੇ ਦੀ ਧੁੱਪ
ਪਹਾੜੀ ਗਾਂ



## 5. ਇੱਕ ਪੱਤਰ

ਨਿਰੂਪਮਾ ਦੱਤ ਮੈਂ ਬਹੁਤ ਉਦਾਸ ਹਾਂ
ਤੂੰ ਇਹ ਸ਼ਹਿਰ ਛੱਡ ਚੁੱਕੀ ਹੈਂ
ਫਿਰ ਵੀ ਮੈਂ ਤੇਰੇ ਆਸ-ਪਾਸ ਹਾਂ
ਤੇਰੀ ਹਰ ਦੁੱਖ ਦੀ ਘੜੀ ਵਿਚ
ਤੇਰੇ ਸੀਮਤ ਸੁੱਖਾਂ ਦੀ ਹਰ ਕੜੀ ਵਿਚ।

ਇਸ ਪੱਤਰ ਵਿਚ ਮੈਂ ਤੇਰੇ ਦੁੱਖ ਨਹੀਂ ਦੁਹਰਾਵਾਂਗਾ
ਕੇਵਲ ਉਹਨਾਂ ਸੁੱਖਾਂ ਦੇ ਬਾਰੇ ਵਿਚ ਜਾਨਣਾ ਚਾਹਾਂਗਾ
ਜੋ ਤੂੰ
ਹੁਣ ਤੀਕ
ਦਿੱਲੀ ਵਰਗੇ ਕਠੋਰ ਸ਼ਹਿਰ ਵਿਚ ਪ੍ਰਾਪਤ ਕਰ ਸਕੀ ਹੈਂ।
ਤੇ ਮੈਂ ਆਪਣੇ ਦੁੱਖਾਂ ਦਾ ਵਿਸਥਾਰ ਵੀ ਨਹੀਂ ਦੱਸਾਂਗਾ।
ਜਿਹੜੇ ਮੈਂ
ਹੁਣ ਤੀਕ ਤੇਰੀ ਗ਼ੈਰ ਹਾਜ਼ਰੀ ਵਿਚ ਕਮਾਏ ਨੇ।
ਤੇ ਗਲੀ ਤੀਕ ਕਿਸੇ ਨੂੰ ਨਹੀਂ ਸੁਣਾਏ ਨੇ।

ਨੀਰੂ, ਮੈਂ ਨਹੀਂ ਜਾਣਦਾ,
ਤੈਨੂੰ ਇਹ ਨਵਾਂ ਸ਼ਹਿਰ ਕਿਸ ਤਰ੍ਹਾਂ ਦਾ ਲੱਗਦਾ ਹੈ
ਪਰ ਮੈਂ ਏਨਾ ਜ਼ਰੂਰ ਜਾਣਦਾ ਹਾਂ
ਤੂੰ ਆਪਣੇ ਦੁੱਖ
ਇਕ ਪੋਟਲੀ ਵਿਚ ਬੰਨ੍ਹ ਕੇ
ਜਾਣ-ਪਛਾਣ ਦੇ ਲੋਕਾਂ ਦੀ ਮਹਿਫ਼ਿਲ ਵਿਚ ਜਾਂਦੀ ਹੈਂ
ਹੱਸਦੀ-ਚਹਿਚਹਾਉਂਦੀ ਹੈਂ
ਬਹੁਤ ਸਾਰੇ ਲਤੀਫ਼ੇ ਤੇ ਮੇਰੀਆਂ ਕਵਿਤਾਵਾਂ ਸੁਣਾਉਂਦੀ ਹੈਂ
ਤੇ ਗਈ ਰਾਤ ਤੱਕ
ਜਦੋਂ
ਆਪਣੀ ਬਰਸਾਤੀ ਵਿਚ ਵਾਪਸ ਆਉਂਦੀ ਹੈਂ
ਆਪਣੇ ਦੁੱਖਾਂ ਦੀ ਪੋਟਲੀ ਖੋਲ੍ਹ ਕੇ
ਬਹੁਤ ਰੋਂਦੀ ਹੈ।
ਤੇ ਸਾਰੀ ਰਾਤ ਬਿਲਕੁਲ ਨਹੀਂ ਸੌਂਦੀ ਹੈਂ
ਉਸ ਵਕਤ
ਕੁਝ ਸਸਤੀ ਕਿਸਮ ਦੀਆਂ ਸਿਗਰਟਾਂ ਹੀ
ਤੈਨੂੰ ਸਹਾਰਾ ਦਿੰਦੀਆਂ ਨੇ,

ਜਾਂ ਫਿਰ ਚੰਡੀਗੜ੍ਹ ਦੀਆਂ ਕੁਝ ਪਿਆਰੀਆਂ ਯਾਦਾਂ
ਇੱਕ ਮਾਂ
ਇਕ ਭਰਾ
ਜੋ "ਟਵੈਂਟੀ-ਸੈਵਨ-ਡਾਊਨ" ਵਿਚ
ਯਾਤਰਾ ਕਰਨ ਦਾ ਕਈ ਵਾਰ ਫ਼ੈਸਲਾ ਕਰ ਚੁੱਕਾ ਹੈ
ਪਰ ਤੂੰ ਚਾਹੁੰਦੀ ਹੈਂ
ਕਿ ਤੇਰਾ ਭਰਾ ਇਸ ਗੱਡੀ ਵਿਚ ਕਦੀ ਨਾ ਬੈਠੇ

ਤੂੰ ਚੰਡੀਗੜ੍ਹ ਪਰਤ ਆ
ਤਾ ਕਿ ਅਸੀਂ ਤਿੰਨੇ
ਬਹੁਤ ਸਾਰੇ ਹਮਕਲਮ ਲੋਕਾਂ ਨਾਲ ਮਿਲ ਕੇ
ਦੁੱਖਾਂ ਨੂੰ ਘੱਟ ਕਰਨ ਲਈ ਲੜ ਸਕੀਏ।

*(ਰਮੇਸ਼ ਬਖਸ਼ੀ ਦੇ ਨਾਵਲ ਉੱਤ ਆਧਾਰਤ ਇੱਕ ਫਿਲਮ)*

## 6. ਚਿਤਰਕਾਰ ਦੋਸਤਾਂ ਦੇ ਨਾਂ

ਤੁਸੀਂ ਮੈਨੂੰ ਰੰਗਾਂ ਦੀ ਦੁਨੀਆਂ ਵਿਚ ਲੈ ਚਲੋ
ਮੈਂ ਤੁਹਾਨੂੰ ਸ਼ਬਦਾਂ ਦੇ ਮੇਲੇ ਵਿਚ ਲੈ ਚਲਦਾ ਹਾਂ
ਸ਼ਬਦ ਕੇਵਲ ਸ਼ਬਦ ਨਹੀਂ ਹੁੰਦੇ
ਉਹਨਾਂ ਦੇ ਪਿੱਛੇ ਬਹੁਤ ਸਾਰੇ ਲੋਕ ਹੁੰਦੇ ਨੇ
ਰੰਗ-ਬਿਰੰਗੇ ਕੱਪੜਿਆਂ ਵਾਲੇ ਲੋਕ
ਪਰ ਉਹਨਾਂ ਦੇ ਕੱਪੜਿਆਂ ਦਾ ਸਭ ਤੋਂ ਉਘੜਵਾਂ ਰੰਗ
ਮਿੱਟੀ ਦਾ ਰੰਗ ਹੁੰਦਾ ਹੈ
ਮਿੱਟੀ ਜਿਸ ਤੋਂ ਸਾਰੇ ਰੰਗ ਜਨਮ ਲੈਂਦੇ ਹਨ

ਤੁਸੀਂ ਮੈਨੂੰ ਆਪਣੇ ਰੰਗਾਂ ਦੀ ਦੁਨੀਆਂ ਵਿਚ ਲੈ ਚੱਲੋ
ਜਿੱਥੇ ਮੇਰੀ ਮਾਂ ਦੀ ਰਾਮਾਇਣ ਪੜ੍ਹਦੀ ਆਵਾਜ਼ ਲੈ ਜਾਂਦੀ ਹੈ
ਕੀ ਤੁਸੀਂ ਮੈਨੂੰ ਮੇਰੀ ਮਾਂ ਦੀ ਆਵਾਜ਼ ਦਾ ਰੰਗ ਦੱਸ ਸਕਦੇ ਹੋ
ਜਦ ਕਿ ਮੈਂ ਤੁਹਾਡੇ ਰੰਗ ਨੂੰ ਇੱਕ ਆਵਾਜ਼ ਦੇ ਸਕਦਾ ਹਾਂ
ਆਵਾਜ਼
ਜੋ ਮਿੱਟੀ ਦੀ ਗੰਧ ਵਿਚੋਂ ਆਉਂਦੀ ਹੈ
ਤੇ ਮੇਰੀਆਂ ਕਵਿਤਾਵਾਂ ਵਿਚ
ਤੁਹਾਡੇ ਕੈਨਵਸ ਤੇ ਖਿੰਡੇ ਰੰਗਾਂ ਵਾਂਗ ਫੈਲ ਜਾਂਦੀ ਹੈ
ਤੁਸੀਂ ਮੇਰੇ ਸ਼ਬਦਾਂ ਨੂੰ ਰੰਗ ਦੇਵੋ
ਮੈਂ ਤੁਹਾਡੇ ਰੰਗਾਂ ਨੂੰ ਸ਼ਬਦ ਦੇਵਾਂਗਾ।



## 7. ਦੁੱਖ

ਦੁੱਖ ਨੂੰ ਸਹਿਣਾ
ਕੁੱਝ ਨਾ ਕਹਿਣਾ
ਬਹੁਤ ਪੁਰਾਣੀ ਬਾਤ ਹੈ

ਦੁੱਖ ਸਹਿਣਾ ਪਰ
ਸਭ ਕੁਝ ਕਹਿਣਾ
ਇਹੀ, ਸਮੇਂ ਦੀ ਬਾਤ ਹੈ

ਦੁੱਖ ਨੂੰ ਬਣਾ ਕੇ ਇੱਕ ਕਬੂਤਰ
ਬਿੱਲੀ ਨੂੰ ਅਰਪਤ ਕਰ ਦੇਣਾ
ਜੀਵਨ ਦਾ ਅਪਮਾਨ ਹੈ

ਦੁੱਖ ਨੂੰ ਅੱਖ ਘੂਰ ਕੇ ਵੇਖੋ
ਆਪਣੇ ਹਥਿਆਰਾਂ ਨੂੰ ਪਰਖੋ
ਅਤੇ ਸਮੇਂ ਆਉਂਦੇ ਹੀ ਉਸ ਤੇ
ਪੂਰੀ ਤਾਕਤ ਕਰ ਕੇ ਇੱਕਠੀ
ਐਸਾ ਝੜਪੋ
ਭਿੱਜੀ-ਬਿੱਲੀ ਵਾਂਗ ਉਹ ਭੱਜੇ
ਤੁਸੀਂ ਪਿੱਛੇ ਉਹ ਅੱਗੇ ਅੱਗੇ

ਦੁੱਖ ਨੂੰ ਕਵਿਤਾ ਵਿਚ ਰੋ ਦੇਣਾ
ਇਹ ਕਵਿਤਾ ਦੀ ਰਾਤ ਹੈ
ਦੁੱਖ ਸੰਗ ਲੜ ਕੇ ਕਵਿਤਾ ਕਹਿਣਾ
ਗੁਰੀਲਾ ਸ਼ੁਰੂਆਤ ਹੈ।

• • • •

**ਜਨਵਰੀ/ਮਾਰਚ ਦਾ ਅੰਕ**
**ਦਲਿਤ-ਸਾਹਿਤ ਵਿਸ਼ੇਸ਼ ਅੰਕ ਹੋਵੇਗਾ।**
**ਲੇਖਕਾਂ ਕੋਲੋਂ ਰਚਨਾਵਾਂ ਦਾ ਮੰਗ ਹੈ।**
*ਸੰਪਾਦਕੀ ਮੰਡਲ*
*ਚਿਰਾਗ (ਤਿਮਾਹੀ)*

## ਮੇਰੇ ਫੁੱਲ ਨਾ ਮਾਰੋ / *ਅਜਾਇਬ ਕਮਲ*

ਮੇਰੇ ਫੁੱਲ ਨਾ ਮਾਰੋ
ਜੇ ਮਾਰਨਾ ਤਾਂ ਪੱਥਰ ਮਾਰੋ
ਫੁਲ ਮਾਰਿਆਂ
ਲੀਹਾਂ ਤੋੜਨ ਵਾਲੇ ਵਿਦਰੋਹੀਆਂ ਦੇ
ਸੱਟ ਨਹੀਂ ਲਗਦੀ
ਪਿੰਡੇ ਲਾਸ ਨਹੀਂ ਪੈਂਦੀ
ਨੀਲ ਨਹੀਂ ਉਭਰਦਾ
ਲਹੂ ਨਹੀਂ ਸਿੰਮਦਾ
ਹਿੱਕ ਨਹੀਂ ਧੁਖਦੀ
ਸਾਹ ਨਹੀਂ ਫੁੱਲਦਾ
ਅੰਦਰ ਉਬਾਲ ਨਹੀਂ ਉਠਦਾ
ਮੇਰੇ ਫੁੱਲ ਨਾ ਮਾਰੋ!
ਜੇ ਮਾਰਨਾ ਤਾਂ ਪੱਥਰ ਮਾਰੋ!
ਸਾਰੇ ਜ਼ੋਰ ਨਾਲ ਕੱਸ ਕੇ ਮਾਰੋ!
ਜੇ ਵੱਜੇ
ਖੜਾਕ ਤਾਂ ਹੋਵੇ
ਸੱਟ ਤਾਂ ਲੱਗੇ
ਆਲਸੀ ਸਮਾਧੀ ਤਾਂ ਟੁੱਟੇ
ਰਗਾਂ
ਅੱਗ ਜਹੀ ਤਾਂ ਦੌੜੇ
ਜਲਣ ਜਹੀ ਤਾਂ ਉੱਠੇ
ਮੱਥਾ ਠਣਕੇ
ਸਰੀਰ 'ਚ ਕੁਝ ਹਿਲਜੁਲ
ਚੱਕ ਥੱਲ
ਗੜਬੜ ਤਾਂ ਹੋਵੇ
ਝੱਖੜ ਤਾਂ ਝੁੱਲੇ
ਜਵਾਰ ਭਾਟਾ ਤਾਂ ਉੱਠੇ
ਸੁੱਤਾ ਹੋਇਆ ਅੰਦਰਲਾ
ਤ੍ਰਭਕ ਕੇ ਤਾਂ ਜਾਗੇ
ਉੱਠ ਕੇ ਤਾਂ ਬੈਠੇ
ਸਿਰ ਖੁਰਕੇ
ਲੀਹੋਂ ਹਟਵਾਂ ਕੁਝ ਸੋਚਣ ਲਈ
ਕਿਰਿਆਸ਼ੀਲ ਤਾਂ ਹੋਵੇ
ਸੁਸਤ ਪੈਂਦੀ ਸੋਚ
ਫੱਨੀਅਰ ਵਾਂਗ ਪਲਸੇਟ ਤਾਂ ਖਾਵੇ
ਗਲੋਬਲ ਯੁਗ ਦੇ ਹਾਣ ਦਾ
ਕਣ ਨਵਾਂ ਸੋਚਣ ਲਈ ਗਰਮਾਵੇ
ਕੁੱਝ ਵੱਖਰਾ, ਕੁੱਝ ਹੱਟਵਾਂ
ਲਿਖਣ ਲਈ ਤਾਂ ਉਕਸਾਵੇ
ਮੇਰੇ ਫੁੱਲ ਨਾ ਮਾਰੋ
ਜੇ ਮਾਰਨਾ ਤਾਂ ਪੱਥਰ ਮਾਰੋ!
ਸਾਰੇ ਜ਼ੋਰ ਨਾਲ ਕੱਸ ਕੇ ਮਾਰੋ!
ਸਾਰੇ ਜ਼ੋਰ ਨਾਲ ਕੱਸ ਕੇ ਮਾਰੋ!



## ਵਿਛੋੜਾ....ਇੱਕ ਨਿਜੀ ਨਜ਼ਰੀਆ / *ਕੰਵਲਜੀਤ ਭੁੱਲਰ*

ਕੌਣ ਹੈ ਇਹ.......?
ਜੋ ਦਿਲ ਵਿੱਚੋਂ ਜਦ ਵੀ ਉੱਠਕੇ ਲੰਘਦਾ ਹੈ...!
ਬੱਸ.....ਖਹਿਕੇ ਹੀ ਲੰਘਦਾ ਹੈ....!!
ਤੇ ਜੋ ਖ਼ੁਦ ਹੀ ਵਿੱਛੜ ਕੇ.....ਹਰ ਵਿਛੋੜੇ ਦੇ ਇਵਜ਼ ਵਿੱਚ
ਸਾਥੋਂ....."ਸਾਡੇ ਤੜਪਦੇ ਰਹਿਣ ਦਾ"....ਵਰਗਾ
ਜੁਰਮਾਨਾ ਮੰਗਦਾ ਹੈ....??
ਅਸੀਂ ਵੀ ਜਾਣਦੇ ਹਾਂ—
ਇਨ੍ਹਾਂ ਵਿਛੋੜੇ ਭਰੇ ਦਿਨਾਂ ਦੌਰਾਨ
ਕਦੀ ਕੋਈ ਸੂਰਜ ਨਹੀਂ ਉੱਗਦਾ
ਸੋ ਉਸਦੇ ਡੁੱਬਣ ਦੀ ਨੌਬਤ ਹੀ ਨਹੀਂ ਆਉਂਦੀ...?
ਰਾਤ ਖੌਰਿਆ! ਕਿਉਂ ਜਬਰਨ....ਉੱਤਰ ਆਉਂਦੀ ਹੈ
ਤੇ ਹਨ੍ਹੇਰੇ ਛਾ ਜਾਂਦੇ ਨੇ....!
ਅਸਚਰਜ ਵੇਖੋ....ਪਰਛਾਵੇਂ ਨਾ ਹੁੰਦਿਆਂ ਹੋਇਆਂ ਵੀ ਡਰਾਉਂਦੇ ਨੇ.....!!
ਕੰਧ ਨਾਲ ਚਿੰਬੜੀ ਘੜੀ ਦੀ ਟਿੱਕ ਟਿੱਕ ਜ਼ਰੂਰ ਸੁਣਦੀ ਹੈ—
ਪਰ ਸਮਾਂ ਜਿਵੇਂ ਰੁਕਿਆ ਹੋਇਆ ਹੁੰਦਾ ਹੈ....??
ਢਿੱਡ ਪਰਚਾਉਣ ਲਈ..ਜੋ ਵੀ ਆਹਰ ਛੋਹੀਏ—
ਉਹੀ ਬੇਚੈਨੀ ਤੇ ਬੇਰੀਅਤ ਨਾਲ ਸੰਜੋਇਆ ਹੁੰਦਾ ਹੈ...!!
ਧੜਕਣਾਂ ਦੀ ਮੌਜੂਦਗੀ ਸਾਰਥਕ ਤੇ ਬਾ-ਵਫ਼ਾ ਹੁੰਦਿਆਂ ਹੋਇਆਂ ਵੀ
ਸਾਹ...ਰੁਕਣ ਰੁਕਣ ਕਰਦਾ ਹੈ....!!
ਚਿਹਰੇ ਉੱਪਰ ਮੁਸਕਰਾਹਟ ਜਿਹਾ ਨਿੱਛਰ ਪੋਸਟਰ ਚਿਪਕਾ ਕੇ ਵੀ
ਪਰ ਨਾ ਜਾਣੇ ਕਿਉਂ.....?
ਉਦੋਂ ਜੋ ਕੁਝ ਹੋ ਰਿਹਾ ਹੁੰਦਾ ਹੈ—
ਅਸਲ ਵਿੱਚ ਉਹ ਹੋ ਹੀ ਨਹੀਂ ਰਿਹਾ ਹੁੰਦਾ....??
ਮਸਲਨ...ਤ੍ਰੇਹ ਲਗਣ ਉਪਰੰਤ—
"ਫਰਿੱਜ" ਖੋਹਲ ਕੇ ਪਾਣੀ ਪੀਣ ਦੀ ਜ਼ਰੂਰਤ ਹੁੰਦਿਆਂ ਵੀ
ਗਿਲਾਸ ਵਿੱਚ ਦੁੱਧ ਪੈ ਜਾਂਦਾ ਹੈ....!!
ਭੁੱਖ ਦੀ ਅਰਜ਼ੋਈ ਸੁਣ....ਰਸੋਈ 'ਚ ਕੁਝ ਚਿਰ ਖੜ੍ਹੋਕੇ
ਇਹ ਸੋਚ ਮੁੜ ਪੈਣਾ...."ਆਏ ਕੀ ਕਰਨ ਸੀ....?"
ਵਿਚਾਰੀ ਭੁੱਖ ਵੀ...ਸਾਡੇ ਵਾਂਗ "ਵਕਤ" ਨਾਲ ਸਮਝੌਤਾ ਕਰ

ਕਿਤੇ ਗੁਆਚ ਗੁੰਮ ਜਾਂਦੀ ਹੈ...!!
ਉਸ "ਵਕਤ" ਨਾਲ...ਜੋ ਖੜੋਤਿਆਂ ਵਾਂਗ ਰੀਂਗ ਰਿਹਾ ਹੁੰਦਾ ਹੈ....?
ਘਰ ਦੀਆਂ ਖ਼ਾਮੋਸ਼ ਕੰਧਾਂ—
"ਬਾਂਵਰੇ" ਨੈਣਾਂ ਦੀ ਤੱਕਣੀ ਦੇ ਤਸੀਹੇ ਸਹਿੰਦੀਆਂ
ਹੋਰ ਵੀ ਪੱਥਰ ਹੋ ਜਾਂਦੀਆਂ ਨੇ...!
ਹਰ ਆਈ ਬਿੜਕ...ਉਸਦੇ ਆਏ ਦੀ ਹੀ ਜਾਪਦੀ ਹੈ...!
ਕਿਸੇ "ਸੀਰੀਅਲ" ਦੇ ਕਿਰਦਾਰ ਦੀਆਂ ਅੱਖਾਂ 'ਚ ਆਏ ਹੰਝੂ
ਆਪਣੀਆਂ ਅੱਖਾਂ 'ਚੋਂ ਪੂੰਝ ਲਈਦੇ ਹਨ....!!
ਦਫ਼ਤਰ ਬੈਠਿਆਂ.....ਕੰਮ ਦੇ ਰੁਝੇਂਵਿਆਂ 'ਚ ਲੱਗਿਆਂ
ਵਕਤ ਨੂੰ ਅੱਖੋਂ ਪਰੋਖ਼ਿਆਂ ਕਰ ਦਈਦਾ ਹੈ...??
ਛੁੱਟੀ ਹੋਣ 'ਤੇ...ਆਦਤ ਅਨੁਸਾਰ..ਘਰ ਦੀ ਕਾਹਲ..
ਮਹਿਜ਼ ਇੱਤਫ਼ਾਕ ਨਹੀਂ ...ਜ਼ਰੂਰਤ ਹੁੰਦੀ ਹੈ...!
ਸਮਾਂ ਪੁੱਜਕੇ...ਫ਼ਿਰ ਤਨਹਾਈਆਂ 'ਚ ਫ਼ਸ ਜਾਈਦੇ...??
ਘੜੀ ਦੀ ਟਿੱਕ ਟਿੱਕ...ਧੋਖ਼ੇਬਾਜ਼ ਜਿਹੀ ਜਾਪਦੀ ਹੈ...!
ਮੌਜੂਦਾ ਸਾਲ ਦਾ ਕੈਲੈਂਡਰ..ਸਦੀਆਂ ਪੁਰਾਣਾ ਲੱਗਦਾ ਹੈ—
ਪੂਰੇ ਕੈਲੰਡਰ 'ਤੇ ਜਿਵੇਂ ਇੱਕ ਹੀ ਤਾਰੀਖ਼ ਭਰ ਦਿੱਤੀ ਗਈ ਹੋਵੇ...??
ਭਾਵੇਂ ਕੁਝ ਵੀ ਬਦਲਿਆਂ ਨਹੀਂ ਹੁੰਦਾ
ਪਰ ਫ਼ੇਰ ਵੀ ਜਿਵੇਂ ਸਭ ਕੁਝ ਹੀ ਬਦਲ ਗਿਆ ਭਾਸਦਾ ਹੈ....!!
ਜੇ ਸੱਚਮੁੱਚ ਹੀ...ਇਸ ਸਭ ਕੁਝ ਦਾ ਕਾਰਣ
"ਦਿਲ...ਦਿਮਾਗ਼...ਤਨ...ਬਦਨ...ਅੰਦਰ...ਬਾਹਰ..ਵਿੱਚ
ਵੱਸਦੇ ਦਾ ਵਿਛੋੜਾ ਹੈ....!"
ਤਾਂ...ਤਾਂ...ਬਈ...ਵਿਛੋੜਾ
ਸੱਚੀ ਮੁੱਚੀ ਹੀ....ਬੜਾ "ਜਬਰ-ਜਨਾਹ" ਕਰਦਾ ਹੈ....??
ਇਹਨੂੰ ਨਾ ਹੀ ਪੈਣ ਦਿਓ...ਤਾਂ ਚੰਗਾ ਹੈ....!!!

*(ਬਿਆਸ ਆਰਮੀ ਪਬਲਿਕ ਸਕੂਲ ਪਿੰਡ. ਗੁਡਾਣਾ, ਡਾਕ. ਭਿੱਲਵਾਂ, ਜ਼ਿਲ੍ਹਾ ਕਪੂਰਥਲਾ।*

* * * *



## 1. ਆਪਾਂ ਵੀ ਤੁਰੀਏ / ਗੁਰਦਿਆਲ ਪੱਲ੍ਹਾ

ਪੜਾਅ ਦਰ ਪੜਾਅ
ਤੁਰਦੀ ਹੈ ਜ਼ਿੰਦਗੀ
ਆ—
ਆਪਾਂ ਵੀ ਤੁਰੀਏ
ਇਸ ਦੇ ਅੰਗ ਸੰਗ
ਅਤੇ ਮਾਣੀਏ
ਭਖ਼ਦੀ ਲਾਲੀ ਦੇ
ਰੀਝਾਂ ਜਿਹੇ ਰੰਗ
ਅਟੁੱਟ ਰਿਸ਼ਤੇ
ਖਾਹਿਸ਼ਾ ਦੇ ਪਰਛਾਵੇਂ
ਵੱਖ ਨਾ ਹੁੰਦੇ
ਕਦੇ ਵੀ
ਤਨ ਮਨ ਦੀਆਂ ਜੜ੍ਹਾਂ ਨਾਲੋਂ
ਕਣ ਕਣ ਵਿੱਚ
ਖੁਭੇ ਹਨ ਪਤਾਲ ਤੱਕ
ਹੋਠਾਂ ਤੇ ਮਿਠਾਸ ਲੈਕੇ
ਮਹਿਕਾਂ ਦੇ ਬਿਸਤਰ ਸੁਤੇ
ਆਪਣੀ ਆਪਣੀ ਰਾਤ ਲੈ ਕੇ
ਅੰਗੜਾਈ ਭੰਨਕੇ
ਅੱਖ ਪੁੱਟਦੇ ਹਨ
ਤਾਂ—
ਨਾਲ ਨਾਲ ਤੁਰਦੇ
ਥੋੜਾ ਥੋੜਾ ਖੁਰਦੇ
ਸਾਹ ਇਹਨਾਂ ਦੇ
ਕਦੇ ਟੁੱਟਦੇ ਕਦੇ ਜੁੜਦੇ
ਚਿੰਤਾ 'ਚ ਭਰਦੇ।
ਇਸ ਤਰ੍ਹਾਂ ਹੀ—
ਬੁਢਿਆ ਗਏ ਹਨ
ਚੁੰਧਿਆ ਗਏ ਹਨ
ਮਾਨਵ ਖਾਤਰ ਭੱਟਕ ਰਹੇ ਹਨ
ਸਮੇਂ ਦੀ ਅੱਖ ਖੱਟਕ ਰਹੇ ਹਨ
ਫਿਰ ਵੀ—
ਸਫ਼ਰ ਹਨ ਪੈਰ ਹਨ
ਜੰਗਲ ਤੇ ਮੈਰ ਹਨ
ਚਲਦਾ ਹੀ ਚਲਦਾ
ਆਏ ਦਿਨ ਨਿੱਤ ਨਵੇਂ
ਜਖ਼ਮਾਂ ਦਾ ਜਲਣਾ
ਅੰਬਰਾਂ 'ਚ ਉੱਡਣ ਦੇ
ਅਹਿਸਾਸ ਦਾ ਪਲਟਾ
ਤਲਖ਼ ਹਵਾਵਾਂ ਨੇ
ਸੁਲਗਦੇ ਚਾਅ ਹਨ
ਨੇਤਰ ਵਰਗੇ ਰੂਹ ਲੱਭੇ
ਤਾਰਾ ਤਾਰਾ ਰਾਹ ਹਨ
ਸੂਖ਼ਮ ਉਦਾਸੀ ਦਾ
ਚੁਫ਼ੇਰੇ ਤਾਂ ਭਰਮ ਹੈ
ਹਨ੍ਹੇਰਿਆਂ ਨੂੰ ਚੀਰਨਾ
ਮਨੁੱਖ ਦਾ ਕਰਮ ਹੈ
ਆਓ—
ਆਪਾ ਵੀ ਤੁਰੀਏ
ਸਫ਼ਰ ਨੂੰ ਪੈਰੀਂ ਪਾਕੇ
ਚਿੱਤ ਮਨ ਲਾ ਕੇ
ਅਤੇ ਲੱਭ ਲਈਏ
ਨਵੀਆਂ ਬੁਲੰਦੀਆਂ
ਗੁੰਮ ਹੋਈਆਂ ਧੂੜ ਵਿੱਚ
ਵਰਤਮਾਨ ਰੰਗੀਆਂ।

* * * *

## 2. ਚਣੌਤੀ

ਬੀਮਾਰੀ ਢਿੱਡ ਦੀ
ਦਿਲ ਦੀ ਬੀਮਾਰੀ ਨਾਲੋਂ ਕਿਤੇ ਭੈੜੀ
ਰੋਗ ਮੁਕਤ ਹੋਣ ਦਾ
ਫ਼ਜ਼ੂਲ ਜਿਹਾ ਪਛਤਾਵਾ
ਜ਼ਿਹਨ ਅੰਦਰ
ਸਦਾ ਹੀ ਰੜਕਦਾ ਰਿਹਾ।
ਸਾਡੀਆਂ ਨਬਜ਼ਾਂ
ਟੋਹ ਟੋਹ ਕੇ ਨਾ ਵੇਖੋ
ਚਲਦਾ ਖ਼ੂਨ ਚਣੌਤੀ ਹੈ
ਹਰ ਉਸ ਪਲ ਨੂੰ
ਜੋ ਗੰਗਦਾ ਹੈ ਸਾਡੇ ਪਿੰਡਿਆਂ ਉੱਤੇ।
ਸਿਰਾਂ ਤੋਂ ਪਾਣੀ
ਹੋਰ ਨਹੀਂ ਵਗਣ ਦੇਣਾ
ਬਹੁਤ ਵਗ ਚੁਕਾ ਹੈ ਕਈ ਸਦੀਆਂ।
ਸਦੀ ਦਰ ਸਦੀ
ਨਦੀ ਦਰ ਨਦੀ
ਅਸੀਂ ਗੰਗਦੇ ਰਹੇ
ਉਚਾਣਾਂ ਤੋਂ ਨਿਵਾਣਾਂ ਵੱਲ
ਤੇ ਸਾਨੂੰ ਵੱਲ ਨਾ ਆਇਆ
ਆਪਣੇ ਆਪ ਵਿੱਚ ਡੁੱਬ ਕੇ ਤਰਨ ਦਾ
ਬਿਖਰੇ ਜ਼ਿਹਨ ਨੂੰ
ਮਹਿਕਾਂ ਨਾਲ ਭਰਨ ਦਾ
ਪੁਲ ਬਣਕੇ ਹੁਣ ਅਸੀਂ
ਤੂਫ਼ਾਨਾਂ ਸਾਹਮਣੇ ਖੜਾਂਗੇ ਹਿੱਕ ਤਾਣ
ਕਦੇ ਨਾ ਝੁਰਾਂਗੇ
ਤਲਖ਼ ਹੋਏ ਹੰਝੂਆਂ ਤੇ
ਜ਼ਿਹਨਾਂ ਵਿੱਚ ਛੁਪੀ ਹੈ
ਅਕਾਸ਼ ਨੂੰ ਚੀਰਨ ਵਾਲੀ ਪਰਬਲ ਇੱਛਾ।
ਉੱਗ ਆਏ ਨੇ
ਅੱਖਾਂ ਵਿੱਚ ਨਵੇਂ ਮੌਸਮ
ਕੋਮਲ ਪੱਤਿਆਂ ਤੇ ਪਈ ਤਰੇਲ
ਬਿਖਾਰੇਗੀ ਚੁਫ਼ੇਰੇ
ਕਦਮ ਕਦਮ ਤੇ
ਮਿਲਾਂਗੇ ਅਸੀਂ ਜ਼ਿੰਦਗੀ ਨੂੰ
ਅਤੇ ਦੇਵਾਂਗੇ ਇਸਨੂੰ
ਆਪਣੇ ਇਸ਼ਟ ਦੇ ਕਿਆਸੇ ਹੋਏ ਅਰਥ
ਸਾਡਾ ਇਰਾਦਾ ਤਾਂ
ਆਪਣੀ ਹੋਂਦ ਦੇ ਅਕਾਸ਼ ਵਿੱਚ
ਕਤਲ ਹੋਏ ਸੂਰਜ ਨੂੰ
ਸੁਰਜਾਂ ਦੇ ਸਨਮੁੱਖ ਕਰਨਾ
ਤੇ ਅੱਖਾਂ 'ਚ ਲੈਕੇ
ਪਿਆਰ ਦੇ ਰਿਸ਼ਤੇ
ਖ਼ੁੱਦ ਨੂੰ ਸਮਰਪਿਤ ਕਰਨਾ ਹੈ
ਸੁਪਨਿਆਂ ਦੀ ਖ਼ੁਸ਼ਬੋ ਅੱਗੇ।

☆ ☆ ☆ ☆





1.

ਜਿਸਦਾ ਵਜੂਦ
ਮੇਰੇ ਹਿੱਸੇ ਆਇਆ ਹੈ
ਜਿਸਦਾ ਹਰਫ਼-ਹਰਫ਼
ਮੈਂ ਪਾਇਆ ਹੈ

ਜਿਸ ਦੀ ਛੋਹ ਨਾਲ
ਮੈਂ ਭਖਦਾ ਹਾਂ
ਜਿਸ ਨੂੰ ਮੈਂ
ਛਾਤੀ ਨਾਲ ਲਾ ਕੇ ਰਖਦਾ ਹਾਂ

ਉਹ ਪੁਸਤਕ ਮੈਂ
ਮੇਰੇ ਅੰਤ ਨੂੰ
ਸਮਰਪਿਤ ਕੀਤੀ ਹੈ
ਉਹ ਮੇਰੀ ਆਪ-ਬੀਤੀ ਹੈ

ਉਹ ਪੁਸਤਕ
ਮੈਂ ਨਿੱਤ ਲਿਖਦਾ-ਪੜ੍ਹਦਾ ਹਾਂ
ਉਸ ਪੁਸਤਕ ਨੂੰ ਮੈਂ
ਨਾਲ-ਨਾਲ ਖੜਦਾ ਹਾਂ

ਲਫ਼ਜ਼-ਲਫ਼ਜ਼
ਉਹ ਮੇਰੇ ਨਾਲ ਤੁਰਦੀ ਹੈ
ਹਰਫ਼-ਹਰਫ਼
ਮੇਰੇ ਨਾਲ ਖੁਰਦੀ ਹੈ

ਪਰ ਇਕ ਗੱਲ ਦੀ
ਮੈਨੂੰ ਸਮਝ ਨਹੀਂ ਆਉਂਦੀ
ਉਹ ਪੁਸਤਕ
ਮੇਰੀ ਜਿਲਦ ਵਿੱਚ
ਕਿਉਂ ਨਹੀਂ ਸਮਾਉਂਦੀ!

2.

ਉਸ ਪੁਸਤਕ ਨੇ
ਮੈਨੂੰ ਅੱਖਰ-ਅੱਖਰ
ਪੁਣਿਆਂ ਹੈ
ਲਫ਼ਜ਼-ਲਫ਼ਜ਼ ਬੁਣਿਆਂ ਹੈ

ਮੈਂ ਜੋ ਵੀ ਹਾਂ
ਅੱਖਰਾਂ ਦੀ ਖਟ ਹਾਂ
ਜੋ ਬਾਕੀ ਹਾਂ
ਲਫ਼ਜ਼ਾਂ ਦਾ ਹੱਠ ਹਾਂ
ਉਹ ਪੁਸਤਕ
ਮੇਰਾ ਵਿਰਦ ਹੈ ਤੇ ਵੈਣ ਵੀ
ਬੇਚੈਨੀ ਤੇ ਚੈਨ ਵੀ

ਲਫ਼ਜ਼ਾਂ ਦੀਆਂ ਲੜੀਆਂ
ਮੇਰੇ ਦੁਆਲੇ ਲਿਪਟਾਉਂਦੀ
ਦੁਖ-ਸੁਖ ਦੀਆਂ ਬਾਤਾਂ ਪਾਉਂਦੀ

ਉਹ ਮੇਰੀ ਮਾਂ ਹੈ
ਜੋ ਮੈਨੂੰ ਮੇਰੇ ਨਾਲ ਜੋੜਦੀ ਹੈ
ਮੇਰੀ ਮਹਿਬੂਬ ਹੈ
ਜੋ ਮੈਨੂੰ ਮੇਰੇ ਨਾਲੋਂ ਤੋੜਦੀ ਹੈ

ਉਹ ਪੁਸਤਕ
ਮੈਂ ਕਦ ਪੜ੍ਹਦਾ
ਕਿੱਥੇ ਰੱਖਦਾ ਹਾਂ
ਨਾ ਪਤਨੀ
ਤੇ ਨਾ ਹੀ ਬੱਚਿਆਂ ਨੂੰ ਦੱਸਦਾ ਹਾਂ।

☆ ☆ ☆ ☆

## 1. ਤੇਜਿੰਦਰ ਬਾਵਾ

ਮੈਂ ਹੁਣ ਮੇਲੇ ਨਹੀਂ ਦੇਖ
ਨਾ ਹੀ ਜਾਂਦਾ ਹਾਂ ਮੇਲੇ 'ਤੇ

ਮੇਲੇ ਤਾਂ ਸਮਿਆਂ ਦੀ ਧੂੜ 'ਚ ਗੁਆਚ ਗਏ ਨੇ
ਮੇਲੇ ਹੁਣ ਜਲਸਿਆਂ 'ਚ ਤਬਦੀਲ ਹੋ ਗਏ ਨੇ
ਮੇਲੇ ਤਾਂ ਹੁਣ ਉਡੀਕ ਦਾ ਘਰ-ਫ਼ਿਤਾਵਾਂ ਦਾ ਦਰ ਨੇ
ਹੁਣ ਮੇਲੇ ਕਿਸੇ ਤਿੱਥ-ਤਿਉਹਾਰ ਦੀ ਆਮਦ ਨਾਲ ਨਹੀਂ
ਮੰਤਰੀ ਦੇ ਉਦਘਾਟਨ ਨਾਲ ਸ਼ੁਰੂ ਹੁੰਦੇ ਨੇ

ਮੇਲਿਆਂ 'ਚ....
    ਉਮਰਾਂ ਦਾ ਨਿੱਘ-ਨਿੱਕੀਆਂ ਸ਼ਰਾਰਤਾਂ ਦਾ ਸ਼ੋਰ
    ਤੇ ਮੁਟਿਆਰ ਝਾਂਜਰਾਂ ਨਹੀਂ ਜਾਂਦੀਆਂ
ਉਥੇ ਤਾਂ ਹੁਣ ਬੇਦਾਗ਼ ਕਾਰਾਂ-ਤੇਜ਼ ਰਫ਼ਤਾਰਾਂ
ਅਣਸੁਲਝੀ ਤਰਤੀਬ ਨਾਲ ਪਹੁੰਚੀਆਂ ਨੇ

ਮੇਲਿਆਂ 'ਚ ਹੁਣ ਕੋਈ ਗੀਤ ਜਾਂ ਲੋਕ-ਗੀਤ ਨਹੀਂ
ਮੂੰਹ ਚਿੜਾਉਂਦੇ ਭਾਸ਼ਨ ਬੋਲਦੇ ਨੇ
ਭੁੱਖੇ ਢਿੱਡ-ਲਲਸਾਈਆਂ ਨਜ਼ਰਾਂ ਤੇ ਲੋਕ
ਬੁੱਸੇ ਵਾਅਦੇ ਖਾ ਕੇ ਘਰਾਂ ਨੂੰ ਵਾਪਸ ਪਰਤ ਆਉਂਦੇ ਨੇ

ਮੇਲਿਆਂ 'ਚ ਹੁਣ ਕੋਈ ਮਦਾਰੀ ਤਮਾਸ਼ਾ ਨਹੀਂ ਦਿਖਾਉਂਦਾ
    ਨਾ ਹੀ ਕੋਈ ਜਾਦੂਗਰ ਸਜਾਉਂਦਾ ਏ ਸਟੇਜ
ਮਹਾਂਨਗਰ ਦੀਆਂ ਲਾਲ ਇਮਾਰਤਾਂ ਤੋਂ ਲੰਘਦੇ
ਜਹਾਜ਼ਾਂ ਦੀਆਂ ਚੀਕਵੀਆਂ ਆਵਾਜ਼ਾਂ
ਤੇ ਅਸਮਾਨ 'ਚ ਪਰਿੰਦਿਆਂ ਦੀਆਂ ਪਰਵਾਜ਼ਾਂ ਚੀਰਦੇ
ਫ਼ਾਇਰਾਂ ਦਾ ਸਿੱਧਾ ਪ੍ਰਸਾਰਣ
ਮੇਲਿਆਂ ਦੇ ਮਨੋਰੰਜਨ ਦਾ ਹਿੱਸਾ ਏ

ਮੇਲੇ 'ਚ ਹੁਣ ਕੋਈ ਵੀ ਬੱਚਾ
ਬਿਰਧ ਹੋ ਚੁੱਕੀ ਮਾਂ ਲਈ 'ਲਾਠੀ ਦੀ ਭਾਲ 'ਚ ਨਹੀਂ
ਕਿਸੇ ਵੱਡੇ 'ਖੜਾਕ' ਵਾਲੇ ਖਿਡੌਣੇ ਦੀ ਲਾਲਸਾ 'ਚ
ਫਿਰ ਰਿਹਾ ਹੁੰਦਾ ਏ

ਮੇਲੇ 'ਚ ਮੇਲਿਆਂ ਵਰਗਾ ਹੁਣ ਕੁਝ ਨਹੀਂ ਹੁੰਦਾ
ਚਾਨਣੀਆਂ ਦੇ ਸਹਾਰੇ
ਟੰਗੀਆਂ ਕਾਮੁਕ ਤਸਵੀਰਾਂ ਦੀ ਪਰਦਰਸ਼ਨੀ
ਮੇਜ਼ਾਂ 'ਤੇ ਪਈਆਂ ਬੇਜਾਨ ਵਸਤਾਂ



ਕੁਝ ਖਿੜੇ ਤੇ ਖਾਮੋਸ਼ ਚਿਹਰੇ
ਮੇਲਿਆਂ ਦੀ ਸਜਾਵਟ ਬਣ ਚੁੱਕੇ ਨੇ

ਮੇਲੇ 'ਚ ਮੇਲਿਆਂ ਵਰਗਾ ਹੁਣ ਕੁਝ ਨਹੀਂ ਹੁੰਦਾ
ਮੈਂ ਹੁਣ ਮੇਲੇ ਨਹੀਂ ਦੇਖਦਾ
ਨਾ ਹੀ ਜਾਂਦਾ ਹਾਂ ਮੇਲੇ 'ਤੇ.....

## 2. ਸੰਖਿਆ ਦੀ ਕਰਾਮਾਤ

ਬੜੀ ਅਨੋਖੀ ਤੇ ਕੋਝੀ ਏ
ਸੰਖਿਆ ਦੀ ਦੌੜ

ਸੰਖਿਆ ਦੀ ਪੀੜ੍ਹੀ ਨਿਰੰਤਰ ਚਲਦੀ
ਸੋਚਣ ਤੋਂ ਪਹਿਲਾਂ
    ਸ਼ੁਰੂ ਹੁੰਦੀ ਇਕ ਹੋਰ ਸੰਖਿਆ
ਖ਼ਤਮ ਕਰਨ 'ਤੇ ਹੁੰਦੀ ਨਾ ਮਨਫ਼ੀ
ਸੰਖਿਆ ਅ-ਸੰਖਿਆ 'ਚ ਬਦਲਦੀ
    ਭੇਸ ਵਟਾਉਂਦੀ
    ਰੰਗ ਵਖਾਉਂਦੀ
ਆਦਮ ਜਾਤ ਦੀ ਸਿਰਜਕ ਕਹਾਉਂਦੀ
ਇਕ ਤੋਂ ਅੱਗੇ- ਇਕ ਤੋਂ ਪਿੱਛੇ
ਸੰਖਿਆ ਦਾ ਦੌਰ ਸੰਖਿਆ ਹੰਢਾਉਂਦੀ
ਹਰ ਜਿੱਤ 'ਤੇ ਸ਼ੁਰੂ ਹੁੰਦੀ ਨਵੀਂ ਸੰਖਿਆ
ਨਵੀਂ ਈਸਵੀ, ਸਦੀ ਤੇ ਨਵਾਂ ਦਿਨ
ਹਰ ਜਾਣ 'ਤੇ ਚਲਦੀ ਉਹੀ ਸੰਖਿਆ
ਬਿਨਾਂ ਹਿਰਖ-ਬਿਨਾਂ ਸੋਗ

ਸੰਖਿਆ 'ਚ ਮਨੁੱਖ ਹਮੇਸ਼ਾ ਹਰਦਾ
ਚਿੰਤਾਵਾਂ ਵਿਹਾਜਦਾ, ਥੁੜਾਂ ਹੰਢਾਉਂਦਾ
ਸੰਖਿਆ ਵਾਂਗ ਕਦੇ ਨਾ ਜੁੜਦਾ
ਮਨਫ਼ੀ ਹੁੰਦਾ ਨਿੱਤ ਘਟਣ ਵਾਂਗ
ਕਦੇ ਨਾ ਫੈਲੇ ਗੁਣਨਖੰਡ ਬਣ
ਵੰਡਿਆ ਜਾਵੇ 'ਕੱਲਾ ਕਾਰਾ
ਘੁੰਮ ਨਾ ਸਕਦਾ
    ਸੰਖਿਆ ਆਲੇ-ਸੰਖਿਆ ਦੁਆਲੇ
ਭੱਜਦਾ-ਦੌੜਦਾ-ਹਰਦਾ
ਹਰਦਾ-ਦੌੜਦਾ-ਭੱਜਦਾ

ਸੰਖਿਆ ਲਈ ਬੰਦੇ ਦੀ ਇਹੀ ਜਾਤ
ਸੰਖਿਆ ਦੀ ਇਹੀ ਕਰਾਮਾਤ

## ਕਾਲ਼ਾ ਸੂਰਜ / ਮੋਹਣ ਮਤਿਆਲਵੀ

ਦਿਨ ਚੜ੍ਹਦਾ ਹੈ
ਮੇਰੇ ਖ਼ਾਬਾਂ ਦੇ ਅੰਬਰ ਦੀ
ਛਾਤੀ ਦੇ ਵਿੱਚ
ਖੰਜਰ ਵਾਂਗੂ ਲਹਿ ਜਾਂਦਾ ਹੈ।

ਸੰਝ ਸਵੇਰੇ ਹਾਲੇ ਚਿੜੀਆਂ
ਚੀਂ-ਚੀਂ ਚਹਿਕਦੀਆਂ ਹੀ ਹੁੰਦੀਆਂ,
ਮੁੱਲਾਂ ਤੇ ਮੁਰਗਾ ਅਜੇ ਤੱਕ
ਦੂਜੀ ਬਾਂਗ ਦੇ ਰਹੇ ਹੁੰਦੇ
ਕਿ ਕੰਧ ਘੜੀ ਤਿੰਨੇ ਸੂਈਆਂ
ਸਿਰ ਵਿੱਚ ਛੱਲਾਂ ਵਾਂਗੂ ਘੁੰਮਣ ਘੇਰੀਆਂ ਪਾਉਂਦੀਆਂ,
ਕਿਆਰੀ ਵਿਚਲੀ ਸਵੇਰ ਖਿੜੀ ਦੇ ਰੰਗ ਬਦਲਦੇ
ਲੱਗਦਾ ਜਿਉਂ ਕਾਲ਼ਾ ਸੂਰਜ ਚੜ੍ਹਿਆ ਹੈ!

ਕਾਲੇ ਸੂਰਜ ਦੇ ਨਾਲ ਨਾਲ
"ਨੀਲੀ' ਪੈਨਸਿਲ ਨਾਲ
"ਪਰਚੇ' ਪਰਚੀਆਂ 'ਤੇ 'ਮਿੱਠੇ-ਮਿੱਠੇ'
ਬੋਲ ਤੋਲੇ ਲਿਖਦੇ ਮੈਡੀਕਲ ਅਫ਼ਸਰ ਦੇ
ਥਰਮਾਮੀਟਰ ਬੀ. ਪੀ. ਅਤੇ ਸਟੈਥੋ 'ਚੋਂ
ਮੈਂ ਕੋਸ਼ਿਸ਼ ਕਰਦਾ ਕਿ ਦੂਜਾ ਰੱਬ ਹੀ ਲੱਭ ਪਵੇ,
ਬੁੱਢੇ ਖੋਸੜ ਬੌਸ ਦੇ ਕਾਲੇ ਕੋਟ ਦੇ ਥੱਲਿਓਂ
ਉਸਦੇ ਦਫ਼ਤਰ ਦੇ ਰੰਗ ਬਿਰੰਗੇ ਪਰਦਿਆਂ ਪਿੱਛੋਂ
ਟੀਰੀ ਅੱਖ ਵਾਂਗੂ ਘੁੰਮਦੀ ਉਸਦੀ ਕੁਰਸੀ ਦੇ ਚੱਕਿਆਂ ਹੇਠੋਂ
ਮੈਂ ਬੰਦੇ ਦਾ ਪੁੱਤਰ ਲੱਭਦਾ ਫਿਰਦਾ ਹਾਂ.....

ਮੈਂ ਵੀ ਸ਼ਾਇਦ ਹੁਣ ਖਾਹ-ਮਖਾਹ
ਬੀਤੇ ਦੇ ਸਿਵਿਆਂ ਦੀ ਰਾਖ਼ ਫਰੋਲ ਰਿਹਾ ਹਾਂ
ਤੇ ਇਸ ਰਾਖ਼ 'ਚੋਂ
"ਮੋਹ ਦਾ ਦਰਿਆ



ਮਮਤਾ ਦਾ ਸਾਗਰ
ਤੇ ਜਿਗਰ ਦੇ ਟੁਕੜੇ ਟੋਲ ਰਿਹਾ ਹੈ"!

ਐਧਰ 'ਸਿਮਰਤੀਆਂ 'ਚੋਂ ਕਿਰਨ ਤੋਂ ਪਹਿਲਾਂ
ਜੇਕਰ ਸੁੱਤਾ ਜੰਗਲ ਜਾਗ ਪਵੇ
ਠੰਡੀ ਰਾਖ਼ 'ਚੋਂ ਅਗਨ ਸਿਤਾਰੇ ਨੱਚ ਉੱਠਣ
ਬੀਤੇ ਦੇ ਸਿਵਿਆਂ ਨੂੰ ਮੁੜ ਕੇ ਲਾਂਬੂ ਲਾ ਦੇਵਣ....

ਫਿਰ ਵੀ ਦਿਨ ਦੀ ਕਾਲ਼ੀ ਧੁੱਪ ਵਿੱਚ
ਇੱਕ ਇੱਕ ਨਾ ਦੋ ਦੋ ਹੱਥ ਕਰਕੇ
ਖਾਲੀ ਹੱਥ ਮੁੜ ਆਉਂਦਾ ਹਾਂ!
ਆਪਣੀ ਛਾਤੀ ਵਿੱਚ ਸੁਲਗ ਰਹੇ
ਤੇ ਵਿਹੜੇ ਵਿਚ ਖੁਸ਼ਬੂਆਂ ਦਾ ਮੇਲਾ ਲਾਈ
ਮੌਲ ਰਹੇ ਫੁੱਲਾਂ ਕਲੀਆਂ ਨੂੰ
ਲਾਡ ਲਡਾਵਣ ਲੱਗਦਾ ਹਾਂ
ਅਤੇ ਅਚਾਨਕ! ਫਿਰ ਉਨ੍ਹਾਂ ਨੂੰ
ਲੱਕੜ ਦੇ ਰੇਹੜੇ ਤੇ ਲੋਹੇ ਦੇ ਵਾਕਰ ਨਾਲ
ਆਪਣੇ ਪੈਰਾਂ 'ਤੇ ਤੁਰਨਾ ਦੱਸਦਾ ਹਾਂ!

ਕਾਲ਼ੀ ਚਾਹ ਦੇ ਘੁੱਟ ਭਰਦੇ ਭਰਦੇ,
ਤੁਰਦੇ ਤੁਰਦੇ ਦਿਨ ਛਿਪਦਾ ਹੈ,
ਬਦਰੰਗ ਹੋਈ ਸ਼ਾਮ ਦੀਆਂ
ਧੁੰਦ ਵਿੱਚ ਡੁੱਬ ਰਹੀਆਂ ਰੌਸ਼ਨੀਆਂ ਦੇ ਪਹਿਰੇ ਥੱਲੇ
ਮੇਰੇ ਖ਼ਾਬਾਂ ਦੀ
ਧਰਤ-ਰਾਤ ਦੀ ਕੁੱਖ ਵਿੱਚ
ਖੰਜਰ ਵਾਂਗੂ ਲਹਿ ਜਾਂਦਾ ਹੈ।

*(ਸਰਕਾਰੀ ਹਸਪਤਾਲ, ਸ਼ਾਹਕੋਟ-144702)*

# ਫੈਸਲਾ

*—ਮਹਿਮੂਦ ਅਹਿਮਦ ਕਾਜ਼ੀ*

ਭਰਾ ਨੇ ਤੀਜੇ ਖ਼ਤ ਵਿਚ ਲਿਖਿਆ ਸੀ, "ਫੈਸਲਾ....ਜਲਦੀ ਕਰੋ" ਇਹਦਾ ਇਸ ਖਾਸ ਵਿਸ਼ੇ ਤੇ ਤੀਜਾ ਖ਼ਤ ਪ੍ਰਾਪਤ ਕਰਨ ਤੇ ਮੈਨੂੰ ਉਹਦੇ ਪਹਿਲੇ ਦੋਵਾਂ ਖ਼ਤਾਂ ਦੇ ਛੋਟੇ ਤੋਂ ਛੋਟੇ ਇਸ਼ਾਰੇ ਵੀ ਯਾਦ ਆ ਗਏ। ਪਹਿਲੇ ਖ਼ਤ ਵਿਚ ਲਿਖਿਆ ਸੀ, "ਦੇਰ ਹੋ ਰਹੀ ਹੈ" ਦੂਜੇ ਵਿਚ ਧਮਕੀ ਸੀ, "ਸਾਡਾ ਸਬਰ ਹੁਣ ਮੁੱਕਣ ਵਾਲਾ ਏ" ਮੈਂ ਸੋਚਣ ਲੱਗ ਪਿਆ ਕਿ ਇਹਨਾਂ ਨੂੰ ਏਨੀ ਕਾਹਲੀ ਕੀ ਪੈ ਗਈ ਏ। ਕੀ ਸਾਰੇ ਲੋਕੀਂ ਇੰਝ ਹੀ ਸੋਚਦੇ ਨੇ", ਭਰਾ ਦੀ ਗੱਲ ਤੇ ਮੈਨੂੰ ਕੁਝ ਕੁਝ ਸਮਝ ਵਿਚ ਆਉਂਦੀ ਸੀ। ਪਰ ਨਾਲ ਦੋਹਾਂ ਭੈਣਾਂ ਦਾ ਰੌਲਾ-ਰੱਪਾ...ਉਹ ਬਗੈਰ ਸਾਹ ਲਿਆ ਕਾਂ ਕਾਂ ਪਈਆਂ ਕਰੇਦੀਆਂ ਸਨ। ਕਦੇ ਟੈਲੀਫੋਨ....ਕਦੀ ਲੋਕਾਂ ਦੇ ਹੱਥ ਸੁਨੇਹੇ....ਕਦੀ ਆਪ ਆ ਜਾਦੀਆਂ....ਮੈਂ ਤੇ ਬੇਬਸ ਹੋ ਗਿਆ ਸੀ। ਅਜੇ ਅੱਬਾ ਜੀ ਨੂੰ ਮਰਿਆਂ ਇੱਕ ਸਾਲ ਈ ਤੇ ਹੋਇਆ ਸੀ ਤੇ ਮਾਂ ਨੂੰ ਸਿਰਫ ਚਾਰ ਮਹੀਨੇ! ਕਿ ਮੈਂ ਉਹਨਾਂ ਦੇ ਬਾਰ-ਬਾਰ ਆਖਣ ਕਾਰਨ ਪਿੰਡ ਦੀ ਸਾਰੀ ਜੱਦੀ ਪੁਸ਼ਤੀ ਜ਼ਮੀਨ ਤੇ ਟਰੈਕਟਰ ਟਿਊਬਵੈੱਲ ਥਰੈਸ਼ਰ ਤੇ ਮਾਲ-ਡੰਗਰ ਆਦਿ ਵੇਚ ਵੱਟ ਕੇ ਸਾਰੇ ਪੈਸੇ ਉਹਨਾਂ ਦੀਆਂ ਤਲੀਆਂ ਤੇ ਰੱਖ ਦਿਤੇ ਸਨ। ਮੈਂ ਆਪ ਇਕ ਪੈਸਾ ਵੀ ਲੈਣਾ ਨਹੀਂ ਸਾ ਚਾਹੁੰਦਾ, ਪਰ ਫੇਰ ਆਪਣੀ ਬੀਵੀ ਦੀ ਖੱਚ ਖੱਚ, ਪੁੱਤਰ ਦੇ ਮੱਥੇ ਤੇ ਤਿਊੜੀ ਤੇ ਨੂੰਹ ਦੀਆਂ ਸੜੀਆਂ ਬਲੀਆਂ ਗੱਲਾਂ ਦੇ ਪ੍ਰਛਾਵੇਂ ਹੇਠ ਮੈਂ ਵੀ ਆਪਣਾ ਹਿੱਸਾ ਲੈ ਈ ਲਿਆ। ਇਹ ਚੰਗੀ ਵੱਡੀ ਰਕਮ ਸੀ, ਜਿਸ ਨੂੰ ਮੇਰਾ ਪੁੱਤਰ ਬੜੀ ਕਾਹਲੀ ਵਿਚ ਆਪਣੇ ਬੈਂਕ ਦੇ ਹਿਸਾਬ ਵਿਚ ਜਮ੍ਹਾ ਕਰਵਾ ਆਇਆ ਸੀ। ਉਸ ਦਿਨ ਰਾਤ ਦੇ ਖਾਣੇ ਤੇ ਮੇਰੀ ਨੂੰਹ ਨੇ ਮੇਰੇ ਲਈ ਖਾਸ ਤੌਰ ਤੇ ਗੁੜ ਦੇ ਚੌਲ, ਜਿਹਨਾਂ ਵਿੱਚ ਸੌਂਗੀ, ਤੇ ਨਾਲ ਹੀ ਗਿਰੀ ਪਈ ਹੋਈ ਸੀ, ਪਕਾਏ। ਉਹਨੂੰ ਪਤਾ ਸੀ ਜੋ ਮੈਂ ਇਸ ਡਿਸ਼ ਬੜੇ ਸ਼ੌਕ ਨਾਲ ਖਾਂਦਾ ਸਾਂ.....ਮੁਸਕਰਾਉਂਦਿਆ ਹੋਇਆ ਆਪਣੀ ਮਨ-ਪਸੰਦ ਖੁਰਾਕ ਦਾ ਚਮਚਾ ਆਪਣੇ ਮੂੰਹ ਵਿਚ ਪਾਇਆ ਸੀ- ਇੱਕ ਤਰਾਂ ਦੀ ਰਿਸ਼ਵਤ! ਮੇਰੀ ਮੁਸਕਰਾਹਟ ਜ਼ਰਾ ਲੰਮੀ ਹੋ ਗਈ ਸੀ। ਖ਼ਬਰੇ ਜਦੋਂ ਆਦਮੀ ਕੱਲਿਆਂ ਮੁਸਕਰਾਉਂਦਾ ਏ ਤਾਂ ਇੰਝ ਹੀ ਹੁੰਦਾ ਏ!

ਇਸ ਘਟਨਾ ਤੋਂ ਬਾਅਦ ਮੈਂ ਜ਼ਰਾ ਤਸੱਲੀ ਨਾਲ ਬਹਿ ਗਿਆ ਕਿ ਚਲੋ ਝਗੜੇ ਦੀ ਮੂਰਤ ਤੇ ਟਲੀ। ਵੈਸੇ ਵੀ ਮੈਂ ਆਦਤ ਵਜੋਂ ਤੇ ਖਸਲਤ ਵਜੋਂ, ਬਗੈਰ ਝਗੜੇ ਵਾਲਾ ਤੇ ਸੁਲਾਹ ਕਰਨ ਵਾਲਿਆਂ ਦੀ ਕਿਸਮ ਵਾਲਾ ਬੰਦਾ ਹਾਂ। ਮੈਨੂੰ ਸ਼ੋਰ ਤੇ ਗਾਹਲਾਂ ਚੰਗੀਆਂ ਨਹੀਂ ਲੱਗਦੀਆਂ। ਪਰ ਫੇਰ ਉਹਨਾਂ ਨੇ ਇੱਕ ਹੋਰ ਸਿਆਪਾ ਸ਼ੁਰੂ ਕਰ ਦਿੱਤਾ। ਉਹ ਹੁਣ ਵਿਕਣ ਤੋਂ ਰਹਿ ਗਏ ਜੱਦੀ ਪੁਸ਼ਤੀ ਮਕਾਨ ਦੇ ਪਿੱਛੇ ਪੈ ਗਏ ਸਨ। ਇਹ ਰੋਣਾ-ਧੋਣਾ ਕੀ ਸੀ ? ਕੁਝ ਕੱਚੇ ਪੱਕੇ ਕਮਰਿਆਂ ਦਾ ਪਿੰਡ ਦੀ ਜ਼ਮੀਨ ਤੇ ਬਣਿਆਂ ਦੱਸ ਮਰਲੇ ਜਾਂ ਏਦੋਂ ਵੀ ਘੱਟ ਮਰਲਿਆਂ ਦਾ ਇਹ ਮਕਾਨ ਉਹਨਾਂ ਦੇ ਕਿਸ ਕੰਮ ਆਉਣਾ ਸੀ ਪਰ ਉਹਨਾਂ ਨੂੰ ਤੇ ਜ਼ਿੱਦ ਜਹੀ ਹੋ ਗਈ ਸੀ "ਜਲਦੀ ਕਰੋ ਤੇ ਇਹਨੂੰ ਵੇਚੋ" ਮੈਂ ਉਹਨੂੰ ਏਸ ਲਈ ਵੇਚਣਾ ਨਹੀਂ ਸਾਂ ਚਾਹੁੰਦਾ ਜੋ ਇਹਦੇ ਹੁੰਦਿਆਂ ਮੇਰੇ ਪਿੰਡ ਦੇ ਲੋਕਾਂ ਨਾਲ ਆਪਣੇ ਲੋਕਾਂ ਨਾਲ, ਪੁਰਾਣੇ ਦੋਸਤਾਂ ਨਾਲ ਇਕ ਸਬੰਧ ਬਰ-ਕਰਾਰ ਰਹਿ ਸਕਦਾ ਸੀ। ਇਹਦੇ ਹੁੰਦਿਆਂ ਮੈਂ ਕਦੀ ਕਦੀ ਉਥੇ ਜਾ ਸਕਦਾ ਸੀ। ਉਥੇ ਰਹਿ ਸਕਦਾ ਸੀ। ਆਪਣੇ ਯਾਰ ਰਫੀਕ ਨੰਬਰਦਾਰ ਕੋਲ ਬਹਿ ਕੇ, ਜਿਸਨੇ ਸਾਡੀ ਜ਼ਮੀਨ ਖਰੀਦੀ ਸੀ. ਭੁੰਨੀਆਂ ਹੋਈਆਂ ਛੱਲੀਆਂ, ਭੁੱਜੇ ਹੋਏ ਛੋਲੇ ਖਾ ਸਕਦਾ ਸੀ ਤੇ ਹੁੱਕਾ ਪੀ ਸਕਦਾ ਸੀ,



ਉਹਦੀਆਂ ਗੱਪਾਂ ਸੁਣ ਸਕਦਾ ਸੀ। ਉਹ ਕਾਰੀਗਰ, ਕਿਸਮ ਦਾ ਗੱਪ-ਬਾਜ਼ ਸੀ, ਪਤਾ ਈ ਨਹੀਂ ਸੀ ਲੱਗਣ ਦਿੰਦਾ ਕਿ ਕਦੋਂ ਉਹ ਗੱਪ ਸੁਣਾ ਰਿਹਾ ਹੁੰਦਾ ਸੀ ਤੇ ਕਦੋਂ ਕੋਈ ਅਸਲ ਕਿੱਸਾ। ਉਹ ਬੜਾ ਹੱਸਣ ਖੇਡਣ ਵਾਲਾ ਤੇ ਚੰਗੀ ਤਬੀਅਤ ਦਾ ਬੰਦਾ ਸੀ। ਹਾਸਾ ਹਰ ਵੇਲੇ ਉਹਦੀਆਂ ਵਰਾਛਾਂ ਵਿੱਚੋਂ ਬਾਹਰ ਡੁੱਲ੍ਹਦਾ ਰਹਿੰਦਾ ਸੀ। ਫੇਰ ਉਥੇ ਦਾਦਾ ਕਰਮ ਦਾਦ ਵੀ ਸੀ। ਪਿੰਡ ਦਾ ਮਰਾਸੀ, ਜਿਸ ਬਚਪਨ ਵਿਚ ਮੈਨੂੰ ਗੇਂਦੀ ਵੀ ਖਿਡਾਇਆ ਸੀ। ਉਹ ਹੁਣ ਵੀ ਮੇਰੇ ਹੱਥੋਂ ਦਸ ਜਾਂ ਪੰਜਾਹ ਦਾ ਨੋਟ ਲੈ ਕੇ "ਜਜਮਾਣ ਜੀਉਂਦੇ ਰਹੋ" ਦਾ ਨਾਹਰਾ ਲਾਉਂਦਾ ਸੀ। ਐਥੇ ਈ ਜੀਊਣਾ ਤਰਖਾਣ ਵੀ ਸੀ, ਜੀਹਦੇ ਬਣਾਏ ਹੋਏ ਰੰਗੀਨ ਪਾਵਿਆਂ ਵਾਲੇ ਵੱਡਾ ਪਲੰਘ ਤੇ ਅੱਬਾ ਜੀ ਵਰ੍ਹਿਆਂ ਤੀਕ ਸੌਂਦੇ ਤੇ ਆਰਾਮ ਕਰਦੇ ਰਹੇ ਸਨ। ਤੇ ਨਾਲੇ ਉਥੇ ਮਜੀਦ ਲੁਹਾਰ ਵੀ ਤੇ ਸੀ, ਜਿਸ ਖਾਸ ਲਿਹਾਜ਼ ਕਾਰਨ ਮੇਰੇ ਲਈ ਬੜੀਆਂ ਰਾਤਾਂ ਦੇ ਜਗਰਾਤੇ ਤੋਂ ਬਾਅਦ ਇੱਕ ਸ਼ਾਨਦਾਰ ਖੰਜਰ ਬਣਾਇਆ ਸੀ, ਜਿਹਨੂੰ ਧੁੱਪ ਵਿਚ ਬਾਹਰ ਕੱਢਣ ਨਾਲ ਉਹਦੇ ਫਲ ਦੀ ਚਮਕ ਅੱਖਾਂ ਨੂੰ ਅੰਨ੍ਹਿਆਂ ਕਰ ਦਿੰਦੀ।

ਮੇਰੇ ਇਹ ਸਾਰੇ ਸਾਥੀ ਉਥੇ ਪਿੰਡ ਵਿਚ ਸਨ। ਜਿਹਨਾਂ ਦੇ ਨਾਲ ਮੇਰੀ ਸਾਂਝ ਨੂੰ ਮੇਰੇ ਆਪਣੇ ਲੋਕੀਂ ਤੋੜਨ ਤੇ ਤੁਲ ਗਏ ਸਨ। ਮੈਂ ਦੁਬਿਧਾ ਵਿਚ ਸਾਂ ਪਰ ਆਪਣੇ ਭਰਾ ਦੇ ਹੱਠ ਉੱਤੇ ਤੇ ਭੈਣਾਂ ਦੇ ਭੇਜੇ ਜਾਣ ਵਾਲਾ ਹਰਕਾਰੇ ਮੈਨੂੰ ਵੀ ਤੇਜ਼ੀ ਵਿਖਾਉਣ ਤੇ ਮਜਬੂਰ ਕਰ ਰਹੇ ਸਨ। ਅਖੀਰ ਮੈਂ ਹਾਲਾਤ ਤੋਂ ਤੰਗ ਆਇਆ ਬਲਕਿ ਬੇਬਸ ਹੋਇਆ ਪਿੰਡ ਵੱਲ ਟੁਰ ਪਿਆ। ਇਹਦੇ ਤੋਂ ਪਹਿਲਾਂ ਮੈਂ ਆਪਣੇ ਯਾਰ ਨੰਬਰਦਾਰ ਰਫੀਕ ਨੂੰ ਖ਼ਤ ਲਿਖ ਕੇ ਹਾਲਾਤ ਤੋਂ ਜਾਣੂ ਕਰ ਦਿੱਤਾ ਸੀ ਤੇ ਨਾਲ ਆਖ ਦਿੱਤਾ ਸੀ ਕਿ ਉਹ ਮੇਰੇ ਆਉਣ ਤੀਕ ਮਕਾਨ ਦਾ ਗਾਹਕ ਲੱਭ ਛੱਡੇ। ਏਸ ਵਾਰ ਉਹਨੇ ਬਿਲਕੁਲ ਵਿਹਾਰਕ ਅੰਦਾਜ਼ ਵਿਚ ਲਿਖਿਆ ਸੀ ਕਿ ਉਹ ਇਹ ਮਕਾਨ ਆਪ ਖਰੀਦੇਗਾ। ਫੇਰ ਉਸ ਨੇ ਕੀਮਤ ਵੀ ਖ਼ੁਦ ਹੀ ਤਹਿ ਕਰ ਦਿੱਤੀ ਸੀ, ਅਰਥਾਤ ਬੱਤੀ ਹਜ਼ਾਰ ਰੁਪਏ, ਜਿਹਨ ਦਾ ਅੱਧ ਸੋਲਾਂ ਹਜ਼ਾਰ ਰੁਪਏ ਬਣਦੇ ਸਨ। ਮੈਂ ਜਦੋਂ ਇਹ ਸਾਰਾ ਕੁਝ ਭਰਾ ਤੇ ਭੈਣਾਂ ਨੂੰ ਦੱਸਿਆ ਤੇ ਉਹ ਫੁਰੰਤ ਮੰਨ ਗਏ, ਹਾਲਾਂ ਕਿ ਮੇਰਾ ਹਿੱਸਾ ਨਾ ਲੈਣ ਨਾਲ ਵੀ ਬੱਤੀ ਹਜ਼ਾਰ ਨੂੰ ਹੋਰ ਤਕਸੀਮ ਹੋਣਾ ਸੀ। ਅਰਥਾਤ ਮੇਰੀ ਏਸ ਖੇਡ ਵਿੱਚੋਂ ਨਿਕਲਣ ਕਾਰਨ ਏਸ ਰਕਮ ਦੇ ਦੋ ਹਿੱਸੇ ਹੋਣੇ ਸਨ। ਸੋਲਾਂ ਹਜ਼ਾਰ ਭਰਾ ਨੂੰ ਮਿਲਣੇ ਸਨ ਤੇ ਅੱਠ ਅੱਠ ਹਜ਼ਾਰ ਦੋਵਾਂ ਭੈਣਾਂ ਨੂੰ। ਏਸ ਵਾਰ ਵੀ ਮੇਰੀ ਬੀਵੀ ਪੁੱਤਰ ਤੇ, ਨੂੰਹਾਂ ਵੱਲੋਂ ਤਿਰਲ਼-ਫਸ ਦੀ ਕੋਸ਼ਿਸ਼ ਹੋਈ ਕਿ ਉਹ ਸਭ ਆਪਣੇ ਅਰਥਾਤ ਮੇਰਾ ਹਿੱਸੇ ਦੀ ਨਾਹ-ਨੁੱਕਰ ਨੂੰ ਠੀਕ ਨਹੀਂ ਸੀ ਸਮਝਦੇ। ਪਰ ਪਤਾ ਨਹੀਂ ਕਿਉਂ ਇੱਕ ਦੋ ਵਾਰ ਨਾਸ਼ਤੇ ਦਾ ਮੇਜ਼ ਤੇ ਇਸ ਵਿਸ਼ੇ ਨੂੰ ਛੂਹ ਕੇ ਉਹ ਚੁੱਪ ਹੋ ਗਏ। ਖ਼ਬਰੇ ਮੈਂ ਪਹਿਲੀ ਵਾਰ ਜ਼ਿੰਦਗੀ ਵਿੱਚ, ਬੜੀ ਸਖ਼ਤੀ ਨਾਲ ਨਾਂਹ ਕੀਤੀ ਸੀ। ਮੇਰਾ ਖਿਆਲ ਸੀ ਕਿ ਉਹਨਾਂ ਨੂੰ ਇਹ ਗੱਲ ਕਰਨ ਤੇ ਸੋਚਣ ਦੀ ਕੋਈ ਖਾਸ ਲੋੜ ਨਹੀਂ ਸੀ ਕਿ ਮੈਂ ਖ਼ੁਦ ਇੱਕ ਵੱਡੀ ਤਨਖਾਹ ਵਾਲੀ ਨੌਕਰੀ ਤੋਂ ਰੀਟਾਇਰ ਹੋਇਆ ਸੀ। ਪੈਨਸ਼ਨ ਗ੍ਰੈਚੁਅਟੀ ਦਾ ਕਾਫੀ ਪੈਸਾ ਮਿਲਿਆ ਸੀ। ਮਹੀਨਾ ਵਾਰ ਪੈਨਸ਼ਨ ਵੀ ਠੀਕ ਠਾਕ ਸੀ। ਘਰ ਵਿਚ ਇੱਕ ਛੱਡ ਦੋ ਗੱਡੀਆਂ, ਨੌਕਰ-ਚਾਕਰ, ਜ਼ਿੰਦਗੀ ਦੀਆਂ ਦੂਜੀਆਂ ਸਹੂਲਤਾਂ ਵੀ ਵਾਧੂ ਸਨ। ਵਗੈਰਾ, ਵਗੈਰਾ ਤੇ ਇਸ ਵਗੈਰਾ ਵਗੈਰਾ ਦੀ ਮਦ ਵਿਚ ਵੀ ਬੜਾ ਕੁਝ ਸੀ। ਸ਼ਾਇਦ ਏਸੇ ਲਈ....ਗੱਲ ਕੀ ਉਹ ਲੋਕ ਖੁਸ਼ ਹੋ ਗਏ ਸਨ।

ਤੇ ਮੈਂ ਟੁਰ ਪਿਆ। ਸਗੋਂ ਮੈਂ ਪਿੰਡ ਪਹੁੰਚਣ ਤੋਂ ਪਹਿਲਾਂ ਹੀ ਰਫੀਕ ਕੋਲੋਂ ਬੱਤੀ ਹਜ਼ਾਰ ਵਸੂਲ ਕਰਨ ਦੀ ਉਡੀਕ ਕੀਤੇ ਬਗੈਰ ਈ ਆਪਣੇ ਜ਼ਾਤੀ ਹਿਸਾਬ ਵਿਚੋਂ ਭਰਾ ਤੇ ਭੈਣਾਂ ਨੂੰ ਪਹਿਲਾਂ ਹੀ ਅਦਾਇਗੀ ਕਰ ਦਿੱਤੀ ਸੀ। ਤੇ ਏਸ ਤਰਾਂ ਉਹਨਾਂ ਦੇ ਜਜ਼ਬਾਤ ਦਾ ਭਾਂਬੜ ਮੇਰੇ ਪਿੰਡ ਅਪੜਨ ਤੋਂ ਪਹਿਲਾਂ ਹੀ ਠੰਢਾ ਹੋ ਚੁੱਕਾ ਸੀ। ਹੁਣ ਮੈਂ ਉਹਨਾਂ ਵੱਲੋਂ ਸੰਤੁਸ਼ਟ ਸਾਂ। ਉਹਨਾਂ ਵੱਲੋਂ ਕਿਸੇ ਧਮਕੀ ਛਮਕੀ

ਦਾ ਕੋਈ ਡਰ ਨਹੀਂ ਸੀ, ਹਰ ਚੀਜ਼ ਉਹਨਾਂ ਦੀ ਮਰਜ਼ੀ ਮੁਤਾਬਕ ਤਹਿ ਹੋ ਗਈ ਸੀ। ਵੰਡ-ਵੰਡਾਈ ਦਾ ਕੰਮ ਪੂਰਾ ਹੋ ਗਿਆ ਸੀ। ਹੁਣ ਮੇਰੇ ਤੇ ਉਹਨਾਂ ਵਿਚਕਾਰ ਸਬੰਧਾਂ ਦਾ ਉਹ ਕੱਚਾ ਧਾਗਾ ਰਹਿ ਗਿਆ ਸੀ, ਜਿਹਦੇ ਸਹਾਰੇ ਉਹ ਕਦੀ ਮੈਨੂੰ ਮਿਲਣ ਮੇਰੇ ਘਰ ਆ ਸਕਦੇ ਸਨ ਤੇ ਇਹਦਾ ਕੋਈ ਸਿਰਾ ਫੜ ਕੇ ਮੈਂ ਉਹਨਾਂ ਵੱਲ ਜਾ ਸਕਦਾ ਸਾਂ। ਉਹਨਾਂ ਦੇ ਬੱਚੇ ਮੇਰੇ ਬੱਚਿਆਂ ਨੂੰ ਮਿਲ ਸਕਦੇ ਸਨ। ਗੱਪ ਸ਼ੱਪ ਲਾ ਸਕਦੇ ਸਨ। ਖਾਨਦਾਨ ਦੇ ਇਕੱਠਾਂ ਵਿੱਚ ਵੀ ਸਾਡਾ ਆਹਮਣਾ ਸਾਹਮਣਾ ਹੋ ਸਕਦਾ ਸੀ। ਵਗੈਰਾ ਵਗੈਰਾ। ਇਹ ਵਗੈਰਾ ਵਗੈਰਾ ਮੇਰੇ ਪਿੰਡ ਜਾਣ ਤੀਕ ਮੇਰੇ ਨਾਲ ਰਿਹਾ। ਰਸਤੇ ਵਿਚ ਵੀ ਮੈਂ ਏਸੇ ਵਗੈਰਾ ਵਗੈਰਾ ਨਾਲ ਉਲਝਿਆ ਰਿਹਾ।

ਮੈਂ ਕਿੱਥੇ ਕਿੱਥੇ ਗ਼ਲਤੀ ਕੀਤੀ ਸੀ। ਕੀ ਮੇਰੇ ਕੋਲੋਂ ਕੁਝ ਏਸ ਤਰਾਂ ਦਾ ਕੰਮ ਹੋ ਗਿਆ ਸੀ ਕਿ ਉਹ ਸਾਰੇ, ਜਿਹੜੇ ਮੇਰੀਆਂ ਅੱਖਾਂ ਦੇ ਤਾਰੇ ਸਨ ਮੈਨੂੰ ਏਸ ਤਰਾਂ ਅੱਖਾਂ ਵਿਖਾਣ ਲੱਗ ਪਏ ਸਨ। ਉਹ ਐਨ ਦੁਨੀਆਂ ਦਾਰੀ ਵਰਤਣ ਲੱਗ ਪਏ ਸਨ, "ਖ਼ੈਰ, ਜੋ ਹੋਇਆ, ਸੋ ਹੋਇਆ" ਮੈਂ ਸਿਰ ਨੂੰ ਝਟਕਿਆ। "ਇਹ ਸਭ ਕੁਝ ਤੇ ਇਕ ਦਿਨ ਹੋਣਾ ਹੀ ਸੀ। ਹੁਣ ਹੋ ਗਿਆ, ਹੁਣੇ ਹੋ ਗਿਆ ਤੇ ਚੰਗਾ ਈ ਹੋਇਆ ਕੱਲ੍ਹ ਨੂੰ ਪਤਾ ਨਹੀਂ ਕੀ ਕੁਝ ਸਾਹਮਣੇ ਆ ਜਾਂਦਾ। ਕੋਈ ਜ਼ਿਆਦਾ ਮੁਸ਼ਕਿਲ ਸਵਾਲ ਜਿਹਦਾ ਮੇਰੇ ਕੋਲ ਓਸ ਵੇਲੇ ਜਵਾਬ ਨਾ ਹੁੰਦਾ ਤੇ ਫਿਰ ਮੈਨੂੰ ਸ਼ਰਮਿੰਦਿਆਂ ਹੋਣਾ ਪੈਂਦਾ।"

ਏਸ ਤਰਾਂ ਮੈਂ ਆਪਣੇ ਆਪ ਨੂੰ ਤਸੱਲੀ ਦੇ ਲਈ ਸੀ ਤੇ ਹੁਣ ਪਿੰਡ ਵੱਲ ਜਾ ਰਿਹਾ ਸੀ, ਠੀਕ ਓਸ ਵੇਲੇ ਜਦੋਂ ਕੁਫਤਾਂ ਦੀ ਨਿਮਾਜ਼ ਪੜ੍ਹ ਕੇ ਨਿਮਾਜ਼ੀ ਮਸੀਤੋਂ ਨਿਕਲ ਰਹੇ ਸਨ, ਮੈਂ ਉਥੇ ਅੱਪੜ ਗਿਆ। ਇਤਫਾਕ ਨਾਲ ਸਾਰਿਆਂ ਤੋਂ ਪਹਿਲਾਂ ਰਫੀਕ ਨੇ ਮੈਨੂੰ ਵੇਖ ਲਿਆ ਸੀ। ਉਹਨੇ ਮੈਨੂੰ ਕਲਾਵੇ ਵਿਚ ਲੈ ਚੁੰਮਣਾ ਸ਼ੁਰੂ ਕਰ ਦਿੱਤਾ। ਦੂਜੇ ਲੋਕ ਵੀ ਰੁਕ ਗਏ। ਕੁਝ ਬਾਲ ਵੀ ਇੱਕਠੇ ਹੋ ਗਏ, ਇਕ ਦੋ ਜ਼ਨਾਨੀਆਂ ਵੀ ਘਰਾਂ ਵਿਚੋਂ ਬਾਹਰ ਨਿਕਲ ਆਈਆਂ ਤੇ ਉਹਨਾਂ ਵਿਚ ਦਾਈ ਫਾਤਮਾ ਵੀ ਸੀ, ਜਿਹਨੂੰ ਬਾਲ ਪੁਣੇ ਤੋਂ ਹੀ ਮੈਂ ਆਪਣੀ ਦੂਜੀ ਮਾਂ ਕਹਿੰਦਾ ਆਇਆ ਸਾਂ। ਫਾਤਮਾ ਨੇ ਮੇਰਾ ਮੱਥਾ ਚੁੰਮਿਆ "ਪੁੱਤਰ, ਸਭ ਖ਼ੈਰ ਏ ਨਾ ?" "ਹਾਂ ਮਾਂ ਸਭ ਠੀਕ ਏ" "ਤੇਰੀ ਮਾਂ ਤੇ ਤੇਰਾ ਪਿਓ, ਦੋਵੇਂ ਬਹਿਸ਼ਤੀ ਬੜੇ ਚੰਗੇ ਸਨ। ਤੂੰ ਨੇਕਾਂ ਦੀ ਉਲਾਦ ਏਂ" "ਮੈਨੂੰ ਤੇਰੀਆਂ ਦੁਆਵਾਂ ਦੀ ਲੋੜ ਏ ਮਾਂ।" ਮੈਂ ਇਹ ਆਖਦਿਆਂ ਲੋਕਾਂ ਦੀਆਂ ਨਜ਼ਰਾਂ ਤੋਂ ਬਚਾ ਕੇ ਇਕ ਚੁਰ-ਮੁਰ ਕੀਤਾ ਸੌ ਦਾ ਨੋਟ ਉਹਨੂੰ ਫੜਾ ਦਿੱਤਾ, "ਤੈਨੂੰ ਸੱਤੇ ਈ ਖ਼ੈਰਾਂ ਪੁੱਤਰ ਵੇ।" ਉਹ ਦੁਆਵਾਂ ਦਿੰਦੀ ਚਲੇ ਗਈ।

ਮੇਰੇ ਘਰ ਪੁੱਜਣ ਤੀਕ ਤੇ ਤਾਲਾ ਖੋਲ੍ਹਣ ਤੀਕ ਸਾਰੇ ਪਿੰਡ ਵਿਚ ਮੇਰੇ ਆਣ ਦੀ ਖ਼ਬਰ ਫੈਲ ਗਈ ਸੀ ਫਰ ਸਾਰੇ ਆਉਣ ਲੱਗ ਪਏ। ਰਫੀਕ ਘਰੋਂ ਰੋਟੀ ਪਕਾ ਕੇ ਲੈ ਆਇਆ। ਰੋਟੀ ਅਸਾਂ ਦੋਹਾਂ ਨੇ ਇਕੱਠਿਆਂ ਹੀ ਖਾਧੀ। ਫਿਰ ਚਾਹ ਵੀ ਅਸਾਂ ਰਲ ਕੇ ਪੀਤੀ ਤੇ ਫੇਰ ਹੁੱਕੇ ਦਾ ਦੌਰ ਚੱਲਣ ਲੱਗ ਪਿਆ। ਹੁੱਕੇ ਦੀ ਨੜੀ ਆਸੇ ਪਾਸੇ ਬੈਠੇ ਬੰਦਿਆਂ ਵਿਚ ਘੁੰਮਣ ਲੱਗ ਪਈ। ਬੜੇ ਚਿਰ ਬਾਅਦ ਮੈਂ ਐਨੇ ਵਧੀਆ ਤੇ ਆਹਲਾ ਨਸਲ ਦੇ ਕੌੜੇ ਤਮਾਕੂ ਦਾ ਸਵਾਦ ਚੱਖਿਆ ਸੀ। ਏਸ ਰਾਤ ਗੋਲਡ ਲੀਫ ਸਿਗਰਿਟ ਦੀ ਡੱਬੀ ਮੇਰੀ ਜੇਬ ਵਿਚ ਹੀ ਪਈ ਰਹੀ ਤੇ ਕੱਢਣ ਦੀ ਨੌਬਤ ਨਾ ਆਈ।

ਫੇਰ ਓਧਰ ਲੋਕ ਹੌਲੀ ਹੌਲੀ ਕਿਰਨ ਲੱਗ ਪਏ। ਮੈਦਾਨ ਸਾਫ਼ ਵੇਖ ਕੇ ਤੇ ਚੰਦ ਦੋਸਤਾਂ ਦੇ ਹੀ ਰਹਿ ਜਾਣ ਤੇ ਪੁਰਾਣੀਆਂ ਗੱਲਾਂ ਕਿੱਸਿਆਂ ਲਤੀਫਿਆਂ ਤੇ ਰਫੀਕ ਦੀਆਂ ਗੱਪਾਂ ਦੀ ਪਟਾਰੀ ਖੁੱਲ੍ਹ ਗਈ। ਅਸੀਂ ਸਾਰੇ ਦੋਸਤ ਇੱਕ ਦੂਜੇ ਦੇ ਹੱਥਾਂ ਤੇ ਹੱਥ ਮਾਰ ਕੇ ਗੱਲਾਂ ਕਰਦੇ ਰਹੇ। ਗੱਲਾਂ ਕੀ ਸਨ ਬੱਸ ਬੱਕ ਬੱਕ ਕਰਦੇ ਜਾ ਰਹੇ ਸਾਂ। ਏਧਰ ਦੀ ਉਧਰ ਨਾਲ ਤੇ ਉਧਰ ਦੀ ਏਧਰ ਨਾਲ ਰਲਾਣ ਲੱਗੇ ਸਾਂ। ਸਾਡੀ ਹਾਲਤ ਉਹਨਾਂ ਫੱਫੇ-ਕੁੱਟਣੀਆਂ ਜੇਹੀ ਸੀ, ਜਿਹੜੀਆਂ ਅਸਮਾਨ ਦੀ ਟਾਕੀ ਲਾਹ ਵੀ ਲਿਆਉਂਦੀਆਂ ਨੇ ਤੇ



ਲਾ ਵੀ ਆਉਂਦੀਆਂ ਨੇ, ਡੂੰਘੀ ਰਾਤ ਹੋਣ ਤੇ ਹੀਰ ਸੁਨਾਣ ਦਾ ਦੌਰ ਚੱਲ ਪਿਆ। ਮੈਨੂੰ ਵੀ ਫਰਮਾਇਸ਼ ਹੋਈ ਤੇ ਮੈਂ ਵੀ ਇੱਕ ਮੁੱਦਤ ਬਾਅਦ ਆਪਣੇ ਕੰਨ ਤੇ ਹੱਥ ਧਰ ਕੇ ਆਪਣੀ ਜਵਾਨੀ ਵਾਲੇ ਪੁਰਾਣੇ ਠੇਠ ਅੰਦਾਜ਼ ਵਿਚ ਹੀਰ ਦੇ ਇੱਕ ਦੋ ਬੰਦ ਪੜ੍ਹੇ। ਹੁਣ ਮੈਨੂੰ ਕੁਝ ਜ਼ਿਆਦਾ ਯਾਦ ਵੀ ਨਹੀਂ ਸੀ ਰਹਿ ਗਿਆ, ਪਰ ਫੇਰ ਵੀ ਮੈਨੂੰ ਇਹ ਸਾਰਾ ਕੁਝ ਸੁਣਨ ਤੇ ਸੁਣਾਨ ਦਾ ਬਹੁਤ ਮਜ਼ਾ ਆਇਆ। ਫਿਰ ਅਸੀਂ ਥੱਕ-ਥਕਾ ਕੇ ਊਂਘਾਣ ਲੱਗ ਪਏ ਤੇ ਸਾਰਿਆਂ ਨੇ ਮੈਥੋਂ ਆਗਿਆ ਲਈ।

ਉਹ ਸਾਰੇ ਆਪਣੇ ਘਰਾਂ ਨੂੰ ਤੁਰ ਗਏ ਤੇ ਮੈਂ ਉੱਠ ਕੇ ਕੱਪੜੇ ਬਦਲੇ। ਪਹਿਲੋਂ ਬੈਠਕ ਵਾਲੇ ਪਲੰਘ ਤੇ ਜਿਹਦੇ ਤੇ ਅੱਬਾ ਜੀ ਸੌਂਦੇ ਹੁੰਦੇ ਸਨ, ਸੌਣ ਦਾ ਇਰਾਦਾ ਕੀਤਾ। ਫੇਰ ਪਤਾ ਨਹੀਂ ਕੀ ਸੋਚ ਕੇ ਮੈਂ ਦਲਾਨ ਪਾਰ ਕਰਕੇ ਪਿਛਲੀਆਂ ਦੋ ਕੋਠੜੀਆਂ ਵੱਲ ਵਧਿਆ ਤੇ ਇੱਕ ਜਿਹਨੂੰ ਤਾਲਾ ਵੱਜਾ ਸੀ ਤਾਲਾ ਖੋਲ੍ਹ ਦਿੱਤਾ।

ਮੈਂ ਤਾਲਾ ਖੋਹਲਿਆ ਤੇ ਦੇਰ ਤੀਕ ਬੰਦ ਰਹਿਣ ਪਾਰੋਂ ਕੱਚੇ ਕਮਰਿਆਂ ਵਾਲੀ ਬੂ ਮੇਰੇ ਨੱਕ ਵੱਲ ਵਧੀ। ਫੇਰ ਮੱਕੜੀ ਦੇ ਜਾਲੇ ਮੇਰੇ, ਚਿਹਰੇ ਨਾਲ ਟਕਰਾਏ, ਮੈਂ ਉਹਨਾਂ ਨੂੰ ਹੱਥ ਨਾਲ ਪਰੇ ਕੀਤਾ ਤੇ ਆਪਣੇ ਲੰਘਣ ਦਾ ਰਸਤਾ ਬਣਾਉਂਦਿਆਂ ਹੋਇਆ ਓਸ ਤਾਕ ਵੱਲ ਗਿਆ, ਜਿੱਥੇ ਮੇਰੇ ਖਿਆਲ ਵਿਚ-ਉਹ ਵਰ੍ਹਿਆਂ ਪਹਿਲਾਂ ਬਲਣ ਵਾਲਾ ਦੀਵਾ ਪਿਆ ਸੀ। ਉਹ ਵਾਕਿਆ ਹੀ ਉਥੇ ਪਿਆ ਸੀ, ਪਰ ਤੇਲ ਤੋਂ ਬਗ਼ੈਰ ਹੀ।

ਮੈਂ ਪਰਤ ਕੇ ਫੇਰ ਬੈਠਕ ਵਿਚ ਆਇਆ ਤੇ ਆਪਣੇ ਨਾਲ ਲਿਆਂਦੀ ਹੋਈ ਮੋਮ-ਬੱਤੀ ਲੈ ਕੇ ਵਾਪਸ ਆਇਆ। ਮੋਮ-ਬੱਤੀ ਬਾਲ ਕੇ ਉਹਨੂੰ ਤਾਕ ਵਿਚ ਰੱਖਿਆ। ਹੁਣ ਕਮਰਾ.....ਕਮਰਾ ਕੀ ਬੱਸ ਛੋਟੀ ਜਿਹੀ ਕੋਠੜੀ ਚਾਨਣ ਨਾਲ ਭਰ ਗਈ। ਸਾਰਿਆਂ ਤੋਂ ਪਹਿਲਾਂ ਮੈਨੂੰ ਦੀਵਾਰ ਨਾਲ ਲੱਗਾ ਆਪਣੀ ਮਾਂ ਦਾ ਨਵਾਰੀ ਪਲੰਘ ਨਜ਼ਰ ਆਇਆ। ਇਹ ਵੀ ਮੱਕੜੀ ਦੇ ਜਾਲਿਆਂ ਨਾਲ ਭਰਿਆ ਹੋਇਆ ਸੀ। ਏਧਰ-ਓਧਰ ਵੇਖਣ ਤੇ ਮੈਨੂੰ ਇੱਕ ਵੱਡਾ ਸਾਰਾ ਕੱਪੜਾ ਮਿਲ ਗਿਆ। ਮੈਂ ਉਹਦੇ ਨਾਲ ਮੱਕੜੀ ਦੇ ਜਾਲਿਆਂ ਤੇ ਹੱਲਾ ਕਰ ਦਿੱਤਾ। ਜਾਲੇ ਸਾਫ ਹੋਏ ਤੇ ਕਮਰਾ ਅਰਥਾਤ ਕੋਠੜੀ ਚੰਗੀ ਤਰਾਂ ਨਜ਼ਰ ਆਵਣ ਲੱਗੀ। ਪਲੰਘ ਦੇ ਸਿਰਹਾਣੇ ਦੀ ਵੀ ਫੁੱਟ ਉੱਚੀ ਫੁਲਕਾਰੀ ਵਾਲੀ ਲੱਕੜੀ, ਜਿਹਦੇ ਨਾਲ ਢੋਹ ਲਾਈ ਜਾਂਦੀ ਸੀ। ਉਹਦੇ ਅੱਗੇ ਬਣੇ ਹੋਏ ਮਰ ਮਰ ਦੇ ਪੱਥਰ ਦੇ ਬਣੇ ਹੋਏ ਸ਼ੇਰਾਂ ਦੇ ਦੋ ਸਿਰ ਹੁਣ ਵੀ ਉਸੇ ਤਰਾਂ ਚਮਕਾਂ ਮਾਰ ਰਹੇ ਸਨ। ਮੈਂ ਉਹਨਾਂ ਤੇ ਹੱਥ ਫੇਰਿਆ ਤੇ ਇੱਕ ਓਪਰਾ ਜਿਹਾ ਅਹਿਸਾਸ ਮੈਨੂੰ ਹੋਇਆ। ਕੋਲ ਪਏ ਸ਼ਿੰਗਾਰ-ਮੇਜ਼ ਨੂੰ ਸਾਫ ਕਰਨ ਤੇ ਉਹਦੀ ਵੀ ਸ਼ਕਲ ਨਿਕਲ ਆਈ। ਉਹਦੀ ਲੱਕੜੀ ਤੇ ਕੀਤਾ ਗਿਆ ਰੰਗ ਭਾਵੇਂ ਹੁਣ ਕੁਝ ਕੁਝ ਉੱਡ ਗਿਆ ਸੀ, ਪਰ ਫੇਰ ਵੀ ਚੰਗਾ ਲੱਗ ਰਿਹਾ ਸੀ। ਉਹਦੇ ਤੇ ਲੱਗਾ ਮੂੰਹ ਵੇਖਣ ਵਾਲੇ ਸ਼ੀਸ਼ੇ ਤੇ ਥਾਂ ਥਾਂ ਤੇ ਦਾਗ਼ ਪੈ ਗਏ ਸਨ ਤੇ ਜਦੋਂ ਮੈਂ ਇਹਦੇ ਵਿਚ ਆਪਣੀ ਸ਼ਕਲ ਵੇਖਣ ਦੀ ਕੋਸ਼ਿਸ਼ ਕੀਤੀ ਤੇ ਮੇਰਾ ਚਿਹਰਾ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਨਜ਼ਰ ਆਇਆ। ਬੁੱਲ੍ਹ ਕਿਧਰੇ....ਅੱਖਾਂ ਮੱਥਾ ਠੋਡੀ, ਤੇ ਵਾਲ ਕਿਸੇ ਹੋਰ ਪਾਸੇ ਜਾਂਦੇ ਪਏ ਦਿਸਦੇ ਸਨ। ਜੇ ਇਸ ਸ਼ੀਸ਼ੇ ਵਿਚ ਨਜ਼ਰ ਆਵਣ ਵਾਲੇ ਮੇਰੇ ਅੱਡ ਅੱਡ ਚਿਹਰੇ ਦੇ ਅਕਸ ਨੂੰ ਅੱਜ ਦੇ ਕਿਸੇ ਆਧੁਨਿਕ ਕੈਮਰੇ ਦੀ ਅੱਖ ਨਾਲ ਅਕਸ ਬੰਦ ਕੀਤਾ ਜਾਂਦਾ ਤੇ ਮੈਂ ਚੰਗਾ ਭਲਾ ਖਤਰਨਾਕ ਸ਼ਕਲ ਦਾ ਬੰਦਾ ਵਿਖਾਲੀ ਦਿੰਦਾ। ਮੈਂ ਸ਼ਿੰਗਾਰ ਮੇਜ਼ ਦੀ ਉਤਲੀ ਦਰਾਜ਼ ਖੋਲੀ। ਖਾਲੀ ਸੀ। ਵਿਚਕਾਰਲੀ ਵਿਚ ਤਹਿ ਕੀਤਾ ਹੋਇਆ ਕਰੋਸ਼ੀਏ ਦਾ ਬੁਣਿਆ ਹੋਇਆ ਇੱਕ ਰੰਗੀਨ ਰੁਮਾਲ ਨਜ਼ਰੀਂ ਪਿਆ, ਜਿਸ ਦੇ ਚਾਰੇ ਪਾਸੇ ਸਫੈਦ ਮੋਤੀ ਲੱਗੀ ਹੋਏ ਸਨ। ਗੋਗੀ! ਮੇਰੇ ਮੂੰਹ ਵਿਚੋਂ ਹਾਅ ਨਿਕਲੀ। ਵਰ੍ਹਿਆਂ ਪਹਿਲੋਂ ਇਕ ਈਦ ਤੇ ਜਦੋਂ ਇਹ ਰੁਮਾਲ ਗੋਗੀ ਨੇ ਮੇਰੇ ਲਈ ਖਾਸ ਤੌਰ ਤੇ

ਬਣਾ ਕੇ ਲਿਆਂਦਾ ਸੀ ਤੇ ਮੈਂ ਉਹਦੇ ਵੱਲ ਕੋਈ ਖਾਸ ਤਵੱਜੋ ਨਹੀਂ ਸੀ ਦਿੱਤੀ, ਜੀਹਦਾ ਅੱਗੋ ਗੋਗੀ ਨੂੰ ਸਾਰੀ ਉਮਰ ਦੁੱਖ ਰਿਹਾ ਸੀ। ਏਸ ਸਾਰੇ ਅਰਸੇ ਵਿਚ ਉਹਨੇ ਕਈ ਵਾਰੀ ਮੈਨੂੰ ਜਤਾਇਆ ਸੀ "ਬਾਊ", ਤੂੰ ਮੇਰੀ ਕਦਰ ਨਹੀਂ ਕੀਤੀ। ਮੈਂ ਉਹਦੇ ਏਸ ਫਿਕਰੇ ਤੇ ਅਕਸਰ ਹੱਸ ਪੈਂਦਾ ਸਾਂ।

ਫੇਰ ਪਤਾ ਨਹੀਂ ਇਹ ਕਿਸ ਤਰਾਂ.......ਸ਼ਾਇਦ ਅੰਮਾ ਨੇ ਸੰਭਾਲ ਕੇ ਰੱਖ ਲਿਆ ਹੋਣਾ ਏਂ। "ਕੀ ਇਹਦਾ ਮਤਲਬ ਇਹ ਹੈ ਕਿ ਅੰਮਾ ਏਸ ਰਾਜ਼ ਵਿਚ ਸ਼ਰੀਕ ਰਹੀ ਸੀ ?" ਮੈਂ ਰੁਮਾਲ ਹੱਥ ਵਿਚ ਫੜ ਕੇ ਮੁਸਕਰਾਇਆ ਤੇ ਫੇਰ ਉਹਨੂੰ ਉਥੇ ਹੀ ਰੱਖ ਦਿੱਤਾ। ਥੱਲੇ ਦੀ ਦਰਾਜ਼ ਵਿਚ ਮੈਨੂੰ ਆਪਣਾ ਜਮਾਤ ਦਾ ਕਾਇਦਾ ਮਿਲਿਆ, ਜਿਹਦੇ ਤੇ ਮੇਰੀਆਂ ਉਂਗਲੀਆਂ ਨਾਲ ਲਗਣ ਵਾਲੀ ਸਿਆਹੀ ਦੇ ਧੱਬੇ ਸਨ। ਨਾਲ ਉਹ ਦਵਾਤ ਵੀ ਪਈ ਸੀ, ਜਿਹਦੇ ਵਿਚ ਉਹਦੀ ਸਿਆਹੀ ਤੇ ਹਰਫ਼ ਦੋਵੇਂ ਸੁੱਕੇ ਪਏ ਸਨ। ਮੇਰੇ ਅੰਦਰ ਇੱਕ ਦਮ ਇਹ ਖ਼ਵਾਹਿਸ਼ ਹੋਈ ਕਿ ਮੈਂ ਬਾਹਰ ਜਾਵਾਂ ਤੇ ਨਲਕੇ ਤੋਂ ਇਹਦੇ ਵਿਚ ਪਾਣੀ ਪਾ ਕੇ ਲਿਆਵਾਂ। ਸਿਆਹੀ ਦੇ ਵਿਚ ਫੇਰ ਜਾਨ ਪੈ ਜਾਏਗੀ। "ਹੂੰ.....ਓਏ ਨਹੀਂ ਹੁਣ ਇਹਦੀ ਕੀ ਲੋੜ ਏ......ਇਹ ਇਕ ਪਾਗਲਾਂ ਵਾਲੀ ਗੱਲ ਹੋਵੇਗੀ।.....ਕਿਓਂ ....ਕੀ ਨਹੀਂ। ਮੈਂ ਆਪਣੇ ਆਪ ਨੂੰ ਹੋਰ ਜਜ਼ਬਾਤੀ ਹੋਣ ਤੋਂ ਪਹਿਲਾਂ ਈ ਸੰਭਾਲ ਲਿਆ। ਜਿਸ ਤਰਾਂ ਕਿਸੇ ਡਿਗਦੇ, ਨੂੰ ਕੋਈ ਆਪਣੀਆਂ ਬਾਹਾਂ ਵਿਚ ਲੈ ਲਵੇ। ਮੈਂ ਪਲੰਘ ਦੇ ਉਲਟੇ ਪਾਸੇ ਵਾਲੇ ਕੋਨੇ ਵੱਲ ਵਧਿਆ ਤੇ ਮੈਨੂੰ ਉਥੇ ਕੋਈ ਚੀਜ਼ ਪਈ ਨਜ਼ਰੀ ਆਈ। ਕੋਲ ਆਇਆ ਤੇ ਪਤਾ ਚੱਲਿਆ ਜੋ ਇਹ ਮੇਰੀ ਤਖਤੀ ਸੀ, ਜਿਹਦੇ ਤੇ ਮੈਂ ਏਸ ਦਵਾਤ ਨਾਲ ਦੀ ਸਿਆਹੀ ਨਾਲ ਲਿਖਦਾ ਹੁੰਦਾ ਸਾਂ। ਤਖ਼ਤੀ ਨੂੰ ਝਾੜਨ ਪੂੰਝਣ ਤੋਂ ਬਾਅਦ ਇਹਦੇ ਤੇ ਲਿਖੀ ਹੋਈ ਇਬਾਰਤ ਸਾਹਮਣੇ ਆ ਗਈ। ਇਹਦੇ ਤੇ ਉਸ ਕੁੱਤੇ ਦੀ ਕਹਾਣੀ ਲਿਖੀ ਹੋਈ ਸੀ, ਜਿਸ ਨੇ ਪਾਣੀ ਵਿਚ ਆਪਣਾ ਅਕਸ ਵੇਖ ਕੇ ਆਪਣੇ ਮੂੰਹ ਵਿਚ ਲਿਆ ਗੋਸ਼ਤ ਦਾ ਟੁਕੜਾ ਵੀ ਗਵਾ ਲਿਆ ਸੀ। ਕਹਾਣੀ ਦਾ ਅਨੁਵੀਨ ਸੀ, "ਲਾਲਚ ਬੁਰੀ ਬਲਾ ਹੁੰਦੀ ਹੈ" ਤਖਤੀ ਦੇ ਦੋਵੇਂ ਪਾਸੇ ਲਿਖੇ ਹੋਏ ਲਫ਼ਜ ਆਪਣੀ ਅਸਲ ਸ਼ਕਲ ਗਵਾ ਕੇ ਹੁਣ ਸਿਰਫ ਉਹਨਾਂ ਦਾ ਪਛਾਵਾਂ ਲੱਗਦੇ ਸਨ, ਪਰ ਕਹਾਣੀ ਦਾ ਮਤਲਬ ਹੁਣ ਵੀ ਸਪੱਸ਼ਟ ਹੁੰਦਾ ਸੀ। ਮੈਂ ਹੈਰਾਨ ਸਾਂ ਕਿ ਅੰਮਾਂ ਨੇ ਇਹ ਕੈਸੀਆਂ ਕੈਸੀਆਂ ਚੀਜ਼ਾਂ ਸੰਭਾਲ ਕੇ ਰੱਖੀਆਂ ਹੋਈਆਂ ਸਨ। ਇਹਨਾਂ ਵਿਚ ਅੱਬਾ ਜੀ ਦੀ ਨਜ਼ਰ ਦੀ ਐਨਕ ਵੀ ਸੀ, ਜਿਹੜੀ ਉਹਨਾਂ ਦੇ ਫੌਤ ਹੋਣ ਤੇ ਉਹਨਾਂ ਦੇ ਚਿਹਰੇ ਤੋਂ ਆਖਰੀ ਵਾਰੀ ਲਾਹੀ ਗਈ ਸੀ। ਉਹਦਾ ਇੱਕ ਸ਼ੀਸ਼ਾ ਜ਼ਰੂਰ ਤਰੇੜਿਆ ਗਿਆ ਸੀ। ਏਸ ਤਰਾਂ ਦੀਆਂ ਕੁਝ ਹੋਰ ਛੋਟੀਆਂ ਛੋਟੀਆਂ ਬਿਲਕੁਲ ਮਾਮੂਲੀ ਤੇ ਅੱਜ ਦੀ ਦੁਨੀਆਂ ਤੋਂ ਅਸਲੋਂ ਹੀ ਵੱਖ ਹੋ ਜਾਣ ਵਾਲੀਆਂ ਚੀਜ਼ਾਂ ਸਨ, ਜਿਹਨਾ ਵਿਚ ਅੰਮਾਂ ਦੀ ਸੂਤ, ਧਾਗਿਆਂ ਵਾਲੀ ਪਟਾਰੀ, ਬਟਨ, ਕਈ ਰੰਗਾਂ ਦੇ ਕੱਪੜਿਆਂ ਦੇ ਟੋਟੇ, ਅੱਬਾ ਜੀ ਦਾ ਪਤਾ ਨਹੀਂ ਕਿਹੜੇ ਸ਼ਹਿਰੋਂ ਲਿਖਿਆ ਹੋਇਆ ਖ਼ਤ, ਵੱਡਿਆਂ ਮਣਕਿਆਂ ਵਾਲੀ ਤਸਬੀਹ (ਮਾਲਾ), ਹਾਥੀ ਦੰਦ ਦਾ ਬਣਿਆ ਹੋਇਆ ਖਲਾਲ, ਚਾਂਦੀ ਦੇ ਦੋ ਤਿੰਨ ਛੱਲੇ ਤੇ ਏਸ ਤਰਾਂ ਦੀਆਂ ਕੁਝ ਹੋਰ ਚੀਜ਼ਾਂ ਜਮ੍ਹਾਂ ਕਰਕੇ ਮੈਂ ਇੱਕ ਜਗ੍ਹਾ ਤੇ ਰੱਖੀਆਂ ਤੇ ਫੇਰ ਇਹਨਾਂ ਨੂੰ ਇੱਕ ਕੱਪੜੇ ਵਿਚ ਬੰਨ੍ਹ ਲਿਆ। ਮੈਂ ਫ਼ੈਸਲਾ ਕਰ ਲਿਆ ਸੀ ਜੋ ਮੈਂ ਇਹ ਚੀਜ਼ਾਂ.....ਅਰਥਾਤ ਅੰਮਾਂ ਦਾ ਪਲੰਘ ਤੇ ਬਾਕੀ ਸਾਰਾ ਕੁਝ ਜਿਹੜਾ ਏਸ ਕੋਠੜੀ ਵਿਚ ਪਿਆ ਸੀ, ਬੈਠਕ ਵਿਚ ਪਿਆ ਅੱਬਾ ਜੀ ਦਾ ਪਲੰਘ ਕੁਰਸੀਆਂ ਮੇਜ਼ ਸਮੇਤ ਆਪਣੇ ਨਾਲ ਲੈ ਜਾਵਾਂਗਾ ਤੇ ਸਵੇਰੇ ਮੈਂ ਏਸ ਤਰਾਂ ਹੀ ਕੀਤਾ। ਨੰਬਰਦਾਰ ਰਫੀਕ ਇਹਨਾਂ ਚੀਜ਼ਾਂ ਨੂੰ ਟਰਾਲੀ ਵਿਚ ਲੱਦਦਿਆਂ ਹੋਇਆ ਕੁਝ ਬੁੜ ਬੁੜ ਕਰ ਰਿਹਾ ਸੀ, ਅਤੇ ਲੋਕੀ ਵੀ ਹੈਰਾਨ ਸਨ ਕਿ ਆਖ਼ਿਰ ਮੈਂ ਇਹਨਾਂ ਚੀਜ਼ਾਂ ਦਾ ਕੀ ਕਰਾਂਗਾ। ਉਥੇ ਸ਼ਹਿਰ ਵਿਚ ਇਹਨਾਂ ਚੀਜ਼ਾਂ ਦੀ ਕੀ ਹੈਸੀਅਤ ਹੋਵੇਗੀ ? ਤੇ ਮੈਂ ਆਪ ਸੋਚ ਰਿਹਾ ਸਾਂ ਕਿ ਮੈਂ ਸਭ ਕੁਝ ਕਿੱਥੇ ਰੱਖਾਂਗਾ ? "ਠੀਕ ਏ....ਮੈਂ



ਇਹਨਾਂ ਸਾਰੀਆਂ ਚੀਜ਼ਾ ਨੂੰ ਟੈਰਸ ਤੇ ਬਣੇ ਝਰੋਖੇ ਵਿਚ ਰੱਖ ਦਿਆਂਗਾ। ਉਥੇ ਮੇਰਾ ਕਮਰਾ ਵੀ ਚੂੰਕਿ ਖਾਲੀ ਈ ਹੈ। ਏਸ ਲਈ ਕਦੇ ਕਦਾਈ ਮੈਂ ਇਹਨਾਂ ਚੀਜ਼ਾਂ ਨੂੰ ਵੇਖ ਵੀ ਲਿਆ ਕਰਾਂਗਾ।" ਮੈਂ ਉਸੇ ਦਿਨ ਸ਼ਾਮ ਨੂੰ ਸ਼ਹਿਰ ਪਹੁੰਚ ਗਿਆ, ਪਰ ਪਿੰਡੋਂ ਟੁਰਨ ਵੇਲੇ ਦੇ ਦ੍ਰਿਸ਼ ਨੇ ਮੈਨੂੰ ਰੁਆ ਦਿੱਤਾ ਸੀ। ਜੀਣਾ ਤਰਖਾਣ, ਮਜੀਦ, ਲੁਹਾਰ, ਰਫੀਕ ਨੰਬਰਦਾਰ...,ਦਾਦਾ ਤੇ ਦੂਜੇ ਲੋਕ ਮੈਨੂੰ ਗਲੇ ਮਿਲ ਮਿਲ ਕੇ ਰੋਂਦੇ ਰਹੇ। ਦਾਈ ਫਾਤਮਾ ਵੀ ਆਪਣਾ ਦੁਪੱਟਾ ਅਥਰੂਆਂ ਵਿਚ ਭਿਉਂਦੀ ਰਹੀ। ਜਿਸ ਵੇਲੇ ਮੇਰੇ ਬਾਰ ਬਾਰ ਮਨ੍ਹਾ ਕਰਨ ਦੇ ਬਾਵਜੂਦ ਰਫੀਕ ਨੰਬਰਦਾਰ ਨੇ ਮਕਾਨ ਦੇ ਪੈਸੇ ਮਬਲਗ ਬੱਤੀ ਹਜ਼ਾਰ ਰੁਪਏ ਜ਼ਬਰਦਸਤੀ ਮੇਰੀ ਜੇਬ ਵਿਚ ਪਾਏ ਤਾਂ ਮੈਂ ਪਿਛੇ ਵੇਖਿਆਂ ਬਗੈਰ ਈ ਉਥੋਂ ਛੇਤੀ ਨਾਲ ਨਿਕਲ ਆਇਆ। ਮੇਰੀ ਵਾਪਸੀ ਦੀ ਸਾਰੀ ਰਾਹ ਮੇਰਿਆਂ ਅੱਥਰੂਆਂ ਨਾਲ ਜਲ ਥਲ ਰਹੀ। ਏਸੇ ਲਈ ਜਦੋਂ ਮੈਂ ਘਰ ਪਹੁੰਚਿਆਂ ਤਾਂ ਮੇਰਾ ਸਿਰ ਭਾਰਾ ਤੇ ਅੱਖਾ ਬੁਝ ਰਹੀਆਂ ਸਨ। ਮੈਨੂੰ ਜ਼ਹਿਰ ਜਿਹਾ ਚੜ੍ਹਿਆ ਲੱਗ ਰਿਹਾ ਸੀ। ਮੈਂ ਸਾਮਾਨ ਨੂੰ ਲੁਹਾ ਕੇ ਕਿਸੇ ਨਾਲ ਗੱਲਬਾਤ ਕੀਤੇ ਬਗੈਰ ਈ ਉੱਤੇ ਆਪਣੇ ਕਮਰੇ ਵਿਚ ਆ ਗਿਆ। ਬਾਥਰੂਮ ਵਿਚ ਜਾ ਕੇ ਇੱਕ ਵਾਰੀ ਫੇਰ ਰੋਇਆ। ਫੇਰ ਮੈਂ ਆਪਣੇ ਆਪ ਨੂੰ ਆਪ ਹੀ ਹੋਸ਼ ਦਵਾਈ।

"ਇਹ ਕੀ ਬਚਗਾਨਾ ਗੱਲ ਹੈ। ਬੁੱਢਾ ਠੇਰਾ ਹੋ ਰਿਹਾ ਏਂ ਤੇ ਹੁਣ ਬਾਲਾਂ ਵਾਂਗ, ਹਉਕੇ ਲੈ ਕੇ ਰੋ ਰਿਹਾ ਏਂ।....ਸ਼ਰਮ ਕਰ.....ਕੋਈ ਵੇਖ ਲਏ ਤੇ......" ਇਹ ਝਿੜਕੀ ਕੰਮ ਆਈ ਤੇ ਮੈਂ ਆਪਣੇ ਆਪ ਵਿਚ ਆ ਗਿਆ। ਨਹਾ ਧੋ ਕੇ ਥੱਲੇ ਆਇਆ। ਸਾਰੇ ਰਾਤ ਦੀ ਰੋਟੀ ਲਈ ਮੇਜ਼ ਦੇ ਆਲੇ ਦੁਆਲੇ ਬੈਠੇ ਸਨ। ਰੋਟੀ ਬੜੀ ਖਾਮੋਸ਼ੀ ਨਾਲ ਖਾਧੀ ਗਈ। ਫੇਰ ਮੈਂ ਇਕ ਪਾਸੇ ਬਹਿ ਕੇ ਸਿਗਰਿਟ ਪੀਣ ਲੱਗ ਪਿਆ। ਨੂੰਹ ਬੱਚੀ ਨੂੰ ਲੈ ਕੇ ਟੀ. ਵੀ. ਸਾਹਮਣੇ ਬਹਿ ਗਈ ਤੇ ਪੁੱਤਰ ਮੈਨੂੰ ਕੁਝ ਕਹਿਣ ਵਾਸਤੇ ਬਾਰ ਬਾਰ ਆਪਣੇ ਮੂੰਹ ਨੂੰ ਵਿੰਗਿਆਂ ਸਿੱਧਿਆਂ ਕਰਨ ਲੱਗ ਪਿਆ। ਉਹ ਸ਼ਾਇਦ ਕੁਝ ਕਹਿ ਨਹੀ ਸੀ ਸਕਦਾ। ਮੈਂ ਉਹਦੀ ਮੁਸ਼ਕਿਲ ਆਸਾਨ ਕਰਦਿਆਂ ਹੋਇਆ ਕਿਹਾ, "ਆਖ......ਕੀ ਆਖਣਾ ਚਾਹੁੰਨਾ ਏ ?" ਹੁਣ ਉਹ ਹੌਸਲੇ ਨਾਲ ਬੋਲਿਆ।

"ਤੁਸੀਂ ਇਹ ਸਾਰਾ ਕੁਝ ਕੀ ਚੁੱਕ ਲਿਆਏ ਓ....ਇਹ ਗੰਦ।" "ਖ਼ਬਰਦਾਰ!" ਮੈਂ ਉੱਚੀ ਆਵਾਜ਼ ਨਾਲ ਬੋਲਿਆ, "ਇਹਨੂੰ ਗੰਦ ਨਾ ਕਹੋ ਇਹ ਮੇਰਾ ਮਾਮਲਾ ਏ। ਮੇਰਾ ਬਚਪਨ ਏ। ਮੇਰੀ ਜਵਾਨੀ ਏ। ਇਹ ਗੰਦ ਨਹੀਂ ਬਰਖੁਰਦਾਰ....ਇਹ ਮੈਂ ਆਪ ਹਾਂ, ਖ਼ੁਦ।" ਮੈਂ ਕਦੀ ਏਨੀ ਉੱਚੀ ਆਵਾਜ਼ ਵਿਚ ਨਹੀਂ ਸੀ ਬੋਲਿਆ। ਏਸੇ ਲਈ ਮੈਨੂੰ ਆਪਣੀ ਆਵਾਜ਼ ਵੀ ਓਪਰੀ ਲੱਗ ਰਹੀ ਸੀ। ਮੈਂ ਸ਼ਰਮਿੰਦਾ ਜਿਹਾ ਹੋ ਗਿਆ। ਮੈਂ ਸਿਆਣਪ ਕੀਤੀ ਤੇ ਉਥੋਂ ਉੱਠ ਕੇ ਉੱਤੇ ਆ ਗਿਆ। ਥੋਹੜੇ ਜਹੇ ਦਿਨਾਂ ਵਿਚ ਹੀ, ਮੈਂ ਮਹਿਸੂਸ ਕਰ ਲਿਆ ਕਿ ਘਰ ਵਿਚ ਇੱਕ ਠੰਢੀ ਜੰਗ ਦਾ ਆਰੰਭ ਹੋ ਚੁੱਕਿਆ ਸੀ, ਜਿਸ ਦੀ ਇੱਕ ਧਿਰ ਮੇਰਾ ਪੁੱਤਰ, ਮੇਰੀ ਨੂੰਹ ਤੇ ਪੋਤਰੀ ਸੀ ਤੇ ਦੂਜਾ ਮੈਂ। ਇਹਨਾਂ ਮੀਆਂ-ਬੀਵੀ ਦੀਆਂ ਖ਼ਾਮੋਸ਼ ਨਿਗਾਹਾਂ ਨੂੰ ਮੈਂ ਬਹਾਦਰ ਬਣ ਕੇ ਬ੍ਰਦਾਸ਼ਤ ਕਰ ਰਿਹਾ ਸਾਂ, ਪਰ ਆਪਣੀ ਪੋਤਰੀ ਦੀ ਖਾਮੋਸ਼ੀ ਤੇ ਮੇਰਾ ਦਿਲ ਅੰਦਰੋਂ ਵੱਢਿਆ ਜਾ ਰਿਹਾ ਸੀ। ਇਹਨਾਂ ਬੇਸ਼ਰਮਾਂ ਨੇ ਉਹਨੂੰ ਵੀ ਆਪਣੇ ਨਾਲ ਮਿਲਾ ਲਿਆ ਸੀ। ਉਹ ਮੈਨੂੰ ਪੱਪੀ ਦਿੱਤਿਆ ਬਗ਼ੈਰ ਕਦੀ ਰਾਤ ਨੂੰ ਸੌਣ ਵਾਸਤੇ ਨਹੀਂ ਸੀ ਗਈ, ਪਰ ਹੁਣ ਮੈਂ ਇੰਤਜ਼ਾਰ ਕਰਦਾ ਰਹਿੰਦਾ ਸਾਂ ਤੇ ਉਹ ਖਾਮੋਸ਼ੀ ਨਾਲ ਮੇਰੇ ਵੱਲ ਵੇਖਣ ਤੋਂ ਬਗ਼ੈਰ ਹੀ ਆਪਣੇ ਮਾਂ-ਪਿਓ ਨਾਲ ਉੱਠ ਕੇ ਟੁਰ ਪੈਂਦੀ ਸੀ। ਸਵੇਰੇ ਚਾਕਲਿਟ ਦੀ ਵੀ ਫਰਮਾਇਸ਼ ਨਹੀਂ ਸੀ ਕਰਦੀ। ਮੈਂ ਆਪ ਜਦੋਂ ਉਸ ਵਾਸਤੇ ਚਾਕਲਿਟ ਲੈ ਕੇ ਆਉਂਦਾ ਤੇ ਉਹ "ਥੈਂਕ-ਯੂ" ਕਹਿ ਕੇ ਲੈਣ ਤੋਂ ਇਨਕਾਰ ਕਰ ਦਿੰਦੀ ਸੀ। ਦਰਜਨ ਕੁ ਚਾਕਲਿਟ ਜਦੋਂ ਮੇਰੇ ਕਮਰੇ ਵਿਚ ਜਮਾਂ ਹੋ ਗਏ ਤਾਂ ਮੈਂ ਫੁੱਟ ਪਿਆ। "ਆਖ਼ਰ ਤੁਸੀਂ ਚਾਹੁੰਦੇ ਕੀ ਹੋ ?" "ਜੀ ਕੁਝ ਵੀ ਨਹੀਂ। ਬੱਸ ਉਹ ਸਾਮਾਨ। ਉਹਦੀ ਬੋ ਹੁਣ ਸਾਰੇ ਘਰ

ਵਿਚ ਫੈਲ ਗਈ ਏ।"

"ਇਹਦਾ ਮਤਲਬ ਇਹ ਹੋਇਆ ਕਿ ਝਗੜੇ ਦੀ ਵਜ੍ਹਾ ਉਹ ਸਾਮਾਨ ਨਹੀਂ, ਮੈਂ ਆਪ ਹਾਂ"

"ਤੁਸੀਂ ਗੱਲ ਨੂੰ ਖਾਹ-ਮਖਾਹ ਵਧਾ ਰਹੇ ਹੋ। ਸਾਡਾ ਮਤਲਬ ਹਰਗਿਜ਼ ਇਹ ਨਹੀਂ।"

ਮੈਂ ਚਿੜਚਿੜਾ ਜਿਹਾ ਹੋ ਰਿਹਾ ਸਾਂ। ਏਸ ਲਈ ਬੱਕ ਬੱਕ, ਝੱਕ ਝੱਕ ਕਰਦਾ ਪੈਰ ਜ਼ਮੀਨ ਤੇ ਜ਼ੋਰ ਨਾਲ ਮਾਰਦਾ ਹੋਇਆ ਬਾਹਰ ਨਿਕਲਕੇ ਲਾਨ ਵਿਚ ਟਹਿਲਣ ਲੱਗ ਪਿਆ। ਤੇ ਫੇਰ ਇੱਕ ਹੋਰ ਫੈਸਲਾ ਕਰ ਲਿਆ। ਦੂਜੇ ਦਿਨ ਤਿਆਰ ਹੋ ਕੇ ਮੈਂ ਬਾਹਰ ਜਾਣਾ ਸ਼ੁਰੂ ਕਰ ਦਿੱਤਾ। ਮੇਰੀ ਮਿਹਨਤ ਰੰਗ ਲਿਆਈ ਤੇ ਮੇਰਾ ਕੰਮ ਬਣ ਗਿਆ। ਫੇਰ ਇੱਕ ਸ਼ਾਮ ਨੂੰ ਉਹਨਾਂ ਨੂੰ ਦੱਸਿਆਂ ਬਗ਼ੈਰ ਪਿੱਛੋਂ ਲਿਆ ਸਾਰਾ ਸਾਮਾਨ ਚੁੱਕ ਕੇ ਤੇ ਆਪਣਾ ਅਟੈਚੀ ਨਾਲ ਲੈ ਕੇ ਉਥੋਂ ਨਿਕਲ ਆਇਆ। ਫਲੈਟ ਜਿਹਦੇ ਵਿਚ ਮੈਂ ਰਿਹਾਇਸ਼ ਅਖਤਿਆਰ ਕੀਤੀ ਸੀ, ਇੱਕ ਵੱਡੇ ਕਮਰੇ ਤੇ ਇਕ ਛੋਟੇ ਕਮਰੇ ਦਾ ਸੀ। ਨਾਲ ਹੀ ਇੱਕ ਕਿਚਨ ਤੇ ਬਾਥਰੂਮ ਸੀ। ਵਿਹੜਾ ਬਿਲਕੁਲ ਛੋਟਾ ਤੇ ਬੜਾ ਤੰਗ ਸੀ ਤੇ ਮੇਰਾ ਕੰਮ ਚੱਲ ਪਿਆ ਸੀ।

ਮੈਂ ਛੇਤੀ ਹੀ ਆਪਣੇ ਆਪ ਨੂੰ ਨਵੇਂ ਹਾਲਾਤ ਵਿਚ ਢਾਲ ਲਿਆ ਸੀ। ਫਿਰ ਉਤੋਂ ਦੇ ਕੰਮਕਾਰ ਵਾਸਤੇ ਇੱਕ ਮਾਈ ਰੱਖ ਲਈ। ਉਹ ਆਉਂਦੀ ਤੇ ਕੱਪੜੇ ਧੋ ਜਾਂਦੀ। ਦੁਪਹਿਰ ਦੀ ਰੋਟੀ ਪਕਾ ਕੇ ਉਹ ਆਪਣੇ ਘਰ ਤੁਰ ਜਾਂਦੀ ਸੀ, ਜਿਹੜਾ ਓਥੋਂ ਕੋਈ ਅਧਿ ਮੀਲ ਦੇ-ਫਾਸਲੇ ਤੇ ਸੀ। ਜਾਂਦਿਆਂ ਹੋਇਆਂ ਉਹ ਆਪਣੇ ਲਈ ਵੀ ਰੋਟੀ ਲੈ ਜਾਂਦੀ ਸੀ। ਕਦੇ ਕਦੇ ਉਹਨੂੰ ਮੇਰੇ ਕੋਲੋਂ ਕੁਝ ਵਾਧੂ ਪੈਸੇ ਵੀ ਮਿਲ ਜਾਂਦੇ ਸਨ। ਇਹ ਉਹ ਉਦੋਂ ਵਸੂਲ ਕਰਦੀ ਸੀ, ਜਦੋਂ ਉਹ ਅਚਾਨਕ ਆਪਣੀ ਕਿਸੇ ਰੁਕੀ ਹੋਈ ਲੋੜ ਦਾ ਜ਼ਿਕਰ ਕਰਦੀ ਸੀ। ਫੇਰ ਉਹ ਇਕ ਦਿਨ ਆਉਂਦਿਆਂ ਹੀ ਰੋਣ ਲੱਗ ਪਈ। ਉਹਨੂੰ ਦਿਲਾਸਾ ਦੇਣ ਤੇ ਜਦੋਂ ਉਹਦੇ ਅੰਦਰ ਦਾ ਤੂਫਾਨ ਠੱਲ੍ਹਿਆ ਤੇ ਉਹਨੇ ਦੱਸਿਆ ਜੋ ਉਹਨੂੰ ਆਪਣੀ ਧੀ ਦੇ ਹੱਥ ਪੀਲੇ ਕਰਨ ਦੀ ਫਿਕਰ ਸੀ। ਮੈਂ ਉਹਦੀ ਗੱਲ ਸੁਣੀ ਤੇ ਇੱਕ ਵਾਰੀ ਫੇਰ, ਫੈਸਲਾ ਕੀਤਾ। ਮੈਂ ਅੰਮਾ ਤੇ ਅੱਬਾ ਜੀ ਦੇ ਪਲੰਘ ਨਵੇਂ ਸਿਰੇ ਤੋਂ ਰੰਗ ਕਰਾਏ, ਸ਼ਿੰਗਾਰ ਮੇਜ਼ ਵੀ ਠੀਕ ਕਰਵਾਇਆ। ਉਹਦੇ ਤੇ ਨਵਾਂ ਸ਼ੀਸ਼ਾ ਲਵਾਇਆ ਤੇ ਅੱਬਾ ਜੀ ਦੀਆਂ ਬੈਠਕ ਵਾਲੀਆਂ ਚਾਰ ਕੁਰਸੀਆਂ ਤੇ ਮੇਜ਼ ਠੀਕ ਕਰਵਾ ਲਈ। ਫੇਰ ਕੁਝ ਨਕਦ ਰਕਮ ਨਾਲ ਸਾਰਾ ਕੁਝ ਮਾਈ ਦੇ ਹਵਾਲੇ ਕਰ ਦਿੱਤਾ।

ਮਾਈ ਬਹੁਤ ਖੁਸ਼ ਹੋਈ। ਉਹ ਮੈਨੂੰ ਦੁਆਵਾਂ ਦੇ ਰਹੀ ਸੀ। ਮੈਂ ਜਦੋਂ ਉਹਨੂੰ ਇਹ ਸਾਮਾਨ ਦੇ ਰਿਹਾ ਸੀ ਤੇ ਮੈਂ ਉਹਨੂੰ ਸਿਰਫ ਏਨਾ ਕਿਹਾ, "ਜੇ ਉਹ ਇਜਾਜ਼ਤ ਦੇਵੇ ਤੇ ਜਦੋਂ ਮੇਰਾ ਜੀ ਚਾਹਵੇ ਤਾਂ ਮੈਂ ਇਹਨਾ ਚੀਜ਼ਾ ਨੂੰ ਵੇਖਣ ਲਈ ਉਹਦੀ ਧੀ ਦੇ ਘਰ ਆ ਜਾਇਆ ਕਰਾਂਗਾ।" ਉਹਨੇ ਮੇਰੀ ਏਸ ਗੱਲ ਨੂੰ ਛੇਤੀ ਨਾਲ ਮੰਨ ਲਿਆ ਤੇ ਉਹ ਏਸ ਸਾਰੇ ਸਾਮਾਨ ਨੂੰ ਜੀਹਦੇ ਵਿਚ ਗੋਗੀ ਦਾ ਦਿੱਤਾ ਹੋਇਆ ਕਰੋਸ਼ੀਏ ਵਾਲਾ ਰੁਮਾਲ ਸੀ ਲੈ ਕੇ ਚਲੇ ਗਏ ਤੇ ਮੈਂ ਅਟੈਂਚੀ ਚੁੱਕ ਕੇ ਘਰ ਵਾਪਸ ਆ ਗਿਆ।

ਬੜੀ ਖੁਸ਼ੀ ਨਾਲ ਮੇਰਾ ਸਵਾਗਤ ਕੀਤਾ ਗਿਆ। ਮੇਰੀ ਪੋਤਰੀ ਵੀ ਹੱਸਦੇ ਮੁਸਕਰਾਉਂਦੇ ਚਿਹਰੇ ਨਾਲ ਮੈਨੂੰ ਮਿਲੀ। ਉਹਨੇ ਮੇਰੇ ਹੱਥ ਵਿਚ ਫੜਿਆ ਚਾਕਲਿਟ ਝਪਟਾ ਮਾਰਕੇ ਖੋਹ ਲਿਆ। ਏਸ ਰਾਤ ਇਕ ਵਾਰੀ ਫੇਰ ਮੈਨੂੰ ਮੇਰੀ ਮਨ-ਪਸੰਦ ਡਿੱਸ਼ ਅਰਥਾਤ ਸੌਗੀ ਤੇ ਗਿਰੀ ਵਾਲੇ ਗੁੜ ਚੌਲ ਖਾਣ ਨੂੰ ਮਿਲੇ। ਘਰ ਵਿਚ ਇਕ ਵਾਰ ਫੇਰ ਹਾਸੇ ਸੁਣਾਈ ਦੇਣ ਲੱਗ ਪਏ, ਪੁੱਤਰ ਤੇ ਨੂੰਹ ਦੋਵੇਂ ਈ ਮੇਰੇ ਨਾਲ ਬੜੀ ਮੁਹੱਬਤ ਨਾਲ ਪੇਸ਼ ਆਵਣ ਲੱਗ ਪਏ, ਤੇ ਮਾਈ ਤਰਫ਼ੋਂ ਇਜਾਜ਼ਤ ਦੇ ਬਾਵਜੂਦ ਫੇਰ ਦੁਬਾਰਾ ਮੈਂ ਓਸ ਸਾਮਾਨ ਨੂੰ ਵੇਖਣ ਨਾ ਗਿਆ.......ਨਾ ਜਾ ਸਕਿਆ।

*(ਲਿੱਪੀ ਰੁਪਾਂਤਰ..ਹ.ਸ.ਹ.)*



<u>*ਵਤਨੋਂ ਦੂਰ*</u>

## 1. ਬ੍ਰੈਕਟਸ ਦੇ ਅੰਦਰ/*ਅਮਰ ਜਿਊਤੀ*

ਅਲਜਬਰੇ ਦੀਆਂ
ਤਿਕੋਣ ਚੌਕੋਣ ਚੌਰਸ ਗੋਲ ਸ਼ਕਲਾਂ ਵਿਚ
ਘੁੰਮ ਰਹੀ ਜ਼ਿੰਦਗੀ
ਅਲਜਬਰਾ ਨਹੀਂ ਆਉਂਦਾ
ਨਾ ਹੀ ਮੈਥਿਮੈਟਿਕਸ
ਪ੍ਰੋਪੋਜੀਸ਼ਨ ਸੁਲਝਾਉਣਾ
ਬ੍ਰੈਕਟਸ ਵਿਚ ਬੰਦ ਹਿੰਦਸਿਆਂ ਨੂੰ
ਬਾਹਰ ਕੱਢਣਾ
ਮਨਫ਼ੀ, ਜਮ੍ਹਾਂ, ਜ਼ਰਬ ਕਰਦਿਆਂ
ਜ਼ਰਬ ਖਾ ਜਾਂਦਾ ਵਜੂਦ
ਕੈਦ ਹੋ ਜਾਂਦੀ ਆਪ-ਬ੍ਰੈਕਟਸ ਅੰਦਰ
ਤਕਸੀਮ ਹੁੰਦੀ ਰੂਹ
ਜ਼ਿੰਦਗੀ ਦੇ ਲੇਖੇ ਜੋਖੇ ਦੇ ਚੱਕਰਵਿਊ 'ਚ
ਗੁੰਮ ਗਈ
ਬ੍ਰੈਕਟਸ ਵਿਚੋਂ ਬਾਹਰ ਨਿਕਲਣ ਲਈ ਹੋਂਦ ਮੇਰੀ
ਛਟਪਟਾ ਰਹੀ
ਅਲਜਬਰੇ ਦੀਆਂ
ਤਿਕੋਣ ਚੌਕੋਣ ਚੌਰਸ ਤੇ ਗੋਲ ਸ਼ਕਲਾਂ ਵਿਚ
ਘੁੰਮ ਰਹੀ ਜ਼ਿੰਦਗੀ

## 2. ਨਿਰਵਾਨ

ਹੱਥ ਵਿਚ ਕਸ਼ਕੋਲ ਫੜੀ ਮੈਂ
ਮੁਕਤੀ ਮੰਗਣ ਤੁਰੀ
ਕੁਝ ਦੀਆਂ ਅੱਖਾਂ ਵਿਚ ਸੀ ਤਰਸ
ਕੁਝ ਵਿਚ ਨਫ਼ਰਤ
ਕਈਆਂ ਆਖਿਆ ਵਿਚਾਰੀ
ਕਈਆਂ ਸੰਸਾਰੀ
ਅੱਖਰਾਂ ਤੋਂ ਪੁਛਿਆ-
ਰੌਸ਼ਨ ਰਾਹ-ਬਣੋ ਤੁਸੀਂ ਰਾਹਨੁਮਾ
ਕਿਸੇ ਤੋਂ ਮਿਲਿਆ ਨਹੀਂ ਪਤਾ
ਆਈ ਅੰਦਰੋਂ ਸਦਾਅ

ਮੁਕਤੀ ਮੰਗਿਆਂ ਨਹੀਂ ਮਿਲਦੀ
ਮੁਕਤੀ ਤਾਂ ਤੇਰੀਆਂ ਸੋਚਾਂ
ਤੇਰੇ ਦਿਲ ਨਾਲ ਵਾਬਸਤਾ
ਸੋਚਾਂ ਤੇ ਜਜ਼ਬਿਆਂ ਨਾਲ
ਲੁਕਣਮੀਟੀ ਖੇਡਦੀ
ਵਾਗੀ ਪੂਗਾ
ਮੁਕਤੀ ਪਾ।

## 3. ਮੁਹੱਬਤ

ਮੁਹੱਬਤ=ਇਲਜ਼ਾਮ ਵਾਂਗ ਸੁਲਘਦੀ
ਅੱਗ ਵਾਂਗ ਮੱਚਦੀ
ਜ਼ਹਿਰ ਵਾਂਗ ਲੜਦੀ
ਮੁਹੱਬਤ=ਕੋਰੇ ਕਾਗਜ਼ ਤੇ ਲਿਖੇ ਗਏ ਜ਼ਖ਼ਮ
ਈਸਾ ਦੇ ਜਿਸਮ 'ਚ ਠੋਕੇ ਗਏ ਕਿੱਲ
ਚੰਬੇਲੀ ਦੀ ਡਾਲ ਤੇ ਖੇਡਦੇ ਨਾਗ
ਮੁਹੱਬਤ=ਹਾਦਸਿਆਂ ਦਾ ਹਜੂਮ
ਸ਼ੈਤਾਨ ਦੀ ਸੋਚ
ਸੂਲੀ ਦੀ ਤਕਦੀਰ
ਚੌਰਾਹੇ 'ਚ ਲਟਕਦੀ=ਸ਼ਹਿਜ਼ਾਦੀ* ਦੀ ਲਾਸ਼।

*(ਅਰਬ ਸ਼ਹਿਜ਼ਾਦੀ ਜਿਸਨੂੰ ਮੁਹੱਬਤ ਕਰਨ ਬਦਲੇ 1978 ਵਿਚ ਮੌਤ ਦੀ ਸਜ਼ਾ ਦਿਤੀ ਗਈ।)*

*P.Box 14860*
*1001 Lj-Amsterdam, Netherlands*

ਵਾਂਘਿਉਂ ਪਾਰ

## ਨਜ਼ਮ / ਜ਼ਾਹਿਦ ਸਦੀਕਾ

ਬੇਇਤਬਾਰੀ ਦੁਨੀਆਂ ਦੇ ਵਿਚ
ਬੇਇਤਬਾਰੇ ਲੋਕੀਂ
ਗ਼ਰਜ਼ਾਂ ਪਾਰੋਂ
ਇੱਕ ਦੂਜੇ ਨੂੰ
ਘੁੱਟ ਘੁੱਟ ਜੱਫੀਆਂ ਪਾਂਦੇ
ਰਾਜ਼ ਦਿਲਾਂ ਦੇ
ਰੋ ਰੋ ਸੁਣਦੇ
ਸੱਜਣ ਵੀ ਅਖਵਾਉਂਦੇ



ਕਹਾਣੀ

# ਅਪਰਾਧ-ਬੋਧ

*—ਅਮਰੀਕ ਸਿੰਘ ਕੰਡਾ*

ਅੱਜ ਫੇਰ ਸਪਨਾ ਨਾਲ ਮੇਰੀ ਲੜਾਈ ਹੋ ਗਈ ਤੇ ਮੈਂ ਵੀ ਆਦਤ ਅਨੁਸਾਰ ਬੁਰਾ ਭਲਾ ਕਹਿ ਬੈਠਾ। ਹੁਣ ਮਨ ਘਬਰਾਉਂਦਾ ਹੈ ਕਿ ਕਿਤੇ ਬਾਤ ਦਾ ਬਤੰਗੜ ਨਾ ਬਣ ਜਾਵੇ। ਕਿਤੇ ਆਏਂ ਨਾ ਹੋਵੇ ਕਿ ਅਸੀਂ ਇਕ ਦੂਜੇ ਤੋਂ ਦੂਰ ਆਪਣੇ ਆਪਣੇ ਸ਼ਹਿਰਾਂ ਨੂੰ ਚਲੇ ਜਾਈਏ। ਪਤਾ ਨਹੀਂ ਕਿਉਂ ਲੜਾਈ ਹੋਣ ਤੇ ਮਨ 'ਚ ਡਰ ਜਿਹਾ ਲੱਗਾ ਰਹਿੰਦਾ। ਫਿਰ ਵੀ ਮਨ ਝਗੜਾ ਕੀਤੇ ਬਗੈਰ ਮੰਨਦਾ ਹੀ ਨਹੀਂ।

ਵੈਸੇ ਤਾਂ ਪਤੀ ਪਤਨੀ ਦਾ ਰਿਸ਼ਤਾ ਹੀ ਇਹੋ ਜਿਹਾ ਹੈ, ਕਿ ਛੋਟੀ ਮੋਟੀ ਜਿਹੀ ਨੋਕ ਝੋਕ ਤਾਂ ਹੁੰਦੀ ਹੀ ਰਹਿੰਦੀ ਹੈ। ਸਗੋਂ ਇਹ ਨੋਕ ਝੋਕ ਸੰਬੰਧਾਂ ਨੂੰ ਹੋਰ ਮਜ਼ਬੂਤ ਬਣਾਉਂਦੀ ਹੈ। ਪਰ ਸ਼ਾਇਦ ਮੇਰੀ ਜ਼ਿੰਦਗੀ 'ਚ ਇਸ ਤਰਾਂ ਨਹੀਂ ਹੈ। ਮੇਰੀ ਆਪਣੀ ਪਤਨੀ ਦੇ ਨਾਲ ਸੰਬੰਧ ਇਹੋ ਜਿਹੇ ਨਹੀਂ ਹਨ ਕਿ ਇਹੋ ਜਿਹੀ ਨੋਕ ਝੋਕ ਦਾ ਆਨੰਦ ਲੈ ਸਕਾਂ। ਸੱਚ ਕਹਾਂ ਤਾਂ ਮੈਨੂੰ ਹੁਣ ਤੱਕ ਕੋਈ ਸ਼ਿਕਾਇਤ ਵੀ ਨਹੀਂ। ਪਰ ਹੁਣ ਪਤਾ ਨਹੀਂ ਕਿਉਂ ਮਾਣ ਮਰਿਆਦਾ ਤੋੜਨ ਦਾ ਡਰ ਬਣਿਆ ਹੈ। ਆਦਰਸ਼ਾਂ ਦੇ ਪੁਲ ਟੁੱਟਦੇ ਨਜ਼ਰ ਆ ਰਹੇ ਨੇ ਤੇ ਵਿਚਾਰਾਂ ਨੇ ਇਕ ਨਵਾਂ ਮੋੜ ਲੈ ਲਿਆ ਹੈ।

ਹੁਣ ਮੇਰੇ ਕੋਲ ਸੁੱਤੀ ਪਈ ਸਪਨਾ ਨੂੰ ਹੀ ਦੇਖ ਲਉ। ਲੱਗੇਗਾ ਕਿ ਕੁਝ ਹੋਇਆ ਹੀ ਨਹੀਂ, ਸਾਡੇ ਦੋਨਾਂ ਦੇ ਵਿਚ। ਇਹੀ ਵਿਸ਼ੇਸ਼ਤਾ ਸੀ ਉਸਦੀ। ਪਤਾ ਹੀ ਨਹੀਂ ਲਗਦਾ ਸੀ ਕਿ ਉਸਦੇ ਮਨ ਚ ਕੀ ਹੈ? ਉਹ ਸੋਚਦੀ ਕੀ ਹੈ ? ਕਰਦੀ ਕੀ ਹੈ ?

ਪਤਾ ਨਹੀਂ ਕਿਉਂ ਸਪਨਾ ਸਮਝਦੀ ਹੈ ਕਿ ਮੈਂ ਉਸ ਤੇ ਕੋਈ ਉਪਕਾਰ ਕੀਤਾ ਹੈ। ਪਤਾ ਨਹੀਂ ਕਿਹੜੀ ਗੰਢੀ ਹੈ ਉਸਦੇ ਮਨ ਚ ਜਿਹੜੀ ਉਸ ਨੂੰ ਹੀਣ ਭਾਵਨਾ ਨਾਲ ਭਰ ਦਿੰਦੀ ਹੈ। ਮੈਂ ਉਸ ਨੂੰ ਹੀਣਭਾਵਨਾ ਚੋਂ ਬਾਹਰ ਕੱਢਣ ਦਾ ਯਤਨ ਕਰਦਾਂ ਹਾਂ। ਪਰ ਸਭ ਬੇਕਾਰ ਹੀ ਜਾਂਦਾ ਹੈ। ਮੈਂ ਹਮੇਸ਼ਾਂ ਉਸ ਨੂੰ ਸਮਝਾਉਣ ਦਾ ਯਤਨ ਕਰਦਾਂ ਹਾਂ ਕਿ ਆਪਣਾ ਵਿਆਹ ਕੋਈ ਮਜ਼ਬੂਰੀ, ਲਾਚਾਰੀ ਜਾਂ ਪਰੋਪਕਾਰ ਚ ਲਿਆ ਗਿਆ ਫੈਸਲਾ ਨਹੀਂ ਸੀ। ਪਰ ਮੈਂ ਉਸਦੇ ਮਨ ਦੀਆਂ ਡੂੰਘੀਆਂ ਗੁਫਾਵਾਂ ਚ ਭਟਕ ਜਾਂਦਾ ਹਾਂ। ਉਸਦੇ ਮਨ ਦੀ ਗੱਲ ਦਾ ਪਤਾ ਲਾਉਣ ਚ ਮੈਂ ਅਸਫਲ ਰਹਿੰਦਾ ਹਾਂ।

ਅੱਜ ਵੀ ਗੱਲ ਐਨੀ ਕੁ ਸੀ। ਬਸ ਵੱਧਦੇ ਵੱਧਦੇ ਇਸ ਮੁਕਾਮ ਤੇ ਪਹੁੰਚ ਗਈ। ਅੱਜ ਸਾਡੇ ਵਿਆਹ ਦੀ ਚੌਥੀ ਸਾਲਗਿਰਹਾ ਸੀ। ਦੋਸਤ ਵੀ ਕਈ ਦਿਨਾਂ ਤੋਂ ਮਗਰ ਪਏ ਸਨ, ਇਸ ਲਈ ਮੈਂ ਇਕ ਚੰਗੀ ਪਾਰਟੀ ਦਾ ਪ੍ਰਬੰਧ ਕੀਤਾ ਸੀ। ਵੈਸੇ ਮੈਂ ਸ਼ੁਰੂ ਤੋਂ ਹੀ ਇਕਾਂਤਚਿਤ ਆਦਮੀ ਹਾਂ। ਪਾਰਟੀਆਂ ਮੈਨੂੰ ਰਾਸ ਨਹੀਂ ਆਉਂਦੀਆਂ। ਪਰ ਪਾਰਟੀ ਚ ਫਸ ਜਾਣ ਤੇ ਚੁਪ ਰਹਿਣਾ ਵੀ ਪਸੰਦ ਨਹੀਂ। ਮੈਂ ਪਾਰਟੀ ਦਾ ਪੂਰਾ ਆਨੰਦ ਲੈਂਦਾ ਹਾਂ।

ਪਰ ਸਪਨਾ ਦਾ ਨਜ਼ਰੀਆਂ ਹੋਰ ਹੈ। ਉਸਨੂੰ ਲੋਕਾਂ ਨਾਲ ਮਿਲਣਾ ਜੁਲਣਾ, ਉਹਨਾਂ ਚ ਬੈਠ ਗੱਪਾਂ ਮਾਰਨਾ ਚੰਗਾ ਲਗਦਾ ਹੈ। ਕਈ ਵਾਰ ਉਹ ਸਾਊ ਪੁਣੇ ਦੀ ਸੀਮਾ ਪਾਰ ਕਰਨ ਦੀ ਹੱਦ ਤੱਕ ਪਹੁੰਚ ਜਾਂਦੀ ਹੈ। ਸੁਪਨਾ ਨੇ ਇਹੋ ਜਹੇ ਮਾਹੌਲ ਚ ਗੱਲ ਕੀਤੀ ਸੀ, ਮੇਰੇ ਕੁਝ ਕੁਲੀਗਾਂ ਨਾਲ। ਉਹਨਾਂ ਚ ਕਈ ਤਾਂ ਪੂਰੇ ਨਸ਼ੇ ਚ ਸਨ ਤੇ ਕਈ ਅੱਧੇ ਨਸ਼ੇ ਚ ਸਨ। ਇਸ ਮਾਹੌਲ ਚ ਸਪਨਾ ਦਾ ਉਹਨਾਂ ਨਾਲ ਗੱਲ ਕਰਨਾ, ਮਜ਼ੇ ਲੈ ਲੈ ਉੱਚੀ ਉੱਚੀ ਹੱਸਣਾ, ਮੈਨੂੰ ਚੰਗਾ ਨਹੀਂ ਲੱਗਾ ਸੀ। ਸਪਨਾ ਦਾ ਸੁਭਾਅ ਇਹੋ ਜਿਹਾ ਹੈ ਮੈਨੂੰ ਪਤਾ ਹੈ। ਪਰ ਸਾਹਮਣੇ ਵਾਲੇ ਦੀ ਹਾਲਤ ਵੀ ਵੇਖਣੀ ਚਾਹੀਦੀ ਹੈ। ਲਿਹਾਜ਼ਾ ਸਪਨਾ ਨੂੰ ਇਕ ਪਾਸੇ ਲੈ ਜਾ ਕੇ ਮੈਂ ਸਮਝਾਉਣਾ ਚਾਹਿਆ।

"ਸਪਨਾ ਇਹ ਕੀ ਬਚਪਨਾ ਹੈ ? ਇਹ ਸਭ ਚੰਗਾ ਲਗਦਾ ? ਉਹ ਲੋਕ ਹੋਸ਼ ਵਿਚ ਨਹੀਂ ਨੇ, ਕੱਲ੍ਹ

ਨੂੰ ਦਫ਼ਤਰ ਭਾਂਤ ਭਾਂਤ ਦੀਆਂ ਗੱਲਾਂ ਕਰਨਗੇ ਤੇਰੇ ਬਾਰੇ।"

ਮੈਂ ਐਨਾ ਹੀ ਕਿਹਾ ਸੀ ਉਹ ਮੂੰਹ ਮੋਟਾ ਕਰ ਬੈਠ ਗਈ। ਮੈਂ ਉਸ ਨੂੰ ਬਹੁਤ ਸਮਝਾਉਣ ਦਾ ਯਤਨ ਕੀਤਾ। ਮੈਂ ਲੱਖ ਕੋਸ਼ਿਸ਼ ਕੀਤੀ ਕਿ ਆਏ ਹੋਏ ਮਹਿਮਾਨਾਂ ਦੇ ਸਾਹਮਣੇ ਤਮਾਸ਼ਾ ਨਾ ਹੋਵੇ।

"ਤੂੰ ਸਮਝਦੀ ਨਹੀਂ, ਹੁਣ ਤੂੰ ਛੋਟੀ ਬੱਚੀ ਨਹੀਂ ਰਹੀ। ਆਪਣੇ ਵਿਆਹ ਹੋਏ ਨੂੰ ਚਾਰ ਸਾਲ ਹੋ ਗਏ ਨੇ। ਥੋੜੀ ਗੰਭੀਰਤਾ ਲਿਆ ਆਪਣੇ ਵਿਹਾਰ ਚ।"

" ਕੀ ਲਿਆਵਾਂ ?"

"ਜੇ ਤੂੰ ਇਕ ਹੁਣ ਬੱਚੇ ਦੀ ਮਾਂ ਬਣੀ ਹੁੰਦੀ ਤਾਂ ਸੋਚ ਤੈਨੂੰ ਇਹ ਸੋਭਾ ਦਿੰਦਾ ?"

ਇਹ ਗੱਲ ਮੈਂ ਉਸ ਨੂੰ ਸਮਝਾਉਣ ਲਈ ਕਹੀ ਸੀ। ਪਰ ਉਸ ਨੂੰ ਇਹ ਚੁਭ ਗਈ। ਮੈਨੂੰ ਵੀ ਅਫਸੋਸ ਹੋਇਆ। ਮੈਂ ਵੀ ਜ਼ਿਆਦਾ ਹੀ ਬੋਲ ਗਿਆ। ਹਾਂਲਾ ਕਿ ਇਹ ਗੱਲ ਸਹੀ ਸੀ ਕਿ ਸਪਨਾ ਮਾਂ ਨਹੀਂ ਬਣ ਸਕੀ ਸੀ। ਸਪਨਾ ਨੂੰ ਬਹੁਤ ਗੱਸਾ ਆਇਆ ਤੇ ਉਹ ਇਕੋ ਦਮ ਬੋਲ ਪਈ।

"ਮੇਰੀ ਕੋਈ ਗੱਲ ਥੋਨੂੰ ਚੰਗੀ ਨਹੀਂ ਲਗਦੀ। ਜੇ ਮੈਂ ਮਾਂ ਨਹੀਂ ਬਣ ਸਕੀ ਤਾਂ ਇਸ ਚ ਮੇਰਾ ਕੀ ਦੋਸ਼ ਐ ?"

ਤੇ ਉਹ ਰੋਣ ਲਗੀ ਤੇ ਫੇਰ ਗੰਭੀਰ ਹੋ ਕੇ ਬੋਲੀ

"ਸੁਣੋ ਜੀ ਕੀ ਥੋਡੇ ਮਨ ਚ ਵੀ ਸ਼ੰਕਾ ਹੈ ਕਿ ਮੈਂ ਮਾਂ ਨਹੀਂ ਬਣ ਸਕਦੀ। ਉਸ ਘਟਨਾ ਬਾਅਦ ਕੀ ਮੈਂ ਮਾਂ ਬਨਣ ਦੇ ਕਾਬਿਲ ਨਹੀਂ ਰਹੀ ? ਕੀ ਹੁਣ ਵੀ ਤੁਸੀਂ ਸੋਚਦੇ ਹੋ ਇਹ ਸਾਰਾ ਦੋਸ਼ ਮੇਰਾ ਹੈ। ਕੀ ਥੋਨੂੰ ਪਸ਼ਚਾਤਾਪ ਹੋ ਰਿਹਾ ਆਪਣੇ ਫੈਸਲੇ ਤੇ ?"

ਸਪਨਾ ਨੇ ਉਸ ਘਟਨਾ ਦਾ ਹਵਾਲਾ ਦਿੰਦੇ ਹੋਏ ਕਿਹਾ।

ਸਪਨਾ ਆਪਣੇ ਰੌਅ ਚ ਬਲੀ ਜਾ ਰਹੀ ਸੀ।

"ਸੁਣੋ ਜੀ ਤੁਸੀਂ ਮੇਰੇ ਨਾਲ ਵਿਆਹ ਕਰਕੇ ਬਹੁਤ ਵੱਡਾ ਉਪਕਾਰ ਕੀਤਾ ਮੇਰੇ ਤੇ। ਹੁਣ ਜੇ ਤੁਸੀਂ ਮੈਨੂੰ ਛੱਡਣਾ ਚਾਹੁਦੇ ਹੋ ਤਾਂ ਮੈਂ ਬੁਰਾ ਨਹੀਂ ਮਨਾਵਾਂਗੀ। ਤੁਹਾਡੇ ਨਾਲ ਬਿਤਾਏ ਇਹ ਚਾਰ ਸਾਲ ਮੇਰੀ ਬਾਕੀ ਜ਼ਿੰਦਗੀ ਨੂੰ ਚਲਾਉਣ ਲਈ ਬਹੁਤ ਹੋਣਗੇ। ਜੇ ਤੁਸੀਂ ਸਚਮੁੱਚ ਮੈਨੂੰ ਛੱਡ ਕੇ ਜਾਣਾ ਚਾਹੁੰਦੇ ਹੋ ਤਾਂ ਛੱਡ ਦਿਉ। ਮੈਂ ਸਾਰਾ ਦੋਸ਼ ਆਪਣੇ ਸਿਰ ਤੇ ਲੈ ਲਵਾਂਗੀ ਤੁਹਾਡੇ ਤੇ ਆਂਚ ਵੀ ਨਹੀਂ ਆਉਣ ਦੇਵਾਂਗੀ।"

ਗੱਲ ਗੱਲ ਤੇ ਉਸਦਾ ਸਵਰ ਕਦੋਂ ਉੱਚਾ ਹੋ ਗਿਆ ਪਤਾ ਹੀ ਨਹੀਂ ਚਲਿਆ। ਸਾਰੇ ਮਹਿਮਾਨ ਸਾਡੇ ਆਲੇ-ਦੁਆਲੇ ਇੱਕਠੇ ਹੋ ਗਏ। ਆਪਣੀ ਗੱਲ ਕਹਿ ਕੇ ਸਪਨਾ ਜਦੋਂ ਰੁਕੀ ਤਾਂ ਲੋਕਾਂ ਨੂੰ ਆਪਣੇ ਆਲੇ-ਦੁਆਲੇ ਖੜਾ ਦੇਖ ਕੇ ਹੈਰਾਨ ਹੋ ਗਈ ਤੇ ਬੇਹੋਸ਼ ਹੋ ਕੇ ਡਿੱਗ ਪਈ।

ਕਹਿਣਾ ਮੈਂ ਬਹੁਤ ਕੁੱਝ ਚਾਹੁੰਦਾ ਸਾਂ। ਦੱਸਣਾ ਚਾਹੁੰਦਾ ਸਾਂ ਕਿ ਆਪਣਾ ਵਿਆਹ ਕੋਈ ਆਦਰਸ਼ਵਾਦ ਨਹੀਂ ਸੀ। ਨਾ ਹੀ ਉਹ ਕੋਈ ਸਮਾਜਿਕ ਕੰਮ ਸੀ। ਉਹ ਤਾਂ ਇਕ ਤਰਫਾ ਪਿਆਰ ਦੀ ਸਥਿਤੀ ਸੀ। ਇਕ ਇਹੋ ਜਿਹਾ ਪਿਆਰ ਜਿਸ ਨੂੰ ਸਪਨਾ ਕਦੇ ਸਮਝ ਨਹੀਂ ਪਾਈ। ਇਕ ਇਹੋ ਜਿਹਾ ਪਿਆਰ ਜਿਸਨੇ ਸਪਨਾ ਦੇ ਸਾਰੇ ਦੋਸ਼ਾਂ ਨੂੰ ਢਕ ਲਿਆ। ਇਕ ਇਹੋ ਜਿਹਾ ਪਿਆਰ ਜਿਹੜਾ ਸੱਚ ਹੈ। ਕਿਉਂਕਿ ਇਹ ਕਿਸੇ ਘਟਨਾ ਨਾਲ ਨਹੀਂ ਸਗੋਂ ਵਿਅਕਤੀ ਨਾਲ ਜੁੜੀ ਹੈ। ਇਕ ਇਹੋ ਜਿਹੇ ਵਿਅਕਤੀ ਨਾਲ ਜਿਸਨੂੰ ਮੈਂ ਪੂਰੇ ਜੀਵਨ ਦੇ ਲਈ ਆਪਣਾ ਜੀਵਨ ਸਾਥੀ ਬਣਾਇਆ ਹੈ। ਪਰ ਮੈਂ ਉਸ ਨੂੰ ਇਹ ਸਾਰਾ ਕੁੱਝ ਕਹਿ ਨਹੀਂ ਸਕਿਆ। ਹੋ ਸਕਦਾ ਹੈ ਕਿ ਮੇਰਾ ਪਿਆਰ ਹੀ ਵਿਚ ਆ ਗਿਆ ਹੋਵੇ।

ਸਵੇਰ ਦੇ ਇੰਤਜ਼ਾਰ ਚ ਮੈਂ ਲੇਟਿਆ ਹੋਇਆ ਹਾਂ। ਕਦੋਂ ਦਿਨ ਸ਼ੁਰੂ ਹੋਵੇ ਤੇ ਮੇਰਾ ਵਿਚਾਰ ਚੱਕਰ ਟੁੱਟੇ।

ਗੱਲ ਉਸ ਵੇਲੇ ਦੀ ਹੈ ਜਦੋਂ ਮੈਂ ਨੌਕਰੀ ਲਈ ਪੰਜਾਬ ਪਹੁੰਚਿਆ। ਨਵੀਂ ਨਵੀਂ ਨੌਕਰੀ ਸੀ ਤੇ ਨਵਾਂ ਨਵਾਂ ਉਤਸ਼ਾਹ ਸੀ। ਕਿਰਾਏ ਤੇ ਇਕ ਛੋਟਾ ਜਿਹਾ ਘਰ ਮਿਲ ਗਿਆ ਸੀ। ਤਨਖਾਹ ਵੀ ਠੀਕ



ਠਾਕ ਸੀ। ਕੁਲ ਮਿਲਾ ਕੇ ਦਿਨ ਬੜੇ ਚੰਗੇ ਗੁਜ਼ਰ ਰਹੇ ਸਨ। ਮਾਂ ਵੀ ਇਕ ਦੋ ਵਾਰ ਘਰ ਗ੍ਰਿਹਸਤੀ ਜਮਾਉਣ ਦੇ ਉਦੇਸ਼ ਨਾਲ ਆਈ ਤੇ ਜਾਂਦੇ ਜਾਂਦੇ ਬਹੂ ਲਿਆਉਣ ਦੀ ਹਿਦਾਇਤ ਦੇ ਕੇ ਚਲੀ ਗਈ ਸੀ।

ਰੋਜ਼ ਨਵੇਂ ਨਵੇਂ ਰਿਸ਼ਤੇ ਆ ਰਹੇ ਸਨ। ਚੰਗੇ ਤੋਂ ਚੰਗੇ ਘਰਾਂ ਦੇ। ਸੋਹਣੀਆਂ ਕੁੜੀਆਂ ਦੇ। ਪਰ ਮੈਨੂੰ ਕੋਈ ਕੁੜੀ ਪਸੰਦ ਹੀ ਨਹੀਂ ਆ ਰਹੀ ਸੀ। ਮੇਰੀ ਕਲਪਨਾ ਦੀ ਜੀਵਨ ਸਾਥਣ ਕਿਸੇ ਨੂੰ ਸਮਝ ਨਹੀਂ ਆ ਰਹੀ ਸੀ। ਮਾਂ ਦੇ ਉਲਾਂਭੇ ਭਰੀ ਚਿੱਠੀ ਵੀ ਆਈ।

ਜਿਸ ਚ ਲਿਖਿਆ ਸੀ—

"ਤੇਰੇ ਲਈ ਮੈਂ ਕੁੜੀ ਕਿੱਥੋਂ ਲੱਭਾਂ, ਚੰਗਾ ਹੋਵੇਗਾ ਕਿ ਤੂੰ ਖੁਦ ਹੀ ਲੱਭ ਲੈ।"

ਮੈਂ ਕਿਵੇਂ ਦੱਸਦਾ ਮਾਂ ਨੂੰ। ਮੇਰੀ ਕਲਪਨਾ ਤਾਂ ਇੱਥੇ ਮੇਰੇ ਕੋਲ ਹੀ ਸੀ। ਮੇਰੇ ਨਾਲਦੇ ਘਰ ਚ। ਹੂ ਬ ਹੂ। ਮੇਰੀ ਕਲਪਨਾ ਕੀਤੇ ਨੈਣ ਨਕਸ਼, ਚੇਹਰਾ, ਕੱਦ ਕਾਠ। ਮੈਂ ਹਰ ਰੋਜ਼ ਰੱਬ ਅੱਗੇ ਦੁਆ ਕਰਦਾ "ਹੇ ਰੱਬਾ ਮੇਰਾ ਇਸ ਕੁੜੀ ਨਾਲ ਵਿਆਹ ਕਰਵਾ ਦੇ, ਜਿਵੇਂ ਮਰਜ਼ੀ ਕਰ।"

ਨਾਲ ਨਾਲ ਰਹਿੰਦੇ ਉਹਨਾਂ ਨਾਲ ਥੋੜੀ ਜਾਣ ਪਹਿਚਾਣ ਤਾਂ ਹੋ ਹੀ ਗਈ ਸੀ। ਇਹ ਪੰਜਾਬੀ ਸਨ ਤੇ ਇਹ ਇਹਨਾਂ ਦੀ ਇਕਲੌਤੀ ਧੀ ਸੀ। ਪਹਿਲੀ ਗੱਲ ਤਾਂ ਇਹ ਸੀ ਕਿ ਮਾਂ ਨੇ ਕਦੇ ਵੀ ਰਾਜ਼ੀ ਨਹੀਂ ਹੋਣਾ ਕਿ ਪੰਜਾਬੀਆਂ ਦੀ ਕੁੜੀ ਦੇ ਦੂਜੇ ਸਰਦਾਰਾਂ ਘਰ ਵਿਆਹ ਤੇ। ਸਪਨਾ ਨਾਲ ਮੇਰੀ ਕਦੇ ਵੀ ਗੱਲ ਨਹੀਂ ਸੀ ਹੋਈ। ਉਸਦੇ ਮਾਤਾ ਪਿਤਾ ਨੂੰ ਮੈਂ ਹਰ ਰੋਜ਼ ਮਿਲਦਾ ਸੀ। ਸਪਨਾ ਦਾ ਵਿਹਾਰ ਰੁੱਖਾ ਹੀ ਸੀ। ਮੈਂ ਜਦੋਂ ਸ਼ਾਮ ਨੂੰ ਡਿਊਟੀ ਤੋਂ ਆਉਂਦਾ ਤਾਂ ਰਾਤ ਨੂੰ ਖਾਣਾ ਖਾ ਕੇ ਸਪਨਾ ਦੇ ਡੈਡੀ ਨਾਲ ਇੱਕਠੇ ਸੈਰ ਕਰਦੇ। ਕਦੇ ਕਦੇ ਤਾਂ ਉਹਨਾਂ ਘਰ ਹੀ ਖਾਣਾ ਖਾ ਲੈਂਦਾ ਤੇ ਬਹੁਤ ਗੱਪਾਂ ਮਾਰਦੇ।

ਮਨ ਨੇ ਕਈ ਵਾਰ ਕਿਹਾ ਕਿ ਸਪਨਾ ਦੇ ਡੈਡੀ ਨਾਲ ਸਿੱਧੀ ਗੱਲ ਕੀਤੀ ਜਾਵੇ। ਪਰ ਇਹ ਸੋਚ ਕੇ ਆਪਣੇ ਆਪ ਨੂੰ ਰੋਕਿਆ ਕਿ ਜਦੋਂ ਤੱਕ ਸਪਨਾ ਦਾ ਝੁਕਾਅ ਮੇਰੇ ਵੱਲ ਨਹੀਂ ਹੋਵੇਗਾ ਉਦੋਂ ਤੱਕ ਮੈਂ ਸਪਨਾ ਦੇ ਡੈਡੀ ਨਾਲ ਗੱਲ ਨਹੀਂ ਕਰਾਂਗਾ।

ਮੈਂ ਵੱਡੇ ਭਰਾ ਦੇ ਦੱਸੇ ਰਿਸ਼ਤੇ ਤੇ ਲਗਭਗ ਆਪਣਾ ਮਨ ਬਣਾ ਚੁੱਕਿਆ ਸੀ ਤੇ ਇਸ ਦੀ ਇਜਾਜ਼ਤ ਮਾਂ ਨੂੰ ਭੇਜਣ ਹੀ ਵਾਲਾ ਸੀ ਕਿ ਇਕ ਭਿਆਨਕ ਹਾਦਸਾ ਹੋ ਗਿਆ। ਇਹੋ ਜਿਹਾ ਹਾਦਸਾ ਕਿ ਜਿਸਨੇ ਮੇਰਾ ਸਾਰਾ ਅੰਦਰ ਹੀ ਹਿਲਾ ਦਿੱਤਾ।

ਅਚਾਨਕ ਇਕ ਦਿਨ ਸਪਨਾ ਘਰ ਤੋਂ ਗਾਇਬ ਹੋ ਗਈ। ਉਸਦੇ ਮਾਤਾ ਪਿਤਾ ਪਾਗਲਾਂ ਵਾਗ ਉਸ ਨੂੰ ਇੱਧਰ-ਉਧਰ ਲੱਭਣ ਲੱਗੇ। ਪਰ ਉਹ ਨਾ ਮਿਲੀ। ਚਾਰੇ ਪਾਸੇ ਰੌਲਾ ਪੈ ਗਿਆ। ਤਰਾਂ ਤਰਾਂ ਦੀਆਂ ਅਫਵਾਹਾਂ ਉਡਣ ਲੱਗੀਆਂ। ਕਈ ਤਰ੍ਹਾਂ ਦੇ ਸ਼ੱਕਾਂ ਨੇ ਜਨਮ ਲਿਆ। ਦੁਖ ਵਾਲੀ ਗੱਲ ਤਾਂ ਇਹ ਸੀ ਕਿ ਸਪਨਾ ਦਾ ਅਪਹਰਨ ਨਹੀਂ ਹੋਇਆ ਸੀ। ਉਹ ਕਿਸੇ ਮੁੰਡੇ ਨਾਲ ਭੱਜ ਗਈ ਸੀ। ਕੋਈ ਮੁੰਡਾ ਸੀ ਜਿਸ ਨਾਲ ਉਸਦਾ ਬਹੁਤ ਮਿਲਣਾ ਜੁਲਣਾ ਸੀ। ਉਸੇ ਨਾਲ ਸਪਨਾ ਭੱਜ ਗਈ ਸੀ। ਉਸਦੇ ਮਾਤਾ ਪਿਤਾ ਤਾਂ ਇਕਦਮ ਸੁੰਨ ਹੋ ਗਏ। ਜਵਾਨ ਕੁੜੀ ਦਾ ਘਰੋਂ ਕਿਸੇ ਮੁੰਡੇ ਨਾਲ ਭੱਜ ਜਾਣਾ। ਤਰਾਂ ਤਰਾਂ ਦੀਆਂ ਗੱਲਾਂ ਹੋ ਰਹੀਆਂ ਸਨ। ਅਨੇਕਾਂ ਦੋਸ਼ ਲਗਾਏ ਜਾ ਰਹੇ ਸਨ ਉਹਨਾਂ ਤੇ। ਕਈ ਸਹੀ ਤੇ ਕਈ ਮਨਘੜਤ ਗੱਲਾਂ ਪ੍ਰਚਲਿਤ ਹੋ ਗਈਆਂ ਸਨ। ਇਹੋ ਜਿਹੀ ਸਥਿਤੀ ਚ ਮਾਂ ਬਾਪ ਦਾ ਸਿਰ ਚੁੱਕ ਕੇ ਚੱਲਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਤੇ ਮੇਰੀ ਹਾਲਤ ਵੀ ਉਹਨਾਂ ਦਿਨਾਂ ਚ ਅਜੀਬ ਹੋ ਗਈ ਸੀ। ਪਤਾ ਨਹੀਂ ਮਨ ਚ ਕਿਹੋ ਜਿਹੇ ਵਿਚਾਰ ਆਉਂਦੇ।

ਸੱਤਾਂ ਦਿਨਾਂ ਬਾਅਦ ਪੁਲਿਸ ਲੱਭ ਸਕੀ ਸੀ। ਉਹਨਾਂ ਨਾਲ ਮਿਲੇ ਤਿੰਨਾਂ ਲੜਕਿਆਂ ਨੂੰ ਗ੍ਰਿਫਤਾਰ ਕਰ ਲਿਆ ਸੀ। ਮਾਮਲਾ ਅਪਹਰਨ ਤੇ ਬਲਾਤਕਾਰ ਦਾ ਬਣਿਆ। ਉਹ ਲੜਕਾ ਜਿਸਦੇ ਬਹਿਕਾਵੇ ਚ ਸਪਨਾ ਭੱਜੀ ਸੀ, ਐਨਾ ਗੰਦਾ ਤੇ ਬਦਸੂਰਤ ਸੀ ਕਿ ਸਪਨਾ ਤੇ ਉਸਦੇ ਵਿਆਹ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਲਿਹਾਜ਼ਾ ਪੁਲਿਸ ਕੇਸ, ਕੋਰਟ-ਕਚਹਿਰੀ, ਮੁਕੱਦਮੇ ਬਾਜ਼ੀ

ਇਹਨਾਂ ਸਭ ਦੌਰਾਂ ਚੋਂ ਸਪਨਾ ਨੂੰ ਲੰਘਣਾ ਪਿਆ। ਉਹਨਾਂ ਤਿੰਨਾਂ ਨੂੰ ਸਜ਼ਾ ਹੋ ਗਈ।

ਇਸ ਘਟਨਾ ਦੀ ਜੰਮ ਕੇ ਅਖ਼ਬਾਰ ਬਾਜ਼ੀ ਹੋਈ। ਵਿਵਾਦ ਉਠੇ, ਕਈ ਸਮਾਜ ਸੁਧਾਰਕਾਂ ਨੇ ਇਸ ਘਟਨਾ ਤੇ ਆਪਣੀਆਂ ਰੋਟੀਆਂ ਸੇਕੀਆਂ। ਸਪਨਾ ਦਾ ਨਾਂ ਬਹੁਤ ਚਰਚਿਤ ਹੋ ਗਿਆ। ਲੋਕ ਉਸ ਘਟਨਾ ਬਾਰੇ ਹੋਰ ਜਾਨਣ ਲਈ ਇਕ ਦੂਸੇ ਕੋਲ ਗੱਲਾਂ ਕਰਦੇ। ਅਖ਼ਬਾਰ ਚ ਬਲਾਤਕਾਰ ਦੀ ਖਬਰ ਲੋਕ ਬਹੁਤ ਚਟਖਾਰੇ ਲੈ ਕੇ ਪੜ੍ਹਦੇ ਨੇ। ਸਪਨਾ ਨੂੰ ਸਮਾਜ ਚ ਮਿਲੀ ਬਦਨਾਮੀ ਤੇ ਨਿਰਾਸ਼ਾ। ਕੁੜੀਆਂ ਜੋ ਉਸਦੀਆਂ ਸਹੇਲੀਆਂ ਸਨ ਉਸ ਨਾਲ ਗੱਲ ਕਰਨੋਂ ਕਤਰਾਉਂਦੀਆਂ। ਬੱਚੇ, ਬੁੱਢੇ ਉਸ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਦੇ।

ਇਸ ਘਟਨਾ ਬਾਅਦ ਸਪਨਾ ਹੋਰ ਵੀ ਚੁੱਪ ਹੋ ਗਈ। ਉਸਦਾ ਘਰ ਤੋਂ ਨਿਕਲਣਾ ਬੰਦ ਹੋ ਗਿਆ। ਉਹ ਨਾ ਤਾਂ ਹੁਣ ਕਾਲਜ ਜਾਂਦੀ ਤੇ ਨਾ ਹੀ ਹੋਰ ਕਿਤੇ। ਆਪਣੇ ਹੀ ਅੰਦਰ ਘੁਲਦੀ ਜਾ ਰਹੀ ਸੀ ਉਹ। ਉਹ ਕੱਚੀ ਉਮਰ ਚ ਕੀਤਾ ਪਾਪ ਉਸ ਨੂੰ ਲਾਹਨਤਾਂ ਦੇ ਰਿਹਾ ਸੀ।

ਮੈਂ ਉਸ ਨੂੰ ਸਮਝਾਉਣਾ ਚਾਹੁੰਦਾ ਸੀ। ਉਸਦਾ ਮਨੋਬਲ ਵਧਾਉਣਾ ਚਾਹੁੰਦਾ ਸੀ। ਪਰ ਹਮੇਸ਼ਾਂ ਇਸ ਤਰਾਂ ਲਗਦਾ ਕਿਤੇ ਉਹ ਗਲਤ ਹੀ ਨਾ ਸਮਝ ਲਵੇ। ਕਿਤੇ ਮੇਰੀ ਹਮਦਰਦੀ ਨੂੰ ਸਵਾਰਥ ਹੀ ਨਾ ਸਮਝ ਬੈਠੇ। ਕਿਉਂਕਿ ਇਹੋ ਜਿਹੇ ਮੌਕਿਆਂ ਤੇ ਹਮਦਰਦੀ ਜਤਾ ਕੇ ਇਸ ਦਾ ਫਾਇਦਾ ਲੈਣ ਵਾਲਿਆਂ ਦੀ ਵੀ ਕਮੀ ਨਹੀਂ ਹੈ। ਮਨ ਕਹਿੰਦਾ ਬਸ ਇਕ ਵਾਰ ਜਾ ਕੇ ਸਪਨਾ ਨੂੰ ਸਮਝਾ ਸਕਾਂ। ਪਰ ਮੈਂ ਆਪਣੇ ਆਪ ਨੂੰ ਰੋਕਿਆ ਸੀ। ਪਰ ਉਸ ਨੂੰ ਲੈ ਕੇ ਮਨ ਪ੍ਰੇਸ਼ਾਨ ਸੀ।

ਮੇਰੇ ਮਨ ਦੀ ਗੁੱਥੀ ਉਲਝਦੀ ਜਾਂਦੀ ਸੀ। ਉਧਰ ਘਰ ਚ ਵਿਆਹ ਦੇ ਲਈ ਲਗਾਤਾਰ ਦਬਾ ਵਧਦਾ ਹੀ ਜਾਂਦਾ ਸੀ। ਕਈ ਦਿਨ ਸੋਚਣ ਦੇ ਬਾਅਦ ਮੈਂ ਮਨ ਨਾਲ ਫੈਸਲਾ ਕਰ ਹੀ ਲਿਆ।

ਮੈਂ ਸਪਨਾ ਦੇ ਮਾਤਾ ਪਿਤਾ ਅੱਗੇ ਵਿਆਹ ਦਾ ਪ੍ਰਸਤਾਵ ਰੱਖ ਦਿਤਾ। ਸਪਨਾ ਦੇ ਪਿਤਾ ਮੇਰੀ ਗੱਲ ਸੁਣ ਕੇ ਹੱਕੇ ਬੱਕੇ ਰਹਿ ਗਏ।

"ਤੈਨੂੰ ਤਾਂ ਸਾਰੀਆਂ ਗੱਲਾਂ ਪਤਾ ਨੇ, ਫਿਰ ਤੂੰ ਕਿਉਂ ਇਸ ਤਰਾਂ ਕਰਨ ਲੱਗਾ ਏਂ ?" ਉਹਨਾਂ ਮੈਨੂੰ ਸਵਾਲ ਕੀਤਾ।"

"ਇਹ ਸਭ ਜੋ ਹੋਇਆ...ਮੈਂ ਤਾਂ ਕੁਝ ਯਾਦ ਨਹੀਂ ਰੱਖਿਆ। ਤੁਸੀਂ ਵੀ ਇਸ ਨੂੰ ਬੁਰਾ ਸਪਨਾ ਸਮਝ ਕੇ ਭੁੱਲ ਜਾਉ। ਬਸ ਤੁਸੀ ਸਪਨਾ ਤੋਂ ਇਸ ਵਿਆਹ ਦੀ ਸਹਿਮਤੀ ਲੈ ਲਉ। ਬਾਕੀ ਮੈਂ ਦੇਖ ਲਵਾਂਗਾ।" ਮੈਂ ਵਿਸ਼ਵਾਸ ਨਾਲ ਕਿਹਾ।

ਸਪਨਾ ਦੇ ਪਿਤਾ ਅਜੇ ਵੀ ਹੈਰਾਨ ਸਨ। ਮੈਨੂੰ ਪਤਾ ਸੀ ਕਿ ਉਹ ਏਨੀ ਆਸਾਨੀ ਨਾਲ ਇਸ ਪ੍ਰਸਤਾਵ ਨੂੰ ਨਹੀਂ ਸਵੀਕਾਰਨਗੇ।

"ਦੇਖੋ ਪੁੱਤਰ ਜੀ ਤੁਸੀਂ ਸੋਚ ਸਮਝ ਕੇ ਫੈਸਲਾ ਲਉ। ਜਿੰਦਗੀ ਦੇ ਫੈਸਲੇ ਨਿਰੇ ਆਦਰਸ਼ਵਾਦਾਂ ਨਾਲ ਨਹੀਂ ਲਏ ਜਾਂਦੇ। ਕਿਤੇ ਆਏਂ ਨਾ ਹੋਵੇ ਇਹ ਫੈਸਲਾ ਤੇਰੇ ਤੇ ਸਪਨਾ ਲਈ ਘਾਤਕ ਸਿੱਧ ਹੋਵੇ।"

ਪਰ ਮੈਂ ਤਾਂ ਨਿਸ਼ਚਾ ਕਰਕੇ ਆਇਆ ਸੀ।

"ਇਹ ਆਦਰਸ਼ਵਾਦ ਨਹੀਂ ਹੈ ਅੰਕਲ। ਅੱਜ ਨਹੀਂ ਤਾਂ ਕੱਲ ਤੁਸੀਂ ਸਪਨਾ ਦੀ ਸ਼ਾਦੀ ਬਾਰੇ ਤਾਂ ਸੋਚੋਗੇ ਹੀ। ਹੋ ਸਕਦਾ ਹੈ ਕਿ ਸ਼ਾਦੀ ਦੇ ਬਾਅਦ ਸਪਨਾ ਦਾ ਇਤਿਹਾਸ ਲੜਕੇ ਵਾਲਿਆਂ ਕੋਲ ਪਹੁੰਚੇ ਤੇ ਰਿਸ਼ਤਾ ਹੋਣ ਤੋਂ ਪਹਿਲਾਂ ਹੀ ਟੁੱਟ ਜਾਵੇ। ਜਾਂ ਤੁਸੀਂ ਕਿਸੇ ਦੂਸਰੇ ਸ਼ਹਿਰ ਚੁਪਚਾਪ ਗੱਲ ਤਹਿ ਕਰ ਦਿਉਂ ਤੇ ਕਲ ਨੂੰ ਇਹ ਗੱਲ ਸ਼ਾਦੀ ਦੇ ਬਾਅਦ ਪਤਾ ਲੱਗੇ। ਤਾਂ ਕੀ ਗਰੰਟੀ ਹੈ ਕਿ ਇਹੋ ਜਿਹੀ ਸਥਿਤੀ ਚ ਲੜਕਾ ਸਪਨਾ ਨੂੰ ਸਵੀਕਾਰੇਗਾ। ਮੈਂ ਸਭ ਕੁੱਝ ਜਾਨਣ ਦੇ ਬਾਵਜੂਦ ਸ਼ਾਦੀ ਦਾ ਪ੍ਰਸਤਾਵ ਰੱਖ ਰਿਹਾ ਹਾਂ। ਇਸ ਤੋਂ ਵੱਧ ਮੇਰੀ ਇਮਾਨਦਾਰੀ ਕੀ ਹੋ ਸਕਦੀ ਹੈ।"

ਮੈਂ ਆਪਣੀ ਗੱਲ ਤੇ ਅੜਿਆ ਰਿਹਾ ਤੇ ਸਪਨਾ ਦੇ ਪਿਤਾ ਵੀ ਮੰਨ ਗਏ। ਮੇਰਾ ਇਹ ਪ੍ਰਸਤਾਵ ਉਹਨਾਂ ਦੇ ਜੀਵਨ ਚ ਸੰਜੀਵਨੀ ਬਣ ਕੇ ਆਇਆ ਸੀ। ਸਪਨਾ ਨੇ ਵੀ ਆਪਣੀ ਮੌਨ ਸਹਿਮਤੀ ਦੇ



ਦਿੱਤੀ, ਜੋ ਮੇਰੇ ਲਈ ਜ਼ਰੂਰੀ ਸੀ।

ਮੇਰੇ ਘਰ ਚ ਇਸ ਵਿਆਹ ਦੀ ਪ੍ਰਤੀਕਿਰਿਆ ਉਲਟ ਹੀ ਸੀ। ਮਾਂ ਤੇ ਵੱਡਾ ਭਰਾ ਬਹੁਤ ਬੋਲੇ। ਉਹਨਾਂ ਨੂੰ ਨਾ ਬਹੂ ਤੇ ਇਤਰਾਜ਼ ਸੀ ਤੇ ਨਾ ਹੀ ਉਸਦੇ ਰੂਪ ਤੇ, ਉਹਨਾ ਨੂੰ ਇਤਰਾਜ ਸੀ ਤਾਂ ਉਸਦੇ ਭੂਤਕਾਲ ਤੇ।

ਮੈਂ ਆਪਣੀ ਜ਼ਿਦ ਤੇ ਅੜਿਆ ਰਿਹਾ। ਵਿਆਹ ਹੋਇਆ, ਮੈਂ ਆਪਣੇ ਘਰ ਵੱਲੋਂ ਇਕੱਲਾ ਹੀ ਬਰਾਤੀ ਸੀ। ਇਕ ਦੋ ਦੋਸਤਾਂ ਨੂੰ ਵੀ ਬੁਲਾ ਲਿਆ ਸੀ। ਜਿਹੜੇ ਸੱਦੇ ਘੱਟ ਤੇ ਗਵਾਹ ਜ਼ਿਆਦਾ ਲਗਦੇ ਸਨ। ਮੇਰਾ ਵਿਆਹ ਉਸੇ ਨਾਲ ਹੋਇਆ ਜਿਸ ਨਾਲ ਮੈਂ ਚਾਹੁੰਦਾ ਸੀ। ਮੈ ਬਹੁਤ ਜ਼ਿਆਦਾ ਸਾਵਧਾਨ ਹੋ ਗਿਆ ਕਿ ਕਿਤੇ ਸਪਨਾ ਨੂੰ ਮੇਰੀ ਗੱਲ ਦਾ ਬੁਰਾ ਲੱਗ ਜਾਵੇ ਤੇ ਉਹ ਮੇਰੇ ਅਹਿਸਾਨਾਂ ਦੇ ਥੱਲੇ ਦੱਬੀ ਗਈ ਜਿਵੇਂ ਉਹ ਮੇਰੀ ਪਤਨੀ ਨਹੀ ਦਾਸੀ ਹੋਵੇ।

ਸੁਭਾਵਿਕ ਹੀ ਸੀ ਕਿ ਵਿਆਹ ਬਾਅਦ ਅਸੀਂ ਪੰਜਾਬ ਛੱਡ ਦਿੰਦੇ। ਇਸ ਲਈ ਮੈਂ ਆਪਣੀ ਬਦਲੀ ਡੇਹਰਾਦੂਨ ਕਰਵਾ ਲਈ। ਇਕ ਇਹੋ ਜਿਹਾ ਸ਼ਹਿਰ ਜਿੱਥੇ ਮੇਰਾ ਕੋਈ ਸਕਾ ਸੰਬੰਧੀ, ਕੋਂਈ ਜਾਣ ਪਹਿਚਾਣ ਵਾਲਾ ਨਹੀਂ ਸੀ। ਸਪਨਾ ਲਈ ਵੀ ਇਹ ਇਕ ਦਮ ਅਨਜਾਣ ਸ਼ਹਿਰ ਸੀ। ਮੈਂ ਚਾਹੁੰਦਾ ਸਾਂ ਕਿ ਅਤੀਤ ਸਾਡਾ ਪਿੱਛਾ ਨਾ ਕਰੇ।

ਨਵੇਂ ਸ਼ਹਿਰ ਚ ਅਸੀਂ ਨਵੇਂ ਸਿਰਿਉਂ ਗ੍ਰਿਹਸਤੀ ਸ਼ੁਰੂ ਕੀਤੀ। ਸਾਡੇ ਅੰਦਰ ਇਕ ਨਵਾਂ ਉਤਸ਼ਾਹ ਸੀ। ਨਵੀਂ ਉਮੰਗ ਸੀ। ਹੁਣ ਉਸ ਵਾਤਾਵਰਨ ਦਾ ਤਣਾਅ ਵੀ ਸਾਡੇ ਉਪਰੋਂ ਉਠ ਗਿਆ ਸੀ। ਸਾਡੀਆਂ ਭਾਵਨਾਵਾਂ ਜਨਮੀਆਂ। ਅਸੀਂ ਇਕ ਦੂਜੇ ਨੂੰ ਜਾਨਣ ਸਮਝਣ ਦੀ ਯਤਨ ਕਰਨ ਲੱਗੇ। ਤੇ ਜਿੰਦਗੀ ਖ਼ੁਸ਼ਹਾਲ ਲਗਣ ਲੱਗੀ।

ਪਰ ਅੱਜ ਜੋ ਗੱਲ ਹੋਈ ਪਹਿਲਾਂ ਕਦੇ ਨਹੀਂ ਹੋਈ। ਇਹੋ ਜਿਹੀ ਗੱਲ ਕਦੇ ਵੀ ਉੱਠੇ ਤਾਂ ਮਨ ਦੁਬਿਧਾ ਚ ਪੈ ਜਾਂਦਾ ਹੈ। ਉਸਦੇ ਮਨ ਚ ਅਪਰਾਧਬੋਧ ਹੈ। ਉਸ ਨੂੰ ਬਾਹਰ ਕੱਢਣਾ ਬਹੁਤ ਔਖਾ ਹੈ। ਮੈਂ ਉਸ ਨੂੰ ਹਜ਼ਾਰ ਵਾਰ ਕਹਿ ਚੁੱਕਿਆ ਹਾਂ ਕਿ ਮੈਂ ਉਸ ਘਟਨਾ ਨੂੰ ਭੁੱਲ ਚੁਕਿਆ ਹਾਂ। ਕਈ ਵਾਰ ਦਸ ਚੁਕਿਆ ਹਾਂ ਕਿ ਮੈਂ ਇਸ ਘਟਨਾ ਤੋਂ ਪਹਿਲਾਂ ਵੀ ਉਸ ਨੂੰ ਚਾਹੁੰਦਾ ਸੀ। ਪਰ ਉਹ ਸਮਝਦੀ ਨਹੀਂ। ਨਾ ਹੀ ਮੈਂ ਉਸ ਨੂੰ ਵਿਸ਼ਵਾਸ ਦਿਵਾ ਸਕਿਆ ਹਾਂ।

ਮੈਂ ਇਕ ਆਮ ਪਤੀ ਬਣ ਕੇ ਜੀਣਾ ਚਾਹੁੰਦਾ ਹਾਂ। ਇਕ ਇਹੋ ਜਿਹਾ ਪਤੀ ਜਿਸਨੂੰ ਨਾਰਾਜ਼ ਹੋਣ ਦੀ, ਪ੍ਰੇਮ ਕਰਨ ਦੀ, ਸ਼ਰਾਰਤੀ ਹੋਣ ਦੀ ਖੁੱਲ੍ਹ ਹੋਵੇ। ਪਰ ਉਸ ਨੇ ਤਾਂ ਮੈਨੂੰ ਇਕ ਦਮ ਆਦਰਸ਼ ਬਣਾ ਲਿਆ ਹੈ। ਉਸ ਨੇ ਮੇਰੀਆਂ ਮਰਿਆਦਾਵਾ ਥੰਨ੍ਹ ਦਿੱਤੀਆਂ ਹਨ। ਹੁਣ ਮੈਂ ਇਸ ਤਰਾਂ ਦੇ ਸਮਰਪਣ ਤੋਂ ਅੱਕ ਗਿਆ ਹਾਂ। ਮੇਰੇ ਸੁਪਨੇ ਦੇ ਘਰ ਨੂੰ ਉਸਨੇ ਮੰਦਿਰ ਬਣਾ ਦਿੱਤਾ ਹੈ ਤੇ ਖੁਦ ਦੇਵਦਾਸੀ ਬਣ ਕੇ ਸੇਵਾ ਚ ਜੁਟੀ ਹੈ।

ਕਦੋਂ ਤੱਕ ਚਲੂਗਾ ? ਆਪਣੇ ਉੱਤੇ ਅਤਿਆਂਚਾਰਾਂ ਦੀ ਸਜ਼ਾ ਭੁਗਤ ਰਹੀ ਉਹ ਖੁਦ ਤੇ ਮੈਂ। ਮੈਂ ਕਿਸ ਅਪਰਾਧ ਦਾ ਸੰਤਾਪ ਭੋਗ ਰਿਹਾਂ ਹਾਂ ? ਮੈਂ ਦੇਵਤਾ ਬਣ ਕੇ ਜੀਉਣਾ ਨਹੀਂ ਚਾਹੁੰਦਾ। ਮੇਰੇ ਚ ਭਾਵਨਾਵਾਂ ਹਨ। ਸੰਵੇਦਨਾਵਾਂ ਹਨ ਤੇ ਮੈਂ ਉਹਨਾਂ ਨੂੰ ਸਜਾ ਕੇ ਰੱਖਣਾ ਚਾਹੁੰਦਾ ਹਾਂ।

ਹੁਣ ਮੈਨੂੰ ਸਵੇਰ ਦਾ ਇੰਤਜ਼ਾਰ ਹੈ। ਫਿਰ ਕੋਈ ਨਵੀਂ ਗੱਲ ਸੋਚਾਂਗਾ। ਨਵੀਂ ਤਰਕੀਬ ਨਾਲ ਸੋਚਾਂਗਾ। ਫਿਰ ਸ਼ਾਇਦ ਸਪਨਾ ਮੇਰੀ ਗੱਲ ਸਮਝ ਸਕੇ। ਇਹ ਯਤਨ ਤਾਂ ਮੇਰੀ ਨੀਤੀ ਬਣਦੀ ਜਾ ਰਹੀ ਹੈ ਹੁਣ।

*(1764, ਗੁਰੂ ਰਾਮ ਦਾਸ ਨਗਰ, ਨੇੜੇ ਨੈਸਲੇ, ਮੋਗਾ-142001)*

ਗ਼ਜ਼ਲਾਂ

## 1. ਸੁਲੱਖਣ ਸਰਹੱਦੀ

ਅੱਖਾਂ ਜਦ ਚੁੰਧਿਆ ਦਏ ਮੰਦਰ, ਮਨ ਅੰਦਰ ਪਰਗਾਸ ਕਰੀਂ।
ਭੀੜਾਂ ਵਿੱਚ ਗੁਆਚ ਨਾ ਜਾਵੀਂ, ਆਪੇ ਦਾ ਅਹਿਸਾਸ ਕਰੀਂ।

ਇਹ ਕੀ ਨੇ ਮਿੱਟੀ ਦੇ ਬਾਵੇ ? ਨਾ ਸੁਣਦੇ ਨਾ ਬੋਲਦੇ ਹਨ,
ਲੋਕਾਂ ਨੂੰ ਅੱਖਾਂ ਵੀ ਲੱਗਣ, ਰੱਬ ਅੱਗੇ ਅਰਦਾਸ ਕਰੀਂ।

ਘਰ ਦੇ ਵਿੱਚ ਵੀ ਹਾਜ਼ਰ ਰਹਿਣਾ, ਪੌਣਾਂ ਵਿਚ ਵੀ ਘੁਲ, ਉੱਡਣਾ,
ਫੁੱਲ ਵਿੱਚ ਜਿੱਦਾ ਖੁਸ਼ਬੂ ਵੱਸੇ, ਘਰ ਵਿੱਚ ਏਦਾਂ ਵਾਸ ਕਰੀਂ।

ਇਹਨਾ ਝੁਲਸੇ ਗੁਲਮੋਹਰਾਂ 'ਤੇ ਵੇਖ ਲਈ ਫਿਰ ਫੁੱਲ ਖਿੜਨੇ,
ਮੰਦੀਆਂ ਰੁੱਤਾਂ ਤੁਰ ਜਾਣਾ ਹੈ, ਦਿਲ ਨਾ ਬਹੁਤ ਉਦਾਸ ਕਰੀਂ।

ਇਲਮ ਦੇ ਉੱਡਣ-ਖਟੋਲੇ ਚੜ੍ਹ ਕੇ, ਭੁੱਲ ਨਾ ਜਾਵੀਂ ਪਿੰਡ ਅਪਣਾ,
ਨੀਵੇਂ ਵਿਹੜਿਆਂ ਦੇ ਵਿੱਚ ਉੱਗੇ, ਹਉਕਿਆਂ ਦਾ ਅਹਿਸਾਸ ਕਰੀਂ।

ਤੇਰੇ ਪਿਆਸੇ ਬੁੱਲ੍ਹ ਚੁੰਮਣ ਨੂੰ, ਤੁਰ ਕੇ ਆਉਣਗੇ ਖੁਦ ਦਰਿਆ,
ਇੱਛਿਆ ਪਰਬਲ ਕਰ ਕੇ ਰੱਖੀਂ, ਤਿੱਖੀ ਹੋਰ ਪਿਆਸ ਕਰੀਂ।

ਬੰਦੇ ਹੀ ਤਰਦੇ ਨੇ ਆਖਰ, ਗਮ ਦੇ ਕਾਲੇ ਭਵ-ਸਾਗਰ,
ਖਾਮੋਸ਼ੀ ਜਦ ਡੋਬਣ ਲੱਗੇ, ਖੁਦ ਸੰਗ ਬਚਨ-ਬਿਲਾਸ ਕਰੀਂ।

ਯਾਦ ਕਰੀਂ ਫਰਿਹਾਦ ਦੀ ਤੇਸੀ, ਤੋੜੀ ਪਸਤ-ਖਿਆਲੀ ਨੂੰ,
ਖੰਭ ਕੁਤਰਨ ਦੀ ਗੱਲ ਕਿਉਂ ਸੋਚੇਂ, ਖੁੱਲ੍ਹੇ ਹੋਰ ਅਗਾਸ ਕਰੀਂ।

ਐਸੀ ਰਾਤ ਹਨ੍ਹੇਰੀ ਹੈ ਕਿ, ਹਰ ਰਾਹ ਨ੍ਹੇਰ 'ਚ ਡੁੱਬਾ ਹੈ,
ਐਸੀ ਰਾਤੇ ਹਰ ਦੀਵਟ ਦਾ, ਹਰ ਜੁਗਨੂੰ ਦਾ ਪਾਸ ਕਰੀਂ।

ਭਾਵੇਂ ਚੜ੍ਹ ਗਿਆ ਕੂੜ ਮੁਕਟ 'ਤੇ, ਫਿਰ ਵੀ ਕੂੜ ਤਾਂ ਕੂੜ ਹੀ ਹੈ,
ਸੱਚ ਨੇ ਹੀ ਜਿੱਤਣਾ ਹੈ ਆਖਰ, ਕੂੜ ਹਰੂ, ਵਿਸ਼ਵਾਸ ਕਰੀਂ।

ਐ ਸਰਹੱਦੀ ਸ਼ਿਅਰ ਤੇਰੇ ਹਨ, ਜੀਕਣ ਕੂੰਜਾਂ ਵਿੱਛੜੀਆਂ,
ਹਰਫ਼ਾਂ ਦੇ ਜੰਗਲ ਦਾ ਕੀ ਹੈ ? ਭਾਵ ਤੋਂ ਨਾ ਪਰਵਾਸ ਕਰੀਂ।

*ਪਿੰਡ : ਕੁਹਾੜ, ਡਾਕ-ਛਿਹਰੀਵਾਲ ਦਰੋਗਾ*
*ਜ਼ਿਲ੍ਹਾ ਗੁਰਦਾਸਪੁਰ, ਫੋਨ-01874-65416*



## 2. ਨਿਰਮਲ ਪ੍ਰਸੰਨ

ਲੜਾਈ ਬੇ-ਅਸੂਲੀ ਦੀ, ਕਦੋਂ ਤੱਕ ਹੈ ਅਸਾਂ ਲੜਨੀ ?
ਹਟਾਓ ਜਾਲ ਭਰਮਾਂ ਦੇ, ਤਰਕ ਦੀ ਗੱਲ ਜੇ ਕਰਨੀ।

ਕਦੋਂ ਤੱਕ ਮੀਟ ਕੇ ਅੱਖਾਂ, ਕਰੋਗੇ ਮੌਤ ਅਣਵੇਖੀ,
ਵਿਚਾਰੋ ਨਹੁੰਦਰਾਂ ਕੋਲੋਂ, ਹਿਫ਼ਾਜ਼ਤ ਕਿਸ ਤਰ੍ਹਾਂ ਕਰਨੀ।

ਵਫ਼ਾ ਤੇ ਦੋਸਤੀ ਵੇਖੋ, ਨਵੇਂ ਅੰਦਾਜ਼ ਬਦਲੇ ਨੇ,
ਬਣਾਓਗੇ ਜਿਹਨੂੰ ਮਹਿਰਮ, ਕਰੇਗਾ ਪਿੱਠ ਉਹ ਛੱਲਣੀ।

ਕਰਾਂ ਕੀ ਗੱਲ੍ਹ ਹੱਕਾਂ ਦੀ, ਲੁਟੇਰੇ ਰਾਜ ਦੇ ਅੰਦਰ,
ਮਿਲੂ ਰੁਜ਼ਗਾਰ ਜਨਤਾ ਨੂੰ, ਤਿਜੋਰੀ ਰਹਿਬਰਾਂ ਭਰਨਾ।

ਅਖੌਤੀ ਲੋਕਤੰਤਰ ਵਿਚ, ਬਹੁਤ ਮਹਿਫੂਜ਼ ਨੇ ਲੋਕੀ;
ਕਿਸੇ ਨੂੰ ਮਾਰ ਡਾਂਗਾਂ ਦੀ, ਕਿਸੇ ਦੀ ਜੀਭ ਹੈ ਸੜਨੀ।

ਭੁਲਾਵੋਗੇ ਕਿਵੇਂ ਲੋਕੋ, ਨਵਾਂ ਫ਼ੁਰਮਾਨ ਹਾਕਮ ਦਾ,
ਕਰੇਗਾ ਖ਼ੁਦਕਸ਼ੀ ਜਿਹੜਾ, ਉਹਨੂੰ ਜੰਨਤ ਨਜ਼ਰ ਕਰਨੀ।

ਕਿਵੇਂ ਬੁੱਧੂ ਬਣੇ ਕੋਈ, ਹਰ ਇਕ ਇਸ ਤਾਕ ਵਿਚ ਰਹਿੰਦਾ,
ਲਗਾਕੇ ਪੌੜ੍ਹ ਆੜੀ ਦੀ, ਕਦੋਂ ਮੰਜ਼ਿਲ ਨਵੀਂ ਚੜ੍ਹਨੀ।

ਮਿਟਾਵੋਗੇ ਭਲਾ ਕਿੱਦਾਂ, ਦਿਲਾਂ ਤੇ ਨਕਸ਼ ਜੋ ਉੱਕਰੇ,
ਕਰੋ ਨਾ ਗੱਲ ਨਫ਼ਰਤ ਦੀ, ਵਸਲ ਦੇ ਸਿੱਕੇ ਜੇ ਭਰਨੀ।

ਲਗਾਵੇਂ ਸਿੰਗੀਆਂ ਪਹਿਲਾਂ, ਟਕੋਰਾਂ ਕਰ ਰਿਹੈ ਮਗਰੋਂ,
ਬਚੇਗਾ ਡੰਗ ਤੋਂ ਕਿਹੜਾ, ਗ਼ਜ਼ਲ 'ਨਿਰਮਲ' ਜਦੋਂ ਪੜ੍ਹਨੀ।

## 3. ਅਮਰਦੀਪ ਸੰਧਾਵਾਲੀਆ

ਵੇਖਾਂ ਜਦ ਮੈਂ ਕੰਧਾਂ ਤੇ ਕੁਝ ਲਟਕਦੀਆਂ ਤਸਵੀਰਾਂ ਨੂੰ
ਸੋਚਾਂ ਕਿੱਥੇ ਤੁਰ ਜਾਂਦੇ ਨੇ ਛੱਡ ਕੇ ਲੋਕ ਸਰੀਰਾਂ ਨੂੰ।

ਉੱਭੜਵਾਹੇ ਉੱਠ ਖਲੋਵਾਂ ਮੈਂ ਰਾਤਾਂ ਦੀ ਗੋਦੀ 'ਚੋਂ,
ਵੇਖ ਲਵਾਂ ਜਦ ਸੁਪਨੇ ਵਿਚ ਮੈਂ ਜੰਡ 'ਤੇ ਟੰਗੇ ਤੀਰਾਂ ਨੂੰ।

ਅੰਦਰ ਮੇਰੇ ਸ਼ਬਦ ਬਥੇਰੇ ਜੋਗੀ ਹੋਏ ਫਿਰਦੇ ਨੇ,
ਤਖ਼ਤ ਹਜ਼ਾਰਾ ਭੱਜ ਕੇ ਲੱਭਦੇ ਰਹਿੰਦੇ ਨੇ ਜੋ ਹੀਰਾਂ ਨੂੰ।

ਕਹਿਣ-ਸੁਣਨ ਦੀ ਰੁੱਤ ਗ਼ੁਲਾਬੀ ਚੁੱਪ-ਚੁਪੀਤੇ ਗੁਜ਼ਰ ਗਈ,
ਗੁੰਗੇ-ਬੋਲੇ ਮੌਸਮ ਵਿਚ ਕੀ ਕਰੀਏ ਹੁਣ ਤਦਬੀਰਾਂ ਨੂੰ

ਮੈਨੂੰ ਮਾਰ ਕੇ ਖੁਸ਼ ਹੋਣਾ ਵੀ ਬਸ ਤੇਰਾ ਹੈ ਭਰਮ ਜਿਹਾ,
ਜੀਣ-ਮਰਨ ਦਾ ਰੱਤੀ ਭਰ ਨਾ ਪੈਂਦਾ ਫ਼ਰਕ ਫ਼ਕੀਰਾਂ ਨੂੰ।

ਚੋਰੀ-ਡਾਕੇ-ਰੇਪ-ਘੁਟਾਲੇ ਕਰ ਨੇਤਾ ਨਾ ਡਰਨ ਸਗੋਂ,
ਜੈ-ਹਿੰਦ ਕਹਿ ਕੇ ਖ਼ਤਮ ਕਰਨ ਉਹ ਆਪਣੀਆਂ ਤਕਰੀਰਾਂ ਨੂੰ।

'ਅਮਰ' ਕਰੀਬੀ ਰਿਸ਼ਤੇ ਅਕਸਰ ਡੰਗ ਦਿਲਾਂ ਨੂੰ ਜਾਂਦੇ ਨੇ,
ਭੀੜ 'ਚ ਫਿਰ ਉਹ ਸ਼ਾਮਿਲ ਹੋ ਕੇ ਪਿੱਟਦੇ ਬਹੁਤ ਲਕੀਰਾਂ ਨੂੰ।

*(ਆਕਾਸ਼ਵਾਣੀ-ਬਠਿੰਡਾ)*

## 4. ਪੰਮਦੀਪ

ਤਪਦੇ ਹੋਏ ਨੂੰ ਮੈਨੂੰ ਹੋਰ ਤਪਾ ਜਾਂਦਾ ਹੈ,
ਜਦ ਅਕਸ ਤੇਰਾ ਅੱਖਾਂ ਦੇ ਸਾਂਹਵੇ ਆ ਜਾਂਦਾ ਹੈ!

ਫਿਰ ਲਾ ਜਾਂਦਾ ਹੈ ਦਿਲ ਦਾ ਰਿਸਣੇ ਜ਼ਖ਼ਮ ਪੁਰਾਣਾ,
ਉਹ ਚੁੱਪ ਚੁਪੀਤੇ ਅੱਗ ਪਲੀਤੇ ਲਾ ਜਾਂਦਾ ਹੈ!

ਹਰ ਪਗਡੰਡੀ ਆਖਿਰ ਮੁੜ ਕੇ ਘਰ ਨੂੰ ਆ ਜਾਏ,
ਹਰ ਸਖਸ਼ ਪਰਤ ਕੇ ਆਖਿਰ ਘਰ ਹੀ ਆ ਜਾਂਦਾ ਹੈ!

ਫਿਰ ਹਉਕੇ ਹੰਝੂ ਯਾਰ ਉਦਾਸੀ ਦੇ ਕੀ ਮਾਇਨੇ,
ਜਦ ਨੰਨਾ ਬੱਚਾ ਸਾਹਵੇਂ ਆ ਮੁਸਕਾ ਜਾਂਦਾ ਹੈ!

ਇਹ ਭਰਮ ਭੁਲੇਖਾ ਦੁਨੀਆਂ ਸਾਰੀ ਕਹਿੰਦੇ ਫੱਕਰ,
ਪਰ ਬੱਚਾ ਫਿਰ ਵੀ 'ਦੀਪ' ਭੁਲੇਖੇ ਖਾ ਜਾਂਦਾ ਹੈ!



## 5.

ਮੈਂ ਜਦੋਂ ਤੋਂ ਆਪਣੇ ਆਪੇ ਨੂੰ ਪਰਿੰਦਾ ਲਿਖ ਲਿਆ,
ਮੈਂ ਤਦੋਂ ਤੋਂ ਆਲ੍ਹਣੇ ਲਈ ਕੱਖ ਹਾਂ ਚੁਗਦਾ ਪਿਆ!

ਉਹ ਕਤਲ ਕਰਕੇ ਚੁਰਾਹੇ ਵਿਚ ਸੀ ਮੈਨੂੰ ਛੱਡ ਗਏ,
ਮੈਂ ਜਿਨਾਂ ਦੇ ਸ਼ਹਿਰ ਨੂੰ ਘਰ ਰੱਬ ਦਾ ਲਿਖਦਾ ਰਿਹਾ!

ਜ਼ਖ਼ਮ ਤਾਂ ਨੇ ਬਹੁਤ ਪਰ ਕਿਹੜਾ ਦਿਖਾਵਾਂ ਦੱਸ ਤੂੰ,
ਹਰ ਜ਼ਖ਼ਮ ਹੀ ਯਾਰ ਹੁਣ ਤਾਂ ਇਕ ਕਹਾਣੀ ਬਣ ਗਿਆ!

ਪਰਤ ਆਇਆ ਜੇ ਹੁਣ ਕਹਿਣਾ ਕਿ ਮੁੜ ਆਏ ਨਾ ਫਿਰ,
ਪਿਆਰ ਦਾ ਉਹ ਰੁੱਖ ਹੁਣ ਤਾਂ ਜ਼ਰਦ ਯਾਰੋ ਹੋ ਗਿਆ।

'ਦੀਪ' ਸਾਰੀ ਰਾਤ ਸੌਂਦਾ ਹੈ ਨਾ ਦਿੰਦਾ ਸੌਣ ਹੁਣ,
ਨਾਲ ਗ਼ਮ ਦੇ ਜੋੜ ਕੇ ਰਿਸ਼ਤਾ ਉਹ ਐਸਾ ਤੁਰ ਗਿਆ!

*(ਕੰਧਾਲਾ ਜੱਟਾਂ (ਹੁਸ਼ਿਆਰਪੁਰ) 146113)*

## 6. ਮੱਖਣ ਕੁਹਾੜ

ਭਲਾ ਇਹ ਹਾਦਸਾ ਵੀ ਸਾਡੇ ਹੀ ਸਮਿਆਂ 'ਚ ਹੋਣਾ ਸੀ।
ਕਿ ਸਾਡੇ ਰਹਿਨੁਮਾਵਾਂ ਸਾਡਾ ਹੀ ਰਾਹ ਮੱਲ ਖਲੋਣਾ ਸੀ।

ਨਜ਼ਰ ਭਰਕੇ ਤਬੀਬਾ ਜੇ ਜ਼ਖਮ ਸਾਡੇ ਤੂੰ ਤੱਕ ਲੈਂਦਾ,
ਤਿਰੇ ਅਹਿਸਾਨ ਦਾ ਆਪਾਂ ਉਮਰ ਭਰ ਬੋਝ ਢੋਣਾ ਸੀ।

ਫਰੇਬੀ ਹਾਦਸਾ ਜਿਸ ਚਾਅ ਕਤਲ ਕੀਤੇ ਸੀ ਚਿੱਟੇ ਦਿਨ,
ਅਸਾਂ ਉਸ ਹਾਦਸੇ ਨੂੰ ਕਿਸ ਤਰ੍ਹਾਂ ਰੰਗਾਂ 'ਚ ਧੋਣਾ ਸੀ।

ਜੇ ਗੱਲ ਤੂਫਾਨ ਦੀ ਹੁੰਦੀ ਅਸੀਂ ਝਟ ਚੀਰ ਲੰਘ ਜਾਂਦੇ,
ਅਸਾਂ ਪਰ ਸਾਜਿਸ਼ੀ ਛੱਲਾਂ ਦਾ ਵਾਕਿਫਕਾਰ ਹੋਣਾ ਸੀ।

ਤੁਰੇ ਸਾਂ ਜਦ ਸੀ ਐਨਾ ਇਲਮ ਅਸਾਂ ਮੰਜ਼ਿਲ ਤੇ ਪੁੱਜਣਾ ਹੈ,
ਨਹੀਂ ਸਾਂ ਜਾਣਦੇ ਕਿ ਮੰਜ਼ਿਲਾਂ ਰਾਹ ਮੱਲ ਖਲੋਣਾ ਸੀ।

ਨਾ ਦਰਿਆ ਸੀ, ਨਾ ਪਰਬਤ, ਖੱਡ ਫਿਰ ਵੀ ਕਿਉਂ,
ਅਸਾਂ ਇਸ ਪਾਰ ਹੋਣਾ ਸੀ, ਤੁਸਾਂ ਉਸ ਪਾਰ ਹੋਣਾ ਸੀ।

*(ਅਮਨ ਨਿਵਾਸ, ਹਰਦੋਛੰਨੀ ਰੋਡ ਗੁਰਦਾਸਪੁਰ)*

# ਹਨੇਰੇ 'ਚ

*—ਇਕਬਾਲ ਅਰਪਨ (ਕਨੇਡਾ)*

ਸੁਰਿੰਦਰ ਸਿੰਘ ਉਰਫ ਸ਼ਿੰਦੇ ਦੇ ਅਸਲੋਂ ਵੱਖਰੇ ਦੋ ਰੂਪ ਸਨ। ਇਕ ਤਾਂ ਜਦੋਂ ਉਹ ਸੋਫੀ ਹੁੰਦਾ 'ਤੇ ਦੂਜਾ ਜਦੋਂ ਸ਼ਰਾਬੀ। ਜਦੋਂ ਉਹ ਸੋਫੀ ਹੁੰਦਾ ਤਾਂ ਏਨਾ ਮਿਠਾ 'ਤੇ ਪਿਆਰਾ ਬੋਲਦਾ ਕਿ ਸੁਣਨ ਵਾਲਾ ਕਹਿ ਉਠਦਾ ਬਈ ਏਸ ਨਸਲ ਦੇ ਬੰਦੇ ਤਾਂ ਅੱਜ ਕਲ੍ਹ ਘੱਟ ਹੀ ਮਿਲਦੇ ਹਨ। ਆਪਣੀ ਪਤਨੀ ਨੂੰ ਉਹ ਬੜੀ ਮਿਠਾਸ ਨਾਲ ਰਾਣੀ ਕਹਿ ਕੇ ਸੰਬੋਧਨ ਕਰਦਾ। ਉਸਦੀ ਪਤਨੀ ਦਾ ਅਸਲ ਨਾ ਰਣਜੀਤ ਕੌਰ ਸੀ 'ਤੇ ਵਿਆਹ ਤੋਂ ਪਹਿਲਾਂ ਉਸਦੇ ਮਾਪੇ ਉਸਨੂੰ ਰੱਜੋ ਕਹਿ ਕੇ ਬੁਲਾਉਂਦੇ। ਖਾਂਦੇ ਪੀਂਦੇ ਘਰ ਦੀ ਜੋ ਸੀ। ਪਰ ਜਦੋਂ ਸ਼ਿੰਦੇ 'ਤੇ ਸ਼ਰਾਬ ਦਾ ਭੂਤ ਸਵਾਰ ਹੋ ਜਾਂਦਾ ਤਾਂ ਉਹ ਉਸੇ ਰਾਣੀ ਨੂੰ ਭੂਤਨੀ, ਚੁੜੇਲ ਤੋਂ ਸੰਬੋਧਨ ਕਰਨਾ ਸ਼ੁਰੂ ਕਰਦਾ 'ਤੇ ਬੱਕਦਾ ਬੱਕਦਾ ਕਿਤੇ ਦੀ ਕਿਤੇ ਪਹੁੰਚ ਜਾਂਦਾ।

ਸ਼ਿੰਦੇ 'ਤੇ ਉਸਦੇ ਪਰਵਾਰ ਨੂੰ ਕਨੇਡਾ ਵਿਚ ਆਇਆ ਚਾਰ ਵਰ੍ਹੇ ਹੋ ਚੁੱਕੇ ਸਨ ਅਤੇ ਇਹਨਾ ਚਾਰ ਸਾਲਾਂ ਤੋਂ ਉਹ ਐਡਮਿੰਟਨ ਵਿਚ ਹੀ ਰਹਿ ਰਹੇ ਸਨ। ਪਹਿਲੇ ਦੋ ਸਾਲ ਤਾਂ ਉਹਨਾਂ ਬੇਸਮਿੰਟ ਵਿਚ ਹੀ ਕੱਟੇ ਪਰ ਉਸ ਤੋਂ ਪਿਛੋਂ ਸੁਖ ਨਾਲ ਆਪਣਾ ਮਕਾਨ ਖਰੀਦ ਲਿਆ। ਆਮਦਨ ਚੰਗੀ ਸੀ। ਸ਼ਿੰਦਾ ਆਪ ਦੋ ਜਾਬਾਂ ਕਰਦਾ। ਸ਼ਾਮ ਨੂੰ ਡਾਊਨ ਟਾਊਨ 'ਚ ਸਫਾਈ ਅਤੇ ਰਾਤ ਨੂੰ ਬੇਕਰੀ 'ਤੇ। ਰਾਣੀ ਪੀਜ਼ੇ ਦੀ ਫੈਕਟਰੀ ਵਿਚ ਕੰਮ ਕਰਦੀ। ਉਹਨਾ ਦਾ ਪੁੱਤਰ ਬਿੱਟੂ ਵੈਲਡਰ ਦਾ ਕੋਰਸ ਕਰਕੇ ਗੋਰਿਆਂ ਦੀ ਕੰਪਨੀ ਵਿਚ ਲਗ ਚੁੱਕਾ ਸੀ। ਪ੍ਰੀਤੀ ਅਜੇ ਗਰੇਡ 10 ਕਰ ਰਹੀ ਸੀ।

ਕਨੇਡਾ ਆਉਣ ਤੋਂ ਪਹਿਲਾਂ ਸ਼ਿੰਦਾ ਪੰਜਾਬ ਦੀ ਪੁਲਸ ਵਿਚ ਥਾਣੇਦਾਰੀ ਕਰਦਾ ਸੀ। ਨੌਕਰੀ ਕਾਹਦੀ ਸੀ ਬਸ ਸ਼ਾਹੀ ਠਾਠ। ਮੁਫਤ ਦੀ ਸ਼ਰਾਬ 'ਤੇ ਢੇਰ ਸਾਰੀ ਰਿਸ਼ਵਤ। ਸ਼ਰਾਬ ਦੀ ਲੱਤ ਤਾਂ ਉਸਨੂੰ ਕਾਲਜ ਦੇ ਸਮੇਂ ਤੋਂ ਹੀ ਲੱਗੀ ਸੀ ਪਰ ਪੁਲਸ ਦੀ ਨੌਕਰੀ ਤੋਂ ਇਸ ਆਦਤ ਨੂੰ ਹੋਰ ਬੜ੍ਹਾਵਾ ਮਿਲਿਆ। ਕਹਿੰਦੇ ਨੇ ਕਿ ਮੁਫਤ ਦੀ ਸ਼ਰਾਬ ਤਾਂ ਕਾਜ਼ੀ ਨੂੰ ਵੀ ਹਲਾਲ ਹੁੰਦੀ ਹੈ। ਸ਼ਿੰਦੇ ਨੂੰ ਅਯਾਸ਼ੀ ਲਈ ਕਈ ਵਾਰ ਔਰਤ ਵੀ ਮਿਲ ਜਾਂਦੀ। ਜਦੋਂ ਰਾਣੀ ਦੇ ਕੰਨੀ ਐਧਰੋਂ ਕਿਸੇ ਐਸੀ ਗੱਲ ਦੀ ਭਿਣਕ ਪੈਂਦੀ ਤਾਂ ਉਹ ਸ਼ਿੰਦੇ ਨਾਲ ਗੱਲ ਕਰਦੀ। ਪਰ ਸ਼ਿੰਦਾ ਸਾਫ ਮੁੱਕਰ ਜਾਂਦਾ। ਪੁਲਸ ਦੀ ਨੌਕਰੀ ਕਰਦਿਆਂ, ਝੂਠ ਬੋਲਣਾ ਉਸਦੀ ਆਦਤ ਵਿਚ ਹੀ ਸ਼ਾਮਲ ਹੋ ਚੁੱਕਾ ਸੀ। ਜੇ ਰਾਣੀ ਪੁੱਛ ਗਿਛ ਲਈ ਕਦੇ ਬਹੁਤੀ ਅੜੀ ਕਰਦੀ ਤਾਂ ਸ਼ਿੰਦਾ ਦਾਰੂ ਦੇ ਨਸ਼ੇ 'ਚ ਮੁੱਛਾਂ ਨੂੰ ਵੱਟ ਦਿੰਦਾ ਹੋਇਆ ਦਬਕਾ ਮਾਰਦਾ ਕਿ ਅਸੀਂ ਤਾਂ ਵੱਡਿਆਂ ਵੱਡਿਆਂ ਦੀ ਘੀਸੀ ਕਰਾ ਦਿੰਨੇ ਆਂ, ਤੂੰ ਭਲਾ ਕਿਹੜੇ ਖੇਤ ਦੀ ਮੂਲੀ ਏਂ। ਰਾਣੀ ਚੁੱਪ ਕਰ ਜਾਂਦੀ।

ਪਰ ਹੁਣ ਕਨੇਡਾ ਆ ਕੇ ਤਾਂ ਹਾਲਾਤ ਬਦਲ ਚੁੱਕੇ ਸਨ। ਨਾ ਤਾਂ ਕੋਲ ਪੁਲਸ ਦੀ ਨੌਕਰੀ ਰਹੀ ਸੀ ਅਤੇ ਨਾ ਹੀ ਬੱਚੇ ਏਨੇ ਨਿਆਣੇ ਸਨ। ਰਾਣੀ ਚਾਹੁੰਦੀ ਸੀ ਕਿ ਹੁਣ ਸ਼ਿੰਦਾ ਸੰਭਲ ਜਾਵੇ 'ਤੇ ਆਪਣੀ ਜ਼ੁੰਮੇਵਾਰੀ ਦਾ ਅਹਿਸਾਸ ਕਰੇ। ਪਰ ਪੁਰਾਣੀਆਂ ਆਦਤਾਂ ਸਹਿਜ ਨਾਲ ਨਹੀਂ ਛੁਟਦੀਆਂ।

ਸ਼ਿੰਦਾ ਸ਼ਰਾਬ ਦਾ ਨਾਗਾ ਨਾ ਪੈਣ ਦਿੰਦਾ। ਬਾਕੀ ਦਿਨਾਂ 'ਚ ਤਾਂ ਉਹ ਥੋੜੀ ਪੀਂਦਾ ਪਰ ਸਨਿੱਚਰਵਾਰ ਦੀ ਸ਼ਾਮ ਨੂੰ ਤਾਂ ਜਮਾਂ ਈ ਘੋੜੇ 'ਤੇ ਸਵਾਰ ਹੋ ਜਾਂਦਾ। ਰਾਣੀ ਟੋਕਦੀ ਤਾਂ ਲੜਾਈ ਝਗੜਾ ਸ਼ੁਰੂ ਹੋ ਜਾਂਦਾ। ਇਸ ਤਰ੍ਹਾਂ ਦਾ ਕਲੇਸ਼ ਹਰ ਸਨਿੱਚਰ ਨੂੰ ਪੈਂਦਾ। ਧੌਲ ਧੱਫਾ ਤਾਂ ਉਹ ਕਿੰਨੀ



ਵਾਰੀ ਰਾਣੀ ਨੂੰ ਕਰ ਚੁੱਕਾ ਸੀ। ਰਾਣੀ ਨੇ ਬਥੇਰਾ ਕਹਿਣਾ ਕਿ ਹੁਣ ਤਾਂ ਕੁਛ ਸ਼ਰਮ ਕਰ, ਨਿਆਣੇ ਸੁੱਖ ਨਾਲ ਜੁਆਨ ਹੋਏ ਆ। ਪਰ ਬੇਸ਼ਰਮ ਨੂੰ ਸ਼ਰਮ ਕਿਥੋਂ ਆਵੇ। ਨਿਆਣਿਆਂ ਨੂੰ ਪਿਉ ਦਾ ਵਰਤਾਰਾ ਬਿਲਕੁਲ ਚੰਗਾ ਨਾ ਲਗਦਾ।

ਬਿੱਟੂ ਡਰਿਆ ਡਰਿਆ ਰਹਿੰਦਾ। ਪਿਉ ਨੂੰ ਕੁਝ ਕਹਿਣਾ ਚਾਹੁਣ ਦੇ ਬਾਵਜੂਦ ਵੀ ਕੁਝ ਨਾ ਕਹਿ ਸਕਦਾ। ਅਸਲ ਵਿਚ ਉਸਦੀ ਦੋਸਤੀ ਪ੍ਰੀਤੀ ਦੀ ਸਹੇਲੀ ਦੀ ਵੱਡੀ ਭੈਣ ਮਨਪ੍ਰੀਤ ਨਾਲ ਹੋ ਗਈ ਸੀ। ਉਹ ਮਨਪ੍ਰੀਤ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ। ਪਰ ਪਿਉ ਨਾਲ ਇਹ ਰਾਜ਼ ਸਾਂਝਾ ਕਰਨ ਦੀ ਉਸ ਵਿਚ ਹਿੰਮਤ ਨਾ ਪੈਂਦੀ। ਮਾਂ ਨਾਲ ਗੱਲ ਕਰਨੀ ਉਹ ਸੌਖੀ ਸਮਝਦਾ ਸੀ। ਆਖਰ ਉਸ ਨੇ ਮਾਂ ਨਾਲ ਗੱਲ ਕੀਤੀ। ਮਾਂ ਕਹਿਣ ਲੱਗੀ ਕਿ ਪੁੱਤਰ, ਮੈਨੂੰ ਤਾਂ ਕੋਈ ਇਤਰਾਜ਼ ਨਹੀਂ ਪਰ ਤੇਰੇ ਪਿਤਾ ਜੀ ਨਾਲ ਰਾਏ ਕਰਨੀ ਪਵੇਗੀ। 'ਤੇ ਸ਼ਿੰਦੇ ਨਾਲ ਇਹ ਗੱਲ ਕੌਣ ਕਰਦਾ। ਕਿਸੇ ਦੀ ਵੀ ਹਿੰਮਤ ਨਾ ਪੈਂਦੀ। ਇਸਦੇ ਦੋ ਕਾਰਨ ਸਨ। ਪਹਿਲਾਂ ਤਾਂ ਇਹ ਕਿ ਕੁੜੀ ਤਰਖਾਣਾ ਦੀ ਸੀ। ਦੂਜਾ ਕਾਰਨ ਇਹ ਸੀ ਕਿ ਸ਼ਿੰਦੇ ਨੇ ਚਿਠੀ ਪੱਤਰ ਰਾਹੀਂ ਪੰਜਾਬ 'ਚ ਰਹਿੰਦੇ ਇਕ ਪੁਲਸੀਏ ਨਾਲ ਬਿੱਟੂ ਦੇ ਵਿਆਹ ਦੀ ਗੱਲ ਪੱਕੀ ਕਰ ਲਈ ਸੀ। ਗੱਲ ਵੀਹ ਲੱਖ ਰੁਪੇ ਵਿਚ ਤਹਿ ਹੋਈ ਸੀ ਜਿਸਦਾ ਕੇਵਲ ਉਸਦੀ ਮਾਂ ਨੂੰ ਹੀ ਪਤਾ ਸੀ। ਮਾਂ ਨੇ ਬਿੱਟੂ ਨੂੰ ਇਹ ਗੱਲ ਦਸ ਦਿੱਤੀ ' ਤੇ ਬਿੱਟੂ ਨੂੰ ਬੜਾ ਗੁੱਸਾ ਆਇਆ। ਬਿੱਟੂ ਕਹਿਣ ਲੱਗਾ ਕਿ ਮੇਰਾ ਵਿਆਹ ਮੇਰੇ ਪੁੱਛਣ ਤੋਂ ਬਿਨਾਂ ਕਿਵੇਂ ਹੋ ਸਕਦਾ ਹੈ। ਵਿਆਹ ਮੈਂ ਆਪਣੀ ਮਰਜ਼ੀ ਨਾਲ ਕਰਵਾਵਾਂਗਾ।

ਇਕ ਦਿਨ ਹਿੰਮਤ ਕਰਕੇ ਬਿੱਟੂ ਨੇ ਆਪਣੇ ਡੈਡੀ ਨਾਲ ਵਿਆਹ ਦੀ ਗੱਲ ਛੇੜ ਹੀ ਲਈ। ਸ਼ਿੰਦਾ ਤਾਂ ਜਿਵੇਂ ਆਪੇ ਤੋਂ ਬਾਹਰ ਹੋ ਗਿਆ....."ਤੇਰਾ ਵਿਆਹ ਉਸੇ ਥਾਂ 'ਤੇ ਹੋਵੇਗਾ, ਜਿਥੇ ਮੈਂ ਕਰਾਂਗਾ। ਮੈਨੂੰ ਪਤਾ, ਜਿਸ ਕੁੜੀ ਨਾਲ ਤੂੰ ਖੇਹ ਖਾਂਦਾ ਫ਼ਿਰਦੇ.......ਉਹ ਤਖਾਣਾਂ ਦੀ ਕੁੜੀ ਐ। ਆਪਾ ਜੱਟ ਹੁਨੇ ਆਂ ਜੱਟ....।"

ਹੁਣ ਬਿੱਟੂ ਨੂੰ ਵੀ ਗੁਸਾ ਆ ਗਿਆ...."ਡੈਡ, ਮਨਪ੍ਰੀਤ ਦੇ ਡੈਡ ਡਾਕਟਰ ਆ 'ਤੇ ਮੌਮ ਅਕਾਊਟੈਂਟ। ਮਨਪ੍ਰੀਤ ਆਪ ਵੀ ਕੰਮਪਿਊਟਰ ਦਾ ਕੋਰਸ ਕਰਕੇ ਪ੍ਰੋਗਰਾਮਰ ਲੱਗੀ ਹੋਈ ਹੈ। ਨਾਲੇ ਤੁਸੀਂ ਕਿਸ਼ ਤਰ੍ਹਾਂ ਦੇ ਜੱਟ ਹੋ। ਸ਼ਾਮ ਨੂੰ ਤੁਸੀਂ ਡਾਊਨ ਟਾਊਨ ਸਫਾਈ ਕਰਨ ਜਾਂਦੇ ਹੋ। ਉਸ ਹਿਸਾਬ ਨਾਲ ਤਾਂ ਤੁਸੀਂ ਚੂੜ੍ਹੇ ਹੋਏ....ਜੱਟ ਕਿੱਥੋਂ ਰਹਿਗੇ....।" ਸ਼ਿੰਦਾ ਗੁੱਸੇ ਨਾਲ ਕੰਬ ਰਿਹਾ ਸੀ। ਉਸ ਨੂੰ ਕੋਈ ਢੁਕਵਾਂ ਉੱਤਰ ਨਹੀਂ ਸੀ ਸੁਝ ਰਿਹਾ। ਨਾਲੇ ਉਸ ਨੂੰ ਇਹ ਵੀ ਉਮੀਦ ਨਹੀਂ ਸੀ ਕਿ ਬਿੱਟੂ ਅਗਿਉਂ ਇਸ ਤਰ੍ਹਾਂ ਬੋਲੇਗਾ। ਕੁਝ ਵਕਫੇ ਪਿਛੋਂ ਕਹਿਣ ਲੱਗਾ......"ਉਏ ਏਸ ਮੁਲਕ 'ਚ ਤਾਂ ਆਪਾਂ ਚੂੜ੍ਹਿਆਂ ਦਾਂ ਕੰਮ ਕਰਦੇ ਆਂ, ਪਰ ਪਿਛੋਂ ਤਾਂ ਜੱਟ ਈ ਆਂ। ਨਾਲੇ ਮੈਂ ਤੈਨੂੰ ਸਿੱਧੀ ਸਿੱਧੀ ਇਕ ਗੱਲ ਦੱਸ ਦਿਨੈ ਬਈ ਤੇਰਾ ਵਿਆਹ ਤਾਂ ਮੈਂ ਬਚਨ ਸਿੰਘ ਪੁਲਸੀਏ ਦੀ ਕੁੜੀ ਨਾਲ ਪੱਕਾ ਕਰਤਾ। ਪੂਰੇ ਵੀਹ ਲੱਖ ਦਾ ਸੌਦਾ ਕੀਤਾ 'ਤੇ ਪੰਜ ਲੱਖ ਦਾ ਬਿਆਨਾ ਵੀ ਲੈ ਲਿਆ। ਬੱਸ ਹੁਣ ਤਾਂ ਪੱਥਰ 'ਤੇ ਲਕੀਰ ਆ....।" ਬਿੱਟੂ ਨੇ ਲੜਾਈ ਝਗੜਾ ਕਰਨਾ ਠੀਕ ਨਾ ਸਮਝਿਆ 'ਤੇ ਮੌਕੇ ਦੀ ਨਜ਼ਾਕਤ ਨੂੰ ਸਮਝਦੇ ਹੋਏ ਚੁੱਪ ਕਰ ਗਿਆ। ਉਸ ਨੂੰ ਸਭ ਪਤਾ ਸੀ ਕਿ ਉਹ ਜਦੋਂ ਵੀ ਚਾਹੇ, ਮਨਪ੍ਰੀਤ ਨਾਲ ਵਿਆਹ ਕਰਵਾ ਸਕਦਾ ਹੈ। ਮਨਪ੍ਰੀਤ ਦੇ ਮਾਪੇ ਇਸ ਵਿਆਹ ਲਈ ਰਜ਼ਾਮੰਦ ਸੀ।

ਇਕ ਸਨਿੱਚਰ ਦੀ ਸ਼ਾਮ ਨੂੰ, ਸ਼ਿੰਦੇ ਨੇ ਫੇਰ ਬਿੱਟੂ ਦੇ ਵਿਆਹ ਦੀ ਗੱਲ ਛੇੜ ਲਈ। ਰਾਣੀ ਨੇ ਕਹਿ ਦਿੱਤਾ ਕਿ ਬਿੱਟੂ ਆਪ ਸਿਆਣਾ ਹੈ। ਜੋ ਵੀ ਕਰਨਾ ਹੈ, ਆਪਾਂ ਇਸ ਦੀ ਰਜ਼ਾਮੰਦੀ ਨਾਲ ਹੀ

ਕਰਾਂਗੇ। ਏਸ ਮੁਲਕ 'ਚ ਆਪਾਂ ਨਿਆਣਿਆਂ ਨਾਲ ਧੱਕਾ ਨਹੀਂ ਕਰ ਸਕਦੇ।

ਸ਼ਿੰਦੇ ਦੀ ਘੁੱਟ ਪੀਤੀ ਹੋਈ ਸੀ। ਰਾਣੀ ਦੀ ਗੱਲ ਸੁਣਕੇ ਝੱਟ ਤੈਸ਼ 'ਚ ਆ ਗਿਆ 'ਤੇ ਕਹਿਣ ਲੱਗਾ ...."ਧੱਕੇ ਆਲੀ ਕਿਹੜੀ ਗੱਲ ਆ। ਮੈਂ ਤਾਂ ਸਿਰਫ ਇਹ ਪੁੱਛ ਰਿਹਾਂ ਬਈ ਇੰਡੀਆ ਕਦੋਂ ਜਾਣੈ ਤਾਂ ਜੋ ਮੈਂ ਬਚਨ ਸਿੰਘ ਪੁਲਸੀਏ ਨੂੰ ਇਤਲਾਹ ਦੇ ਦਿਆਂ। ਅਗਲਿਆਂ ਨੇ ਵਿਆਹ ਦਾ ਪ੍ਰਬੰਧ ਵੀ ਕਰਨਾ ਸਾਰਾ।"

ਰਾਣੀ ਨੇ ਕਹਿ ਦਿੱਤਾ ਕਿ ਬਿੱਟੂ ਨੀ ਮੰਨਦਾ। ਉਹ ਤਾਂ ਮਨਪ੍ਰੀਤ ਨਾਲ ਹੀ ਵਿਆਹ ਕਰਵਾਉਣਾ ਚਾਹੁੰਦਾ। ਫੇਰ ਕੀ ਸੀ। ਸ਼ਿੰਦਾ ਆਪੇ ਚੋਂ ਬਾਹਰ ਹੋ ਗਿਆ। ਰਾਣੀ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ 'ਤੇ ਨਾਲੇ ਉਚੀ ਉਚੀ ਬੋਲੀ ਜਾਵੇ...."ਮੁੰਡੇ ਨੂੰ ਤੂੰ ਹੀ ਚਮਲਾਇਆ। ਪੁਚ ਪੁਚ ਕਰਕੇ ਸਿਰ ਚੜ੍ਹਾਇਆ....."। ਹੱਥੋਂ ਪਾਈ ਕਰਦਿਆਂ ਸ਼ਿੰਦੇ ਨੇ ਰਾਣੀ ਨੂੰ ਜੋਰ ਨਾਲ ਧੱਕਾ ਮਾਰਿਆ 'ਤੇ ਰਾਣੀ ਦਾ ਸਿਰ ਡਾਈਨਿੰਗ ਟੇਬਲ ਦੇ ਕੋਨੇ ਨਾਲ ਜਾ ਟਕਰਾਇਆ। ਉਹ ਧੜੈਂ ਕਰਕੇ ਫਲੋਰ ਤੇ ਡਿੱਗ ਪਈ ਅਤੇ ਉਸਦੇ ਸਿਰ ਚੋਂ ਖ਼ੂਨ ਵਹਿਣ ਲੱਗਾ। ਘਰ ਵਿਚ ਪ੍ਰੀਤੀ ਹੀ ਸੀ। ਉਸ ਨੂੰ ਕੁਝ ਸਮਝ ਨਾ ਆਵੇ ਕਿ ਕੀ ਕਰੇ। ਉਹ ਧਾਹਾਂ ਮਾਰ ਕੇ ਰੋਣ ਲੱਗੀ। ਕੁਝ ਦੇਰ ਪਿਛੋਂ ਬਿੱਟੂ ਵੀ ਬਾਹਰੋਂ ਆ ਗਿਆ। ਜਦੋਂ ਬਿੱਟੂ ਨੇ ਮਾਂ ਨੂੰ ਲਹੂ ਲੁਹਾਣ ਹੋਏ ਦੇਖਿਆ ਤਾਂ ਸ਼ਿੰਦੇ ਨੂੰ ਕਹਿਣ ਲੱਗਾ..."ਡੈਡ, ਇਹ ਕੀ ਹੋਇਆ"। "ਹੋਇਆ ਤੇਰੀ ਮਾਂ ਦਾ ਸਿਰ" ਸ਼ਿੰਦੇ ਨੇ ਅੱਗਿਉਂ ਉੱਤਰ ਦਿੱਤਾ।

ਬਿੱਟੂ ਤੋਂ ਬਰਦਾਸ਼ਤ ਨਾ ਹੋਇਆ। ਉਸਨੇ ਪੁਲਸ ਨੂੰ ਫੋਨ ਕਰ ਦਿੱਤਾ। ਝੱਟ ਪਟ ਪੁਲਸ ਦੀ ਗੱਡੀ ਆ ਗਈ। ਰਾਣੀ ਦੇ ਸਿਰ ਚੋਂ ਅਜੇ ਵੀ ਖ਼ੂਨ ਵਹਿ ਰਿਹਾ ਸੀ। ਸ਼ਿੰਦੇ ਦੀਆਂ ਅੱਖਾਂ ਲਾਲ 'ਤੇ ਮੂੰਹ ਚੋਂ ਸ਼ਰਾਬ ਦੀ ਬਦਬੂ ਆ ਰਹੀ ਸੀ। ਉਸ ਤੋਂ ਠੀਕ ਤਰ੍ਹਾਂ ਤੁਰਿਆ ਵੀ ਨਹੀਂ ਸੀ ਜਾਂਦਾ। ਪੁਲਸ ਅਧਿਕਾਰੀ ਨੇ ਰਿਪੋਰਟ ਲਿਖੀ 'ਤੇ ਸ਼ਿੰਦੇ ਤੇ ਮਾਰ ਕੁਟਾਈ ਦਾ ਚਾਰਜ ਲਾ ਕੇ ਹਵਾਲਾਤ ਵਿਚ ਬੰਦ ਕਰ ਦਿੱਤਾ। ਜਦੋਂ ਸ਼ਿੰਦਾ ਕਚਿਹਰੀ ਵਿਚ ਪੇਸ਼ ਹੋਇਆ ਤਾਂ ਜੱਜ ਨੇ ਆਦੇਸ਼ ਦੇ ਦਿੱਤਾ ਕਿ ਜਿੰਨੀ ਦੇਰ ਤੱਕ ਕੇਸ ਦਾ ਫੈਸਲਾ ਨਹੀਂ ਹੁੰਦਾ, ਸ਼ਿੰਦਾ ਆਪਣੇ ਘਰ ਨਹੀਂ ਜਾ ਸਕਦਾ ਅਤੇ ਨਾ ਹੀ ਪਰਵਾਰ ਦੇ ਕਿਸੇ ਮੈਂਬਰ ਨਾਲ ਕਿਸੇ ਕਿਸਮ ਦਾ ਸੰਪਰਕ ਕਰ ਸਕਦਾ ਹੈ।

ਸ਼ਿੰਦਾ ਆਪਣੇ ਇਕ ਦੋਸਤ ਕੋਲ ਰਹਿਣ ਲੱਗਾ। ਕੇਸ ਲਈ ਉਸਨੂੰ ਵਕੀਲ ਕਰਨਾ ਪਿਆ। ਵਕੀਲ ਨੇ ਸਾਰੀਆਂ ਰਿਪੋਰਟਾਂ ਪੜ੍ਹ ਕੇ ਸ਼ਿੰਦੇ ਨੂੰ ਸਲਾਹ ਦਿੱਤੀ ਕਿ ਤੇਰਾ ਕੇਸ ਤਾਂ ਹੀ ਠੀਕ ਹੋ ਸਕਦਾ ਹੈ ਜੇਕਰ ਤੇਰੀ ਪਤਨੀ ਝੂਠਾ ਬਿਆਨ ਦੇਵੇ ਕਿ ਤੂੰ ਉਸਨੂੰ ਧੱਕਾ ਨਹੀਂ ਦਿੱਤਾ। ਉਹ ਆਪਣੇ ਆਪ ਪਿੱਛੇ ਹਟਣ ਲੱਗੀ ਡਿੱਗ ਪਈ। ਡਿੱਗਣ ਕਾਰਨ ਉਸਦੇ ਸਿਰ ਵਿਚ ਸੱਟ ਲੱਗੀ। ਅਜੇਹਾ ਕਰਨ ਨਾਲ ਤੇਰਾ ਬਚਾ ਹੋ ਸਕਦੈ। ਹੋਰ ਕਿਸੇ ਤਰੀਕੇ ਨਾਲ ਜੇਲ੍ਹ ਜਾਣ ਤੋਂ ਛੁਟਕਾਰਾ ਨਹੀ ਹੋ ਸਕਦਾ। ਕੁਝ ਰਿਸ਼ਤੇਦਾਰ ਚਾਹੁੰਦੇ ਸੀ ਕਿ ਕੇਸ ਰਫਾ ਦਫਾ ਹੋ ਜਾਵੇ। ਉਹਨਾ ਨੂੰ ਇਹ ਵੀ ਪਤਾ ਸੀ ਕਿ ਕਸੂਰ ਸ਼ਿੰਦੇ ਦਾ ਹੈ। ਉਹਨਾ ਸ਼ਿੰਦੇ ਨੂੰ ਲਾਹਣਤਾਂ ਪਾਈਆਂ। ਸ਼ਿੰਦੇ ਨੇ ਆਪਣਾ ਕਸੂਰ ਮੰਨਿਆਂ 'ਤੇ ਅੱਗੇ ਤੋ ਬੰਦਾ ਬਣਨ ਦਾ ਵਾਅਦਾ ਕੀਤਾ। ਰਿਸ਼ਤੇਦਾਰਾਂ ਨੇ ਰਾਣੀ ਨਾਲ ਗੱਲ ਕੀਤੀ। ਰਾਣੀ ਪਹਿਲਾਂ ਤਾਂ ਅੜੀ ਪਰ ਰਿਸ਼ਤੇਦਾਰਾਂ ਦੇ ਜ਼ੋਰ ਪਾਉਣ 'ਤੇ ਉਹ ਮੰਨ ਗਈ। ਜਿਸ ਤਰ੍ਹਾਂ ਰਾਣੀ ਨੂੰ ਸ਼ਿੰਦੇ ਦੇ ਵਕੀਲ ਨੇ ਸਿਖਾਇਆ, ਉਸ ਨੇ ਉਹ ਹੀ ਬਿਆਨ ਦਿੱਤਾ। ਸਰਕਾਰੀ ਵਕੀਲ ਨੂੰ ਪਤਾ ਸੀ ਕਿ ਰਾਣੀ ਝੂਠ ਬੋਲ ਰਹੀ ਹੈ। ਪਰ ਜਦੋਂ ਕਰੋਪੀ ਦਾ ਸ਼ਿਕਾਰ ਹੀ ਝੂਠ ਬੋਲੇ ਤਾਂ ਸਰਕਾਰੀ ਵਕੀਲ ਵਿਚਾਰਾ ਕੀ ਕਰੇ। ਸੋ ਮੁਕਦੀ ਗੱਲ ਕਿ ਰਾਣੀ ਨੇ ਝੂਠ ਬੋਲ ਕੇ ਸ਼ਿੰਦੇ ਨੂੰ ਬਚਾ ਲਿਆ। ਸ਼ਿੰਦਾ ਫਿਰ ਤੋਂ ਘਰ ਆ ਗਿਆ।



ਰਾਣੀ ਨੇ ਸੋਚਿਆ ਕਿ ਪੁਲਸ ਦੇ ਡਰ ਤੋਂ ਸ਼ਿੰਦਾ ਸੁਧਰ ਜਾਵੇਗਾ। ਪਰ ਕੁੱਤੇ ਦੀ ਪੂਛ ਕਦੋ ਸਿੱਧੀ ਹੋਈ। ਬੇਕਰੀ 'ਚ ਉਸਦੇ ਨਾਲ ਕਾਫੀ ਔਰਤਾਂ ਵੀ ਕੰਮ ਕਰਦੀਆਂ ਸਨ। ਇਕ ਗੋਰੀ ਨਾਲ ਉਸਦੀ ਸੀਟੀ ਮਿਲ ਗਈ। ਗੋਰੀ ਦਾ ਨਾ ਕਿੰਮ ਸੀ ਜਿਸਨੂੰ ਉਸਦੇ ਪਤੀ ਨੇ ਛੌਡਿਆ ਹੋਇਆ ਸੀ। ਜੂਠਿਆਂ ਭਾਂਡਿਆਂ 'ਚ ਮੂੰਹ ਮਾਰਨ ਦੀ ਸ਼ਿੰਦੇ ਦੀ ਪੁਰਾਣੀ ਆਦਤ ਸੀ। ਨਾਲੇ ਗੁਜ਼ਾਰੇ ਲਾਇਕ ਅੰਗ੍ਰੇਜ਼ੀ ਤਾਂ ਉਹ ਬੋਲ ਹੀ ਲੈਂਦਾ ਸੀ। ਕਿੰਮ ਇਕੱਲੀ ਹੀ ਇਕ ਅਪਾਰਟਮੇਂਟ ਵਿਚ ਰਹਿੰਦੀ ਸੀ। ਹੁਣ ਉਹ ਕਦੇ ਕਦਾਈਂ ਕਿੰਮ ਦੇ ਅਪਾਰਟਮੇਂਟ ਦਾ ਗੇੜਾ ਮਾਰ ਆਉਂਦਾ। ਕਿੰਮ ਦੇ ਨਾਲ ਦੋਸਤੀ ਕਾਰਨ ਸ਼ਿੰਦੇ ਨੇ ਸਿਗਰਟ ਪੀਣੀ ਸ਼ੁਰੂ ਕਰ ਦਿੱਤੀ 'ਤੇ ਹੋਰ ਵੀ ਨਸ਼ਾ ਪੱਤਾ ਕਰਨ ਲਗ ਪਿਆ। ਰਾਣੀ ਨੂੰ ਸ਼ਿੰਦੇ ਦੇ ਕਪੜਿਆਂ 'ਚੋਂ ਸਿਗਰਟ ਦੀ ਬਦਬੂ ਆਉਂਦੀ ਤਾਂ ਉਹ ਸ਼ਿੰਦੇ ਤੋਂ ਪੁਛਦੀ—"ਜੀ, ਤੁਹਾਡੇ ਕਪੜਿਆਂ ਚੋਂ ਸਿਗਰਟ ਦੀ ਬਦਬੂ ਆਉਂਦੀ ਹੈ।" ਪਰ ਸ਼ਿੰਦਾ ਪੈਰ 'ਤੇ ਪਾਣੀ ਨਾ ਪੈਣ ਦਿੰਦਾ। "ਤੈਨੂੰ ਐਵੇਂ ਵਹਿਮ ਹੈ" ਕਹਿ ਕੇ ਟਾਲ ਦਿੰਦਾ।

ਇਕ ਦਿਨ ਰਾਣੀ ਸੁਪਰਸਟੋਰ 'ਚੋਂ ਗਰੋਸਰੀ ਲੈ ਕੇ ਨਿਕਲੀ। ਉਸ ਨੇ ਸ਼ਿੰਦੇ ਦੀ ਕਾਰ ਖੜੀ ਦੇਖ ਲਈ। ਰਾਣੀ ਨੂੰ ਸ਼ੱਕ ਪੈ ਗਿਆ। ਗਰੋਸਰੀ ਰੱਖ ਕੇ ਉਹ ਕਾਰ ਵਿਚ ਬੈਠ ਗਈ ਅਤੇ ਸ਼ਿੰਦੇ ਦੀ ਕਾਰ ਨੂੰ ਤਾੜਦੀ ਰਹੀ। ਸ਼ਾਮ ਦਾ ਹਲਕਾ ਹਲਕਾ ਹਨੇਰ ਪਸਰ ਰਿਹਾ ਸੀ। ਸ਼ਿੰਦਾ ਤਾਂ ਘਰੋਂ ਇਹ ਕਹਿ ਕੇ ਆਇਆ ਸੀ ਕਿ ਉਹ ਕਿਸੇ ਦੋਸਤ ਨੂੰ ਮਿਲਣ ਜਾ ਰਿਹਾ ਹੈ। ਏਥੇ ਉਹਦਾ ਕਿਹੜਾ ਦੋਸਤ ਰਹਿੰਦਾ। ਰਾਣੀ ਸੋਚੀ ਜਾ ਰਹੀ ਸੀ। ਕੁਝ ਦੇਰ ਪਿਛੋਂ ਅੱਗਾ ਪਿੱਛਾ ਤਾੜਦੇ ਹੋਏ ਸ਼ਿੰਦਾ ਆਇਆ 'ਤੇ ਆਪਣੀ ਕਾਰ ਵਿਚ ਬੈਠ ਗਿਆ। ਉਸਦੇ ਹੱਥਾਂ ਵਿਚ ਗਰੋਸਰੀ ਵਾਲੇ ਬੈਗ ਸਨ। ਥੋੜੀ ਦੇਰ ਪਿੱਛੋਂ ਕਿੰਮ ਵੀ ਆਈ 'ਤੇ ਸ਼ਿੰਦੇ ਦੀ ਕਾਰ ਵਿਚ ਬੈਠ ਗਈ। ਦੋਵੇਂ ਕੁਝ ਦੇਰ ਸਿਗਰਟ ਪੀਂਦੇ ਰਹੇ। ਫਿਰ ਕਾਰ ਸਟਾਰਟ ਹੋਈ 'ਤੇ ਚਲ ਪਈ। ਇਹ ਦੇਖ ਕੇ ਰਾਣੀ ਨੂੰ ਅੱਗ ਲੱਗ ਗਈ। ਸੁਤੇ ਹੀ ਉਸਦੇ ਮੂੰਹ 'ਚੋਂ ਨਿਕਲਿਆ-"ਏਥੇ ਵੀ ਗੂੰਹ ਖਾਣੋਂ ਨੀ ਹਟਿਆ ਕੁੱਤਾ".....।

ਰਾਣੀ ਗਰੋਸਰੀ ਲੈ ਕੇ ਘਰ ਪਹੁੰਚ ਗਈ। ਬਿੱਟੂ ਲਿਵਿੰਗ ਰੂਮ ਵਿਚ ਟੀਵੀ ਦੇਖ ਰਿਹਾ ਸੀ। ਪ੍ਰੀਤੀ ਆਪਣੇ ਕਮਰੇ ਵਿਚ ਪੜ੍ਹਾਈ ਕਰ ਰਹੀ ਸੀ। ਰਾਣੀ ਤੋਂ ਰਿਹਾ ਨਾ ਗਿਆ। ਉਸਦਾ ਮਨ ਭਰਿਆ ਹੋਇਆ ਸੀ। ਉਸਨੇ ਸਿਸਕਦੀ ਹੋਈ ਨੇ ਸਾਰੀ ਵਿਥਿਆ ਬਿੱਟੂ ਨੂੰ ਕਹਿ ਸੁਣਾਈ। ਬਿੱਟੂ ਦਾ ਹਿਰਦਾ ਵੀ ਵਲੂੰਧਰਿਆ ਗਿਆ। ਉਹ ਸ਼ੁਰੂ ਤੋਂ ਹੀ ਆਪਣੀ ਮਾਂ ਦੇ ਦੁੱਖਾਂ ਦਾ ਭਾਈਵਾਲ ਸੀ। ਪ੍ਰੀਤੀ ਰਾਤ ਦਾ ਖਾਣਾ ਖਾ ਚੁੱਕੀ ਸੀ। ਪਤਾ ਨਹੀ ਕਿਸ ਸਮੇਂ ਉਸਦੇ ਕਮਰੇ ਦੀ ਬੱਤੀ ਬੁਝ ਗਈ 'ਤੇ ਉਹ ਸੌਂ ਗਈ। ਪਰ ਰਾਣੀ 'ਤੇ ਬਿੱਟੂ ਦੀ ਤਾਂ ਜਿਵੇਂ ਭੁੱਖ ਹੀ ਮਰ ਗਈ। ਨੀਂਦ ਉਹਨਾਂ ਦੀਆਂ ਅੱਖਾਂ ਤੋਂ ਕੋਹਾਂ ਦੂਰ ਸੀ। ਉਹ ਦੋਵੇਂ ਜਣੇ ਸ਼ਿੰਦੇ ਦਾ ਇੰਤਜ਼ਾਰ ਕਰ ਰਹੇ ਸਨ। ਰਾਤ ਦਾ ਇਕ ਵੱਜ ਚੁੱਕਿਆ ਸੀ। ਲਿਵਿੰਗ ਰੂਮ ਦੀਆਂ ਬੱਤੀਆਂ ਜਗ ਰਹੀਆਂ ਸਨ। ਤਕਰੀਬਨ ਡੇਢ ਵਜੇ ਦੇ ਕਰੀਬ ਸ਼ਿੰਦੇ ਨੇ ਦਰਵਾਜ਼ਾ ਖੋਲ੍ਹਿਆ। ਉਹ ਬਿੱਟੂ 'ਤੇ ਰਾਣੀ ਨੂੰ ਜਾਗਦੇ ਦੇਖਕੇ ਹੈਰਾਨ ਰਹਿ ਗਿਆ। ਨਸ਼ੇ ਵਿਚ ਉਸਦੇ ਲੜਖੜਾ ਰਹੇ ਸਨ। ਮੂੰਹ ਚੋਂ ਸ਼ਰਾਬ ਅਤੇ ਸਿਗਰਟਾਂ ਦੀ ਮਿਲੀ ਜੁਲੀ ਬਦਬੂ ਆ ਰਹੀ ਸੀ। ਸ਼ਿੰਦਾ ਜਦੋਂ ਚੁੱਪ ਚੁਪੀਤੇ ਬੈਡ ਰੂਮ ਵਿਚ ਜਾਣ ਲੱਗਾ ਤਾਂ ਰਾਣੀ ਦੀ ਆਵਾਜ਼ ਨੇ ਲਲਕਾਰਿਆ-"ਮਿਲ ਆਏ ਦੋਸਤ ਨੂੰ"। "ਆਹੋ...ਮਿਲ ਆਇਆਂ। ਘੁੱਟ ਪੀਣ ਬਹਿਗੇ ਸੀ। ਏਸ ਲਈ ਦੇਰ ਹੋਗੀ।" ਸ਼ਿੰਦੇ ਨੇ ਉੱਤਰ ਦਿੱਤਾ।

"ਸ਼ਰਮ ਨੀ ਆਉਂਦੀ ਝੂਠ ਬੋਲਦਿਆਂ" ਰਾਣੀ ਦੀ ਆਵਾਜ਼ ਵਿਚ ਖਰਵਾਪਨ ਸੀ।

"ਮੈਂ ਕੀ ਝੂਠ ਬੋਲਦਾਂ" ਸ਼ਿੰਦੇ ਨੇ ਲਿਵਿੰਗ ਰੂਮ ਵਿਚ ਆ ਕੇ ਉੱਤਰ ਦਿੱਤਾ।

"ਉਹ ਗੋਰੀ ਰੰਨ ਕਿਹੜੀ ਸੀ ਜਿਸਦੇ ਨਾਲ ਸਿਗਰਟਾਂ ਪੀ ਰਿਹਾ ਸੀ।" ਰਾਣੀ ਨੇ ਤਲਖੀ ਨਾਲ; ਕਿਹਾ।

"ਕਿਹੜੀ ਗੋਰੀ.....ਉਹ ਕਿੰਮ....." ਸ਼ਿੰਦੇ ਦੇ ਮੂੰਹ 'ਚੋਂ ਸੁਤੇ ਹੀ ਕਿੰਮ ਦਾ ਨਾਂ ਨਿਕਲ ਗਿਆ। ਦਰਅਸਲ ਉਹ ਨਸ਼ੇ ਵਿਚ ਧੁੱਤ ਸੀ। ਉਸਨੂੰ ਇਸ ਗੱਲ ਦੀ ਕੋਈ ਹੋਸ਼ ਨਹੀਂ ਸੀ ਕਿ ਕੀ ਕਹਿਣਾ ਚਾਹੀਦਾ ਹੈ ਅਤੇ ਕੀ ਨਹੀਂ ਕਹਿਣਾ ਚਾਹੀਦਾ। ਝੂਠ ਬੋਲਣ ਲਈ ਹੋਸ਼ ਹਵਾਸ ਦੀ ਪੂਰੀ ਲੋੜ ਹੁੰਦੀ ਹੈ। ਅਤੇ ਨਸ਼ੇ ਵਿਚ ਹੋਸ਼ ਹਵਾਸ ਦਾ ਕੀ ਕੰਮ। ਸ਼ਿੰਦੇ ਨੂੰ ਹੋਰ ਕੁਝ ਔੜ ਹੀ ਨਹੀ ਸੀ ਰਿਹਾ। ਉਸਨੂੰ ਇਸ ਗੱਲ ਦਾ ਅਹਿਸਾਸ ਹੋ ਚੁੱਕਾ ਸੀ ਕਿ ਉਸਦੀ ਚੋਰੀ ਫੜੀ ਗਈ ਹੈ। ਸੌ ਦਿਨ ਚੋਰ ਦਾ 'ਤੇ ਇਕ ਦਿਨ ਸਾਧ ਦਾ। ਹੁਣ ਉਹ ਬਿੱਟੂ ਅਤੇ ਰਾਣੀ ਨਾਲ ਅੱਖਾਂ ਮਿਲਾਉਣ ਤੋਂ ਅਸਮਰੱਥ ਸੀ।

ਰਾਣੀ ਫੇਰ ਬਿੱਫਰੀ-"ਨਾ ਮੁੰਡੇ ਨੂੰ ਤਾਂ ਕਹਿੰਦਾ ਸੀ ਕਿ ਤਖਾਣਾਂ ਦੀ ਕੁੜੀ ਆ 'ਤੇ ਆਪ ਏਸ ਉਮਰ 'ਚ ਕਿਹੜੀ ਲਿੱਤਰਾਂ ਵਾਲੀ ਜੱਟੀ ਨੂੰ ਹਿੱਕ ਨਾਲ ਲਾਈ ਫਿਰਦੈਂ....ਕੋਈ ਸ਼ਰਮ ਹੱਯਾ ਹੈ ਵੱਡੇ ਨੌਗੀਏ ਨੂੰ....ਏਸ ਨਾਲੋਂ ਤਾਂ ਚੰਗਾ ਸੀ ਕਿਸੇ ਛੱਪੜੀ 'ਚ ਡੁੱਬ ਮਰਦਾ....ਮੈਂ ਸਬਰ ਕਰ ਲੈਂਦੀ....।"

ਸ਼ਿੰਦੇ ਨੂੰ ਕੋਈ ਉੱਤਰ ਨਹੀ ਸੀ ਔੜ ਰਿਹਾ। ਉਹ ਤਾਂ ਜਿਵੇਂ ਰੰਗੇ ਹੱਥੀਂ ਫੜਿਆ ਗਿਆ। ਕਹਿੰਦਾ ਵੀ ਤਾਂ ਕੀ। ਉਸਦੇ ਭਿਉਂ ਭਿਉਂ ਜੁੱਤੀਆਂ ਪੈ ਰਹੀਆਂ ਸਨ। ਬਿੱਟੂ ਵੀ ਗੁੱਸੇ ਨਾਲ ਲਾਲ ਪੀਲਾ ਹੋਇਆ ਬੈਠਾ ਸੀ। ਬਿੱਟੂ ਗੜ੍ਹਕਿਆ-"ਡੈਡ, ਮੈਂ ਮਨਪ੍ਰੀਤ ਨਾਲ ਹੀ ਵਿਆਹ ਕਰਵਾਵਾਂਗਾ। ਤੁਸੀਂ ਕਰ ਲਿਉ ਜੋ ਕਰਨਾ....।"

ਸ਼ਿੰਦੇ ਦੇ ਜਿਵੇਂ ਚੌਹਾਂ ਪਾਸਿਆਂ ਤੋਂ ਨੂੰਹੇ ਲੜ ਰਹੇ ਹੋਣ। ਉਸ ਨੂੰ ਲੱਗਿਆ ਉਹ ਭੂਰੀਆਂ ਕੀੜੀਆਂ ਦੇ ਭੌਣ 'ਤੇ ਬੈਠਾ ਹੋਵੇ। ਲਿਵਿੰਗ ਰੂਮ ਵਿਚ ਬੈਠਣਾ ਉਸਦੇ ਲਈ ਦੁੱਭਰ ਹੋ ਗਿਆ। ਬੈਡ ਰੂਮ ਵਿਚ ਜਾਣ ਦਾ ਉਸਦਾ ਹੀਆ ਨਾ ਪਿਆ। ਉਸਨੇ ਬੂਟ ਪਾਏ, ਕਾਰ ਸਟਾਰਟ ਕੀਤੀ 'ਤੇ ਸਿੱਧਾ ਕਿੰਮ ਦੇ ਅਪਾਰਟਮੈਂਟ ਵਿਚ ਪਹੁੰਚ ਗਿਆ।

ਸ਼ਿੰਦਾ ਖੁਲ੍ਹਮ ਖੁਲ੍ਹਾ ਕਿੰਮ ਦੇ ਨਾਲ ਰਹਿਣ ਲੱਗ ਪਿਆ। ਰਾਣੀ ਨੂੰ ਬੜਾ ਮਹਿਸੂਸ ਹੁੰਦਾ ਕਿ ਅੱਗੇ ਤਾਂ ਉਸਦਾ ਆਦਮੀ ਲੁਕ ਛਿਪ ਕੇ ਬਗਾਨੀ ਖੁਰਲੀ ਵਿਚ ਮੂੰਹ ਮਾਰਦਾ ਸੀ ਪਰ ਹੁਣ ਤਾਂ ਉਹ ਸ਼ਰੇਆਮ ਕੁੱਤਖਾਨੇ 'ਤੇ ਉਤਰ ਆਇਆ। ਪਰ ਉਹ ਕੀ ਕਰ ਸਕਦੀ ਸੀ। ਬਿੱਟੂ 'ਤੇ ਪ੍ਰੀਤੀ ਨੂੰ ਸਭ ਕੁਝ ਪਤਾ ਸੀ। ਦੋਵੇਂ ਬੱਚੇ ਮਾਂ ਨੂੰ ਹੌਸਲਾ ਦਿੰਦੇ। ਪਰ ਰਾਣੀ ਦਾ ਹੌਸਲਾ ਤਾਂ ਜਮਾਂ ਈ ਪਸਤ ਹੋ ਚੁੱਕਾ ਸੀ। ਉਸ ਤੋਂ ਲੋਕਾਂ ਦੀਆਂ ਬੋਲੀਆਂ ਨਾ ਸਹਾਰੀਆਂ ਜਾਂਦੀਆਂ ਜੋ ਗੋਲੀ ਵਾਂਗ ਉਸ ਦੀ ਛਾਤੀ ਵਿਨ੍ਹ ਜਾਂਦੀਆ। ਕਈ ਔਰਤਾਂ ਹਮਦਰਦੀ ਦੇ ਬਹਾਨੇ ਉਸਦੇ ਜ਼ਖਮਾਂ 'ਤੇ ਲੂਣ ਛਿੜਕ ਜਾਂਦੀਆਂ। ਮੂੰਹ 'ਤੇ ਹਮਦਰਦੀ ਅਤੇ ਪਿੱਠ ਪਿੱਛੇ ਜਮਾਂ ਈ ਭੰਡਣੋਂ ਨਾ ਹਟਦੀਆਂ। ਜਿਸ ਕਿਸੇ ਨੂੰ ਨਹੀ ਵੀ ਪਤਾ ਸੀ, ਮੁਫਤ ਦਾ ਅਖਬਾਰ ਬਣ ਕੇ ਉਸਦੇ ਘਰ ਪਹੁੰਚ ਜਾਂਦੀਆਂ। ਰਾਣੀ ਸ਼ਰਮ ਦੀ ਮਾਰੀ ਘਰੋਂ ਘੱਟ ਹੀ ਨਿਕਲਦੀ। ਕਈ ਵਾਰੀ ਤਾਂ ਆਪੇ ਸਵਾਲ ਕਰਕੇ ਆਪੇ ਹੀ ਜਵਾਬ ਦੇਈ ਜਾਂਦੀ। ਦਰਅਸਲ ਉਹ ਚਾਹੁੰਦੀ ਸੀ ਕਿ ਸ਼ਿੰਦੇ ਦੀ ਹਾਜ਼ਰੀ ਵਿਚ ਬੱਚਿਆਂ ਦੇ ਵਿਆਹ ਹੋ ਜਾਣ। ਉਸ ਤੋਂ ਪਿਛੋਂ ਭਾਵੇਂ....

ਬਿੱਟੂ ਕਾਫੀ ਸਮਝਦਾਰ ਸੀ। ਮਾਂ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਉਹ ਮਾਂ ਨੂੰ ਹੌਸਲਾ ਦੇਣ ਦੇ ਨਾਲ ਨਾਲ ਉਸ ਵਿਚ ਕੋਈ ਉਤਸ਼ਾਹ ਵੀ ਭਰਨਾ ਚਾਹੁੰਦਾ ਸੀ। ਇਕ ਦਿਨ ਮਾਂ ਨੂੰ ਉਦਾਸ ਬੈਠਾ ਦੇਖ ਕੇ, ਬਿੱਟੂ ਕਹਿਣ ਲੱਗਾ :

"ਮੌਮ! ਤੂੰ ਫਿਕਰ ਨਾ ਕਰਿਆ ਕਰ। ਇਸ ਵਿਚ ਤੇਰਾ ਕੀ ਫਾਲਟ ਆ। ਜਦੋਂ ਡੈਡ ਨੂੰ ਸਾਡੀ



ਕੋਈ ਪਰਵਾਹ ਨਹੀਂ, ਕੋਈ ਰਸਪੌਨਸੀਬੇਲਟੀ ਨਹੀਂ, ਫਿਰ ਅਸੀਂ ਉਹਨਾ ਬਾਰੇ ਕਿਉਂ ਵਰੀ ਕਰੀਏ।"

ਪਰ ਰਾਣੀ ਨੂੰ ਇਹਨਾਂ ਗੱਲਾਂ ਨਾਲ ਕੋਈ ਧਰਵਾਸ ਨਾ ਮਿਲਦਾ.........

ਅਖੀਰ ਬਿੱਟੂ ਨੇ ਮਨਪ੍ਰੀਤ ਨਾਲ ਵਿਆਹ ਕਰਵਾ ਲਿਆ। ਬੜੀ ਸਾਦਾ ਜਹੀ ਰਸਮ। ਮਨਪ੍ਰੀਤ ਘਰ ਵਿਚ ਆ ਗਈ। ਉਹ ਪ੍ਰੀਤੀ ਦੀ ਸਹੇਲੀ ਬਣ ਗਈ 'ਤੇ ਰਾਣੀ ਦੇ ਦਿਲ ਅੰਦਰ ਵੀ ਉਸਨੇ ਘਰ ਕਰ ਲਿਆ। ਉਹ ਵੀ ਰਾਣੀ ਨੂੰ ਇਹ ਕਹਿ ਕੇ ਹੌਸਲਾ ਦਿੰਦੀ :

"ਮਾਮ! ਤੁਸੀਂ ਫਿਕਰ ਨਾ ਕਰਿਆ ਕਰੋ। ਤੁਹਾਡੀ ਕੋਈ ਗਲਤੀ ਨਹੀਂ। ਅਸੀਂ ਸਾਰੇ ਬੱਚੇ ਤੁਹਾਡੇ ਨਾਲ ਹਾਂ। ਤੁਸੀਂ ਇਕੱਲੇ ਨਹੀਂ ਹੋ।"

ਰਾਣੀ ਅੰਦਰੋਂ ਅੰਦਰ ਝੂਰਦੀ ਰਹਿੰਦੀ। ਬਥੇਰਾ ਧਿਆਨ ਹੋਰ ਪਾਸੇ ਲਾਉਣ ਦੀ ਕੋਸ਼ਿਸ਼ ਕਰਦੀ, ਪਰ ਸ਼ਿੰਦਾ ਉਸਦੇ ਖਿਆਲਾਂ 'ਚ ਤੁਰਿਆ ਹੀ ਰਹਿੰਦਾ।

ਸ਼ਿੰਦੇ ਨੂੰ ਗੋਰੀ ਨਾਲ ਰਹਿੰਦਿਆਂ ਇਕ ਸਾਲ ਬੀਤ ਗਿਆ। ਸ਼ਰਾਬ, ਸਿਗਰਟਾਂ, ਨਸ਼ਾ-ਪੱਤਾ 'ਤੇ ਹੋਰ ਪੁੱਠੀਆਂ ਕਰਤੂਤਾਂ ਕਾਰਨ ਸਰੀਰ ਸੁਕ ਕੇ ਤੀਲਾ ਹੋ ਚੁੱਕਾ ਸੀ। ਹੁਣ ਉਸਦੇ ਕੋਲੋਂ ਏਨਾ ਕੰਮ ਵੀ ਨਾ ਹੁੰਦਾ। ਕੰਮ ਤੋਂ ਗੈਰਹਾਜ਼ਰ ਰਹਿਣ ਲੱਗਾ। ਸਿੱਟਾ ਇਹ ਨਿਕਲਿਆ ਕਿ ਬੇਕਰੀ ਦੀ ਨੌਕਰੀ ਤੋਂ ਉਸਦੀ ਛੁੱਟੀ ਹੋ ਗਈ। ਸਫਾਈ ਦੇ ਕੰਮ ਤੋਂ ਥੋੜੇ ਜਹੇ ਪੈਸੇ ਮਿਲਦੇ ਜਿਹੜੇ ਦਵਾਈਆਂ 'ਤੇ ਖਰਚ ਹੋ ਜਾਂਦੇ। ਕਿੰਮ ਨੂੰ ਤਾਂ ਕਮਾਊ 'ਤੇ ਹੱਟਾ ਕੱਟਾ ਯਾਰ ਚਾਹੀਦਾ ਸੀ। ਉਸਨੇ ਸ਼ਿੰਦੇ ਤੋਂ ਕਬੂਤਰ ਵਾਂਗ ਅੱਖਾਂ ਫੇਰ ਲਈਆਂ 'ਤੇ ਇਕ ਹੋਰ ਗੋਰਾ ਮੁੰਡਾ ਲੱਭ ਲਿਆ। ਇਕ ਦਿਨ ਜਦੋਂ ਸ਼ਿੰਦਾ ਸਫਾਈ ਤੋਂ ਵਾਪਸ ਆਇਆ ਤਾਂ ਕਿੰਮ ਨੇ ਦਰਵਾਜ਼ੇ ਦੇ ਅੰਦਰ ਦੀ ਕੁੰਡੀ ਲਾ ਦਿੱਤੀ। ਸ਼ਿੰਦੇ ਨੇ ਦੋ ਤਿੰਨ ਵਾਰੀ ਅਪਾਰਮਿੰਟ ਵੀ ਬੈਲ ਬਜਾਈ। ਕਿੰਮ ਨੇ ਗੁੱਸੇ ਨਾਲ ਦਰਵਾਜ਼ਾ ਖੋਲ੍ਹਿਆ 'ਤੇ ਕਿਹਾ :

"ਦਫਾ ਹੋ ਜਾ! ਜੇ ਦੁਬਾਰਾ ਏਥੇ ਆਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਦੇ ਹਵਾਲੇ ਕਰ ਦਊਂ......।"

ਸ਼ਿੰਦੇ ਦੀਆਂ ਹਵਾਈਆਂ ਉੱਡ ਗਈਆਂ। ਉਸਦੀ ਹਾਲਤ ਖੇਤ ਵਿਚ ਅਚਾਨਕ ਪਾਣੀ ਆਉਣ ਸਮੇਂ ਉਸ ਚੂਹੇ ਵਰਗੀ ਹੋ ਗਈ ਜਿਹੜਾ ਬੌਂਦਲ ਜਾਂਦਾ ਹੈ 'ਤੇ ਇਹ ਵੀ ਹੋਸ਼ ਨਹੀਂ ਰਹਿੰਦੀ ਕਿ ਕਿਸ ਦਿਸ਼ਾ ਵੱਲ ਨੂੰ ਦੌੜੇ। ਸ਼ਿੰਦੇ ਨੂੰ ਕੁਝ ਸਮਝ ਨਹੀਂ ਸੀ ਆ ਰਹੀ ਕਿ ਕੀ ਕਰੇ। ਕੁਝ ਪੈਸੇ ਪੱਖੋਂ ਕਮਜ਼ੋਰ 'ਤੇ ਕੁਝ ਬੀਮਾਰੀ ਦਾ ਝੰਬਿਆ। ਹਵਾ ਦੇ ਬੁੱਲੇ ਨਾਲ ਉਸਦਾ ਸਰੀਰ ਡੋਲ ਡੋਲ ਜਾਂਦਾ। ਉਸਨੂੰ ਆਪਣੇ ਕੀਤੇ 'ਤੇ ਪਛਤਾਵਾ ਹੋਣ ਲੱਗਾ। ਹੁਣ ਉਹ ਕਿਥੇ ਜਾਵੇ ? ਉਸਦੇ ਲਈ ਤਾਂ ਸਾਰੇ ਦਰਵਾਜ਼ੇ ਬੰਦ ਹੋ ਚੁੱਕੇ ਸਨ। ਖੁਦਕੁਸ਼ੀ ਦਾ ਖਿਆਲ ਵੀ ਉਸਦੇ ਦਿਮਾਗ 'ਚ ਆਇਆ, ਪਰ ਉਹ ਏਨੀ ਹਿੰਮਤ ਨਾ ਕਰ ਸਕਿਆ।

ਅਖੀਰ ਸ਼ਿੰਦੇ ਨੇ ਬਚੀ ਖੁਚੀ ਹਿੰਮਤ ਇਕੱਠੀ ਕੀਤੀ। ਸੋਚਿਆ ਕਿ ਰਾਤ ਕੱਟਣ ਲਈ ਕਿੰਮ ਦਾ ਤਰਲਾ ਕਰ ਲਵੇਗਾ। ਸਵੇਰੇ ਕੋਈ ਹੋਰ ਉਪਾ ਕਰੇਗਾ। ਇਹਨਾ ਖਿਆਲਾਂ 'ਚ ਡੁੱਬਿਆਂ ਉਸਨੇ ਕਿੰਮ ਦੇ ਅਪਾਰਮਿੰਟ ਦੀ ਦੁਬਾਰਾ ਬੈਲ ਕਰ ਦਿੱਤੀ......। ਕੁਝ ਸਕਿੰਟਾਂ ਪਿੱਛੋਂ ਕਿੰਮ ਨੇ ਦਰਵਾਜ਼ਾ ਖੋਲ੍ਹਿਆ। ਸ਼ਿੰਦਾ ਦੁਬਕਿਆ ਹੋਇਆ ਨੇੜੇ ਨੂੰ ਹੋ ਕੇ ਕਿੰਮ ਨੂੰ ਅਜੇ ਕੁਝ ਕਹਿਣ ਹੀ ਲੱਗਾ ਸੀ ਕਿ ਕਿੰਮ ਦੀ ਗੜ੍ਹਕਵੀਂ ਆਵਾਜ਼ ਨੇ ਉਸਦਾ ਸਾਹ ਹੀ ਸੂਤ ਲਿਆ। ਕਿੰਮ ਕਹਿ ਰਹੀ ਸੀ, "ਗੈਟ ਲੌਸਟ, ਯੂ ਬਾਸਟਰਡ....." 'ਤੇ ਠਾਹ ਕਰਦਾ ਦਰਵਾਜ਼ਾ ਉਸਦੇ ਮੂੰਹ 'ਤੇ ਲੱਗਿਆ........

*(6919 Temple Dr. N.E. Calgary A.B. Canada TIY 5B9)*

## 1. ਮਾਸਟਰ ਅਲਤਾਫ਼ ਹੁਸੈਨ

ਐਵੇਂ ਖਤ ਚਾ ਪੋਸਟ ਕੀਤਾ, ਖੁਦ ਗੱਲ ਕਰਦਾ ਬਿਹਤਰ ਸੀ।
ਆਪਣੀ ਪੀੜ ਦਾ ਹਰ ਢੰਡੋਰਾ, ਆਪਣੇ ਕੰਨਾਂ ਤੀਕਰ ਸੀ।

ਸੀਨੇ ਦੇ ਵਿਚ ਝੱਲਾ ਦਿਲ ਵੀ, ਭੂੰਡਾਂ ਦੀ ਇਕ ਖੱਖਰ ਸੀ,
ਵਾਹਜ਼ਾਂ ਦੇ ਇਸ ਸ਼ਹਿਰ ਦੇ ਅੰਦਰ, ਹਰ ਮੂੰਹ ਲਾਊਡ ਸਪੀਕਰ ਸੀ

ਜਿਸ ਵਿਚ ਪਾਗਲ ਬਣ ਕੇ ਨੱਚੀ, ਤੇਰੇ ਦਿਲ ਦਾ ਥੀਏਟਰ ਸੀ,
ਪਿਆਰ ਮੁਹੱਬਤ, ਕਸਮਾਂ, ਵਾਅਦੇ, ਸਭ ਦਾ ਰੇਟ ਮੁਕੱਰਰ ਸੀ।

ਇਕ ਅੱਖ ਦੇ ਵਿਚ ਖੌਫ ਇਲਾਹੀ, ਦੂਜੀ ਅੱਖ ਵਿਚ ਪੱਥਰ ਸੀ,
ਰੱਬ ਜਾਣੇ ਉਹ ਕਿਉਂ ਨਾ ਸੜਿਆ, ਸੇਕ ਤਾਂ ਐਥੋਂ ਤੀਕਰ ਸੀ।

ਤੇਰੀ ਜ਼ੁਲਫ ਦੀ ਤੱਤੀ ਛਾਵੇਂ, ਜੇ ਨਾ ਸੜਦਾ ਬਿਹਤਰ ਸੀ,
ਭੁਲ ਜਾ ਅੜੀਏ, ਸਭ ਕੁਝ ਭੁਲ ਜਾ ਹਰ ਗੱਲ ਓਦੋਂ ਤੀਕਰ ਸੀ।
*(ਪੰਚਮ, ਜੁਲਾਈ 2001, ਲਾਹੌਰ)*

## 2. ਸਰਮੱਦ

ਖੌਰੇ ਕਿਹਨੇ ਪਾ ਛੱਡੀਆਂ ਨੇ ਸ਼ੀਸ਼ੇ ਵਿਚ ਤਰੇੜਾਂ
ਫੁੱਲਾਂ ਵਾਂਗ ਉਗਾ ਛੱਡੀਆਂ ਨੇ ਸ਼ੀਸ਼ੇ ਵਿਚ ਤਰੇੜਾਂ

ਮੋਈਆਂ ਹੋਈਆਂ ਸੱਧਰਾਂ ਦ ਗਲ ਗਮ ਦਾ ਖੱਫਣ ਪਾ ਕੇ
ਵੇਖ ਲਵੋ ਦਫਨਾ ਛੱਡੀਆਂ ਨੇ ਸ਼ੀਸ਼ੇ ਵਿਚ ਤਰੇੜਾਂ

ਰਾਤੀਂ ਮਿਲਿਆ ਸੁਫਨੇ ਦੇ ਵਿਚ ਮੈਂ ਉਹਲਾ ਨਹੀਂ ਰੱਖਿਆ
ਸੀਨਾ ਚੀਰ ਵਿਖਾ ਛੱਡੀਆਂ ਨੇ ਸ਼ੀਸ਼ੇ ਵਿਚ ਤਰੇੜਾਂ

ਯਾਦਾਂ ਆਈਆਂ ਸਤ ਬਿਸਮਿਲਾ, ਦਿਲ ਦੇ ਪਲੰਘ ਬਿਠਾਈਆਂ
ਹੰਝੂਆਂ ਨਾਲ ਨਹਾ ਛੱਡੀਆਂ ਨੇ ਸ਼ੀਸ਼ੇ ਵਿਚ ਤਰੇੜਾਂ

ਨਾਜ਼ ਅਦਾਵਾਂ ਵਾਲਾ ਜੀਵੇਂ, ਮੈਂ ਉਹਨੂੰ ਕੀ ਆਖਾਂ
ਬੱਚਿਆਂ ਵਾਂਗਰ ਵਾਹ ਛੱਡੀਆਂ ਨੇ ਸ਼ੀਸ਼ੇ ਵਿਚ ਤਰੇੜਾਂ

'ਸਰਮੱਦ' ਵੱਲੋਂ ਜੋ ਵੀ ਆਈਆਂ, ਸਾਂਭ ਕੇ ਨਈਊ ਰੱਖੀਆਂ
ਹੱਥੀਂ ਮੈਂ ਵਰਤਾ ਛੱਡੀਆਂ ਨੇ ਸ਼ੀਸ਼ੇ ਵਿਚ ਤਰੇੜਾਂ

## 3. ਜ਼ਫ਼ਰ ਇਕਬਾਲ

ਛੱਤੀ ਥੰਬੀ ਟਾਹਲੀ ਹੇਠਾਂ ਪਈ ਸੀ ਰਾਤ ਹਨੇਰੀ।
ਆਸੇ ਪਾਸੇ ਬਲਦੀ ਬੁਝਦੀ, ਮੇਰੀ ਜ਼ਾਤ ਹਨੇਰੀ।

ਕਦੇ ਕਦਾਈਂ ਛਿੜਕਦਾ ਰਹਿਨਾ, ਇਸ ਤੇ ਧੂੜ ਦਾ ਚਾਨਣ
ਫੇਰ ਵੀ ਕੋਈ ਵੇਖ ਨਈਂ ਸਕਦਾ, ਮੇਰੀ ਬਾਤ ਹਨੇਰੀ



ਰਾਤ ਪਈ ਤੇ ਬੱਤੀਆਂ ਬੁਝੀਆਂ ਘਰਾਂ ਬਰੂਹਾਂ ਅੰਦਰ
ਕਿੰਨਾ ਚਿਰ ਹੀ ਵਰ੍ਹਦੀ ਰਹੀ ਸੀ, ਉਹ ਬਰਸਾਤ ਹਨੇਰੀ

ਕਿਉਂਕਰ ਇਕ ਹੋ ਸਕਦੀਆਂ ਨੇ ਅੰਦਰ ਬਾਹਰ ਦੀਆਂ ਲਾਟਾਂ
ਹਰ ਵੇਲੇ ਜੇ ਏਧਰ ਓਧਰ ਪਾਵਾਂ ਝਾਤ ਹਨੇਰੀ।

ਲਿਸ਼ਕ ਮਾਰ ਕੇ ਠਹਿਰ ਗਿਆ ਸੀ, ਬਿਜਲੀ ਦਾ ਲਿਸ਼ਕਾਰਾ
ਪੱਥਰਾਂ ਅੰਦਰ ਚਮਕ ਰਹੀ ਸੀ ਜਿਹੜੀ ਧਾਤ ਹਨੇਰੀ।

ਚਿੱਟੇ ਦਿਨ ਵਰਗੇ ਲੋਕਾਂ ਤੋਂ ਦੂਰ ਪਰੇ ਹੀ ਰਹਿਨਾ
ਮੈਨੂੰ ਭੁਲੀ ਅਜੇ ਤੀਕ ਨਾ ਉਹ ਔਕਾਤ ਹਨੇਰੀ।

ਲੁਕ ਛਿਪ ਦਾ ਈ ਕੰਮ ਏ ਸਾਰਾ, ਕੀ ਅੱਗੇ ਕੀ ਪਿਛੇ
ਮੇਰੇ ਵਾਰੇ ਵਿਚ ਏ ਮੇਰੀ ਜਾਤ ਸਫਾਤ ਹਨੇਰੀ

ਕਾਲਿਆਂ ਵਰਕਿਆਂ ਉੱਤੇ ਲਿਖਦਾ ਰਹਿਨਾ ਕਾਲੇ ਅੱਖਰ
ਕਿਥੋਂ ਤਾਈਂ ਲਿਜਾ ਸਕਦੀ ਸੀ, ਹੋਰ ਦਵਾਤ ਹਨੇਰੀ

ਰਾਤ ਬਰਾਤੇ ਖੜ ਖੜ ਕਰਦੇ ਰਹਿਣ ਲਹੂ ਦੇ ਪੱਤਰ
ਹੱਡਾਂ ਅੰਦਰ ਬਲ ਪਈ 'ਜ਼ਫ਼ਰਾਂ' ਕੀ ਹਾਲਾਤ ਹਨੇਰੀ
*—ਪੰਚਮ ਲਾਹੌਰ*

## 4. ਸਰਵਣ

ਚੁਕਦੇ ਨੇ ਸਿਰ ਤੇ ਵੇਖੇ ਜਾਂ ਪੈਰੀਂ ਰੋਲਦੇ ਨੇ,
ਲੋਕੀਂ ਤਾ ਪਿਆਰ ਨੂੰ ਵੀ ਪੈਸੇ ਥੀਂ ਭੋਲਦੇ ਨੇ।

ਕੌਮਾਂ ਤੇ ਮਜ਼ਹਬਾਂ ਵਿਚ ਜਾਤਾਂ ਦੀ ਕੈਦ ਅੰਦਰ,
ਨਾ ਦਿਲ ਦਾ ਪ੍ਰੇਮੀ ਮਿਲਦਾ ਆਸ਼ਕ ਜੋ ਟੋਲਦੇ ਨੇ।

ਬੁੱਤਾਂ ਨੂੰ ਤੋੜਦੇ ਹਨ ਪੱਥਰਾਂ ਨੂੰ ਪੂਜਦੇ ਨੇ,
ਘਰ ਵਿਚ ਗੁਆ ਕੇ ਰੱਬ ਨੂੰ, ਜੰਗਲ ਚੋਂ ਟੋਲਦੇ ਨੇ।

ਉਪਜੇ ਨੇ ਨੂਰ ਇਕ ਤੋਂ ਕੁਦਰਤ ਦੇ ਸਾਰੇ ਬੰਦੇ,
ਚੰਗੇ ਜਾਂ ਮੰਦੇ ਕੀਕਣ ਇਹਨਾਂ ਨੂੰ ਬੋਲਦੇ ਨੇ।

ਮੁੜਕੇ ਨਾ ਪਰਤਿਆ ਹੈ ਪੰਛੀ ਜੋ ਕੇਰਾਂ ਉਡਿਆ,
ਚੂੰ ਚੂੰ ਨੇ ਬੋਟ ਕਰਦੇ ਉਸਨੂੰ ਹੀ ਟੋਲਦੇ ਨੇ।

ਜੀਵਨ ਦੀ ਡਾਲ ਉੱਤੇ ਫੁੱਲਾਂ ਦੇ ਨਾਲ ਕੰਡੇ
ਵੇਖੇ ਮੈਂ ਰਾਖੀ ਕਰਦੇ ਜਾਂ ਜ਼ਖਮ ਫੋਲਦੇ ਨੇ।

ਭੌਰਾ ਵੀ ਸੱਚ ਨਾ ਮਿਲਿਆ ਸਿਆਸਤ ਦੀ ਖੇਡ ਅੰਦਰ
ਖੇਲਣ ਤਾਂ ਰੋਲੀ ਆਉਂਦੇ ਪਰ ਖੂਨ ਡੋਲ੍ਹਦੇ ਨੇ।

ਖਰਬੂਜ਼ੇ ਵਾਂਗ ਧਰਤੀ ਹੋਣੀ ਨਾ ਕਤਲੀ ਕਤਲੀ,
ਐਵੇਂ ਹੀ ਪਾ ਕੇ ਵੰਡੀਆਂ ਕਿਉਂ ਜ਼ਹਿਰ ਘੋਲਦੇ ਨੇ।

*ਭਖਦੇ ਮਸਲੇ*

# ਕੇਂਦਰੀ ਪੰਜਾਬੀ ਲੇਖਕ ਸਭਾ—ਪੇਸ਼ ਚੁਣੌਤੀਆਂ

*—ਡਾ. ਅਨੂਪ ਸਿੰਘ*

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਦੇ ਅਗਲੇਰੇ ਵਿਕਾਸ, ਰਾਖੀ ਤੇ ਮਜ਼ਬੂਤੀ ਲਈ ਸਥਾਪਿਤ ਕੀਤੀ ਗਈ ਸੀ। ਪੰਜਾਬੀ ਲੇਖਕਾਂ ਤੇ ਸਾਹਿਤਕਾਰਾਂ ਦੇ ਫੌਰੀ ਮਸਲਿਆਂ ਦਾ ਹੱਲ ਕਰਨਾ ਵੀ ਇਸ ਦੇ ਉਦੇਸ਼ਾਂ ਵਿਚ ਸ਼ਾਮਲ ਹੈ। ਇਸ ਵਿਚ ਹਰ ਤਰ੍ਹਾਂ ਦੀ ਵਿਚਾਰਧਾਰਾ ਨਾਲ ਪ੍ਰਤੀਬੱਧ ਲੇਖਕ ਸ਼ਾਮਲ ਹਨ। ਇਸ ਤਰ੍ਹਾਂ ਇਹ ਸਭਾ ਪੰਜਾਬੀ ਲੇਖਕਾਂ ਸਾਹਿਤਕਾਰਾਂ ਤੇ ਵਿਦਵਾਨਾਂ ਦੀ ਪ੍ਰਤੀਨਿਧ ਜਥੇਬੰਦੀ ਹੈ। ਗਿਆਨੀ ਹੀਰਾ ਸਿੰਘ ਦਰਦ, ਗੁਰਬਖਸ਼ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ, ਪ੍ਰਿੰ. ਪ੍ਰੀਤਮ ਸਿੰਘ, ਗੁਰਚਰਨ ਸਿੰਘ ਸਹਿੰਸਰਾ, ਮਹਿੰਦਰ ਸਿੰਘ ਰੰਧਾਵਾ ਸਾਧੂ ਸਿੰਘ ਹਮਦਰਦ, ਗੁਰਸ਼ਰਨ ਸਿੰਘ, ਸੰਤੋਖ ਸਿੰਘ ਧੀਰ, ਰਘਬੀਰ ਸਿੰਘ ਸਿਰਜਣਾ ਅਤੇ ਡਾ. ਰਵਿੰਦਰ ਰਵੀ ਵਰਗੀਆਂ ਨਾਮਵਰ ਸ਼ਖਸੀਅਤਾਂ ਇਸ ਦੀ ਆਗੂ ਟੀਮ ਵਿਚ ਰਹੀਆਂ ਹਨ। ਇਸ ਜਥੇਬੰਦੀ ਦਾ ਚੋਣ ਢੰਗ ਅਤੇ ਕਾਰਜ ਵਿਧੀ ਹਮੇਸ਼ਾਂ ਜਮਹੂਰੀ ਕਦਰਾਂ-ਕੀਮਤਾਂ ਦੇ ਅਨੁਰੂਪ ਰਹੀ ਹੈ। ਇਸ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਸੰਬੰਧਿਤ ਮੁੱਦਿਆਂ ਨੂੰ ਉਭਾਰਿਆ ਹੈ। ਭਾਵੇਂ ਇਹ ਸਭਾ ਵਿਧੀਵਤ ਰੂਪ ਵਿਚ ਪ੍ਰਗਤੀਸ਼ੀਲ ਜਾਂ ਜਨਵਾਦੀ ਲੇਖਕ ਸੰਘ ਨਾਲ ਇਲਹਾਕ ਬੱਧ ਨਹੀਂ ਰਹੀ, ਪਰ ਇਸ ਨੇ ਸਦਾ ਹੀ ਉਨ੍ਹਾਂ ਦੁਆਰਾ ਉਠਾਏ ਮੁੱਦਿਆਂ ਨੂੰ ਉਠਾਇਆ ਹੈ। ਇਸ ਦਾ ਜਨਤਕ ਪ੍ਰਤੀਰੋਧ ਉਸਾਰਨ ਅਤੇ ਪ੍ਰਾਪਤੀਆਂ ਦਾ ਗੌਰਵਮਈ ਇਤਿਹਾਸ ਹੈ। ਮਹਾਨ ਵਿਰਸੇ ਦੀ ਮਾਲਕ ਇਸ ਜਥੇਬੰਦੀ ਸਾਹਮਣੇ ਅੱਜ ਬਹੁਤ ਵੱਡੀਆਂ ਚੁਣੌਤੀਆਂ ਹਨ। ਜਦੋਂ ਅਸੀਂ ਸਮਕਾਲੀ ਨਿਘਾਰ ਗ੍ਰਸਤ ਰਾਜਨੀਤਕ-ਆਰਥਿਕ ਅਤੇ ਸਮਾਜ ਸਭਿਆਚਾਰਕ ਅਵਸਥਾ ਵੱਲ ਝਾਤ ਪਾਉਂਦੇ ਹਾਂ ਤਾਂ ਇਹ ਚੁਣੌਤੀਆਂ ਹੋਰ ਵੀ ਉਗਰ ਰੂਪ ਵਿਚ ਸਾਡੇ ਸਾਹਮਣੇ ਆਣ ਖਲੋਂਦੀਆਂ ਹਨ।

ਰਾਜਨੀਤੀ ਦੇ ਖੇਤਰ ਵਿਚ ਸਰਵਪੱਖੀ ਨਿਘਾਰ ਵੇਖਣ ਨੂੰ ਮਿਲ ਰਿਹਾ ਹੈ। ਹਾਕਮ ਜਮਾਤਾਂ ਦੀਆਂ ਪ੍ਰਤੀਨਿਧ ਰਾਜਨੀਤਿਕ ਪਾਰਟੀਆਂ ਸੱਤ੍ਹਾ ਹਥਿਆਉਣ ਅਤੇ ਇਸ 'ਤੇ ਕਬਜ਼ਾ ਜਮਾਈ ਰੱਖਣ ਲਈ ਹਰ ਪ੍ਰਕਾਰ ਦਾ ਕੁਕਰਮ ਕਰ ਰਹੀਆਂ ਹਨ। ਜਨਮਤ ਲੋਕਾਂ ਦੇ ਮਸਲੇ ਹੱਲ ਕਰਕੇ ਨਹੀਂ ਸਗੋਂ ਉਨ੍ਹਾਂ ਨੂੰ ਨਸ਼ਿਆਂ ਨਾਲ ਮਦਹੋਸ਼ ਕਰਕੇ ਪ੍ਰਾਪਤ ਕੀਤਾ ਜਾ ਰਿਹਾ ਹੈ। ਨੋਟਾਂ ਦੇ ਭਰੇ ਅਟੈਚੀ ਖੋਲ੍ਹ ਕੇ ਗਰੀਬ ਲੋਕਾਂ ਦੀਆਂ ਵੋਟਾਂ ਖਰੀਦੀਆਂ ਜਾ ਰਹੀਆਂ ਹਨ ਅਤੇ ਲੱਠਮਾਰ ਗੁੰਡੇ ਚੋਣ ਬੂਥਾਂ 'ਤੇ ਕਬਜ਼ਾ ਕਰਕੇ ਲੋਕਾਂ ਦੇ ਇਸ ਅਧਿਕਾਰ ਦੀ ਆਪ ਵਰਤੋਂ ਕਰ ਰਹੇ ਹਨ। ਸਾਡੇ ਰਾਜਸੀ ਆਗੂ ਪੈਸੇ, ਪਦਵੀ ਅਤੇ ਪ੍ਰਸਿੱਧੀ ਲਈ ਹਰ ਅਪਰਾਧ ਕਰਨ ਲਈ ਪੱਬਾਂ ਭਾਰ ਹਨ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਗਲ-ਵੱਢ ਬੇਰਹਿਮ ਮੁਕਾਬਲਾ ਚੱਲ ਰਿਹਾ ਹੈ। ਭ੍ਰਿਸ਼ਟਾਚਾਰ ਗਲ-ਗਲ ਤੱਕ ਆ ਗਿਆ ਹੈ। ਰਾਜਸੀ ਸੱਤ੍ਹਾ ਦੀ ਪੌੜੀ ਦੇ ਡੰਡੇ ਦੂਜਿਆਂ ਦੀਆਂ ਹਿੱਕਾਂ ਵੀ ਹੋ ਸਕਦੀਆਂ ਹਨ। ਨਿਜ ਹਿੱਤਾਂ ਦੀ ਰਾਖੀ ਤੇ ਬੜ੍ਹੋਤਰੀ ਲਈ ਜਨ-ਹਿੱਤਾਂ ਦੀ ਖੁਲ੍ਹੇਆਮ ਕੁਰਬਾਨੀ ਦਿੱਤੀ ਜਾ ਰਹੀ ਹੈ। ਸਰਵਪੱਖੀ ਨਿਘਾਰ ਦੀ ਇਸ ਅਵਸਥਾ ਵਿਚ ਪੰਜਾਬ ਅੰਦਰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਆਪਣੀ ਬਣਤਰ ਤੇ ਬੁਣਤੀ ਕਾਰਨ ਆਗੂ ਭੂਮਿਕਾ ਨਿਭਾਉਣ ਦੇ ਸਮਰੱਥ ਹੈ। ਕਿਉਂਕਿ ਇਹ ਪੜ੍ਹਿਆਂ-ਲਿਖਿਆਂ, ਕਲਮਕਾਰਾਂ ਅਤੇ ਵਿਦਵਾਨਾਂ ਦੀ ਪ੍ਰਤੀਨਿਧ ਜਥੇਬੰਦੀ ਹੈ। ਜਿਨ੍ਹਾਂ ਬਾਰੇ ਪੰਜਾਬੀ ਦੇ ਸਰਵ ਸ਼੍ਰੇਸ਼ਟ ਸ਼ਾਇਰ ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਕਿਹਾ ਸੀ—

ਪੜ੍ਹਿਆ ਮੂਰਖ ਆਖੀਐ ਜਿਸੁ ਲਬੁ ਲੋਭੁ ਅਹੰਕਾਰੁ

ਅਤੇ ਜਿਨ੍ਹਾਂ ਤੋਂ ਪੰਜਾਬੀ ਦੇ ਆਦਿ ਕਵੀ ਨੇ ਆਸ ਰੱਖੀ ਸੀ—

ਫਰੀਦਾ ਜੇ ਤੂ ਅਕਲਿ ਲਤੀਫ ਕਾਲੇ ਲਿਖ ਨ ਲੇਖ,<br>
ਆਪਨੜੇ ਗਿਰੀਵਾਨ ਮਹਿ ਸਿਰ ਨੀਵਾ ਕਰ ਦੇਖ॥



ਇਸ ਲਈ ਸਮਕਾਲੀ ਨਿਘਾਰ ਗ੍ਰਸਤ ਸਥਿਤੀ ਵਿਚ ਆਉ ਵੇਖੀਏ ਕਿ ਪੰਜਾਬੀ ਲੇਖਕਾਂ ਤੇ ਵਿਦਵਾਨਾਂ ਸਾਹਮਣੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਕਿਹੜੀਆਂ-ਕਿਹੜੀਆਂ ਪ੍ਰਮੁੱਖ ਚੁਣੌਤੀਆਂ ਦਰਪੇਸ਼ ਹਨ। ਇਹ ਵੀ ਵੇਖਣ ਦਾ ਯਤਨ ਕਰੀਏ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਕਿਹੜੇ-ਕਿਹੜੇ ਮਸਲੇ ਸੰਬੰਧਿਤ ਹਨ, ਜਿਨ੍ਹਾਂ ਨੂੰ ਪੰਜਾਬੀ ਲੇਖਕਾਂ ਤੇ ਉਨ੍ਹਾਂ ਦੀ ਪ੍ਰਤੀਨਿਧ ਜਥੇਬੰਦੀ ਨੇ ਸੰਬੋਧਨ ਹੋਣਾ ਹੈ।

ਕਹਿਣ ਨੂੰ ਤਾਂ ਪੰਜਾਬੀ, ਵਰਤਮਾਨ ਭਾਰਤੀ ਪੰਜਾਬ ਦੀ ਰਾਜ ਭਾਸ਼ਾ ਹੈ, ਪਰ ਇਸ ਦੀ ਵਾਸਤਵਿਕ ਸਥਿਤੀ ਅਤੇ ਇਸ ਰੁਤਬੇ ਤੋਂ ਕੋਹਾਂ ਦੂਰ ਹੈ। (ੳ) ਪੰਜਾਬ ਸਰਕਾਰ ਦੇ ਦਫਤਰਾਂ ਵਿਚ ਅਜੇ ਵੀ ਬਹੁਤਾ ਕੰਮ ਅੰਗਰੇਜ਼ੀ 'ਚ ਹੋ ਰਿਹਾ ਹੈ। (ਅ) ਕੇਂਦਰੀ ਸਰਕਾਰ ਦੇ ਦਫਤਰਾਂ, ਬੈਂਕਾਂ, ਬੀਮਾ ਨਿਗਮਾਂ, ਕੰਪਨੀਆਂ ਕਾਰਪੋਰੇਸ਼ਨਾ ਅਤੇ ਸਨਅਤੀ ਅਦਾਰਿਆਂ ਵਿਚ ਸਾਰਾ ਕੰਮ ਕਾਜ ਅੰਗਰੇਜ਼ੀ ਅਤੇ ਹਿੰਦੀ ਵਿਚ ਹੋ ਰਿਹਾ ਹੈ। ਪੰਜਾਬ ਸਥਿਤ ਇਨ੍ਹਾਂ ਦੇ ਦਫਤਰਾਂ ਵਿਚ ਪੰਜਾਬੀ ਤੀਜੀ ਭਾਸ਼ਾ ਵੀ ਨਹੀਂ ਹੈ। (ੲ) ਪੰਜਾਬ ਦੇ ਅੱਧ ਤੋਂ ਵੱਧ ਸਕੂਲਾਂ ਵਿਚ ਸਿਖਿਆ ਦਾ ਮਾਧਿਅਮ ਅੰਗਰੇਜ਼ੀ ਜਾਂ ਹਿੰਦੀ ਹੈ। ਪੰਜਾਬੀ ਇਨ੍ਹਾਂ ਸਕੂਲਾਂ ਵਿਚ ਤੀਜੀ ਭਾਸ਼ਾ ਵਜੋਂ ਪੜ੍ਹਾਈ ਜਾਂਦੀ ਹੈ। (ਸ) ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਮਾਧਿਅਮ ਦੀ ਪੂਰਨ ਖੁੱਲ੍ਹ ਹੈ। ਅੰਗਰੇਜ਼ੀ ਦੇ ਦਬ-ਦਬੇ ਕਾਰਨ ਇਨ੍ਹਾਂ ਅਦਾਰਿਆਂ ਵਿਚ ਇਸ ਦੀ ਹੀ ਝੰਡੀ ਹੈ। (ਹ) ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਗੁਲਾਮ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਦਾ ਫੈਸਲਾ ਲਾਗੂ ਕਰ ਦਿੱਤਾ ਹੈ, ਜਦੋਂ ਕਿ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੇ ਉਚਿਤ ਪ੍ਰਬੰਧ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। (ਕ) ਮੀਲ-ਪੱਥਰਾਂ, ਸੂਚਨਾਵਾਂ ਤੇ ਸੰਕੇਤ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਤੇ ਹਿੰਦੀ ਵਿਚ ਵੀ ਹਨ। (ਖ) ਰਾਜ ਭਾਸ਼ਾ ਕਾਨੂੰਨ ਵਿਚ ਸੋਧ ਕਰਕੇ ਇਸ ਵਿਚ ਸਜ਼ਾ ਦੀ ਧਾਰਾ ਸ਼ਾਮਲ ਨਹੀਂ ਕੀਤੀ ਜਾ ਰਹੀ, ਤਾਂ ਜੋ ਸਰਕਾਰੀ ਦਫਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਯਕੀਨੀ ਬਣਾਈ ਜਾ ਸਕੇ। (ਗ) ਭਾਸ਼ਾ ਵਿਭਾਗ ਪੰਜਾਬ, 'ਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਅਤੇ ਇਸ ਨੂੰ ਚੁਸਤ ਦਰੁਸਤ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ। (ਘ) ਦੂਰ ਸੰਚਾਰ ਦੇ ਪ੍ਰਸਾਰ ਸਾਧਨਾਂ ਤੋਂ ਪੰਜਾਬੀ ਬੋਲੀ ਨੂੰ ਢੁੱਕਵਾਂ ਸਥਾਨ ਨਹੀਂ ਮਿਲ ਰਿਹਾ, ਮਾਂ ਬੋਲੀ ਨਾਲ ਨਿਰੰਤਰ ਵਿਤਕਰਾ ਕੀਤਾ ਜਾ ਰਿਹਾ ਹੈ। ਇਨ੍ਹਾਂ ਪ੍ਰਭਾਵਸ਼ਾਲੀ ਮਾਧਿਅਮਾਂ ਤੋਂ ਪੰਜਾਬੀ ਭਾਸ਼ਾ ਨੂੰ ਵਿਗਾੜਕੇ ਪੇਸ਼ ਕੀਤਾ ਜਾ ਰਿਹਾ ਹੈ। (ਙ) ਪੰਜਾਬੀ ਬੋਲਦੀ ਵਸੋਂ ਵਾਲੇ ਖੇਤਰ ਅਤੇ ਪੰਜਾਬ ਦੇ ਪਿੰਡਾ ਨੂੰ ਉਜਾੜਕੇ ਉਸਾਰੀ ਰਾਜਧਾਨੀ-ਚੰਡੀਗੜ੍ਹ ਨੂੰ ਪੰਜਾਬ ਦੇ ਪੁਨਰਗਠਿਨ ਤੋਂ 35 ਸਾਲ ਬਾਅਦ ਵੀ ਪੰਜਾਬ ਵਿਚ ਸ਼ਾਮਲ ਨਹੀਂ ਕੀਤਾ ਜਾ ਰਿਹਾ। (ਚ) ਪੰਜਾਬੀ ਨੂੰ ਹਰਿਆਣਾ, ਜੰਮੂ, ਹਿਮਾਚਲ, ਦਿੱਲੀ ਅਤੇ ਗੰਗਾਨਗਰ (ਰਾਜਸਥਾਨ) ਵਿਚ ਸ਼ਬਦ ਤੇ ਸੰਕਲਪ ਦੇ ਸਹੀ ਅਰਥਾਂ ਵਿਚ ਦੂਜੀ ਭਾਸ਼ਾ ਦਾ ਦਰਜਾ ਨਹੀਂ ਦਿੱਤਾ ਜਾ ਰਿਹਾ। ਇਨ੍ਹਾਂ ਤੋਂ ਛੁੱਟ ਕੇ. ਪੰ. ਲੇ. ਸਭਾ (ਰਜਿ.) ਵਲੋਂ ਸਮੇਂ-ਸਮੇਂ ਉਠਾਈਆਂ ਜਾ ਰਹੀਆਂ ਹੋਰ ਮੰਗਾਂ ਵੱਲ ਸਰਕਾਰ ਦਾ ਵਤੀਰਾ ਬੇਰੁਖੀ ਤੇ ਨਾਂਹ ਮੁਖੀ ਹੈ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਉੱਤਰ-ਆਧੁਨਿਕਤਾਵਾਦ ਦੇ ਸਾਮਰਾਜਵਾਦੀ ਸਿਧਾਂਤਾਂ ਦੀ ਜੂਠ ਨੂੰ ਲਾਗੂ ਕਰਨ ਅਤੇ ਇਸ ਨੂੰ ਪਰਖ-ਪੜਚੋਲ ਦੀ ਕਸੌਟੀ ਵਜੋਂ ਲਾਗੂ ਕਰਨ ਦੇ ਯੋਜਨਾਬੱਧ ਯਤਨ ਹੋ ਰਹੇ ਹਨ। ਪ੍ਰਗਤੀਸ਼ੀਲ ਅਤੇ ਜਨਵਾਦੀ ਸਾਹਿਤਿਕ ਲਹਿਰ ਦੇ ਆਸ਼ਿਆਂ ਤੇ ਉਦੇਸ਼ਾਂ ਦੀ ਤਰਜ਼ਮਾਨੀ ਕਰਨ ਵਾਲੀ ਸਾਹਿਤ ਸਿਰਜਣਾ ਨੂੰ ਕੁਵੇਲੇ ਦੇ ਰਾਗ ਵਜੋਂ ਸਮਝਿਆ ਜਾਣ ਲੱਗਾ ਹੈ। ਬੜੀ ਹੈਰਾਨੀ ਹੁੰਦੀ ਹੈ ਕਿ ਜਦੋਂ ਲੋਟੂ ਹਾਕਮ ਜਮਾਤਾਂ ਦੀ ਲੁੱਟ ਕਾਇਮ ਹੈ, (ਲੁੱਟ ਦਾ ਸਰੂਪ ਤੇ ਪ੍ਰਕ੍ਰਿਤੀ ਲੁੱਕਵੀਂ, ਸੂਖਮ ਅਤੇ ਅਸਿੱਧੀ ਹੋ ਸਕਦੀ ਹੈ) ਅਤੇ ਜਦੋਂ ਲੁਟੇ ਜਾਣ ਵਾਲੇ ਵੀ ਕਰੋੜਾਂ 'ਚ ਸਗੋਂ ਅਰਬਾਂ 'ਚ ਹਨ, ਤਾਂ ਇਹ ਕੁਵੇਲੇ ਦਾ ਰਾਗ ਕਿਵੇਂ ਹੋਇਆ ? ਜਦੋਂ ਆਰਥਿਕ ਖੇਤਰ ਵਿਚ ਜ਼ਮੀਨ-ਅਸਮਾਨ ਦੇ ਪਾੜੇ ਕਾਇਮ ਹਨ, ਜਦੋਂ ਰਾਜਨੀਤੀ ਦਾ ਮੁਕੰਮਲ ਅਪਰਾਧੀਕਰਨ ਹੋ ਚੁੱਕਾ ਹੈ ਤਾਂ ਉੱਤਰ-ਆਧੁਨਿਕਤਾ ਦੀ ਚੀਖ-ਪੁਕਾਰ ਲੋਕ ਰੋਹ ਤੇ ਸਾਹਿਤ ਨੂੰ ਵਿਚਲਤ ਕਰਨ ਤੋਂ ਛੁੱਟ ਕੁਝ

ਨਹੀਂ ਸਵਾਰੇਗੀ। ਪ੍ਰਗਤੀਸ਼ੀਲ ਲੇਖਕ ਸੰਘ ਦੇ ਆਸ਼ੇ ਤੇ ਉਦੇਸ਼ ਅਪ੍ਰਸੰਗਿਕ ਕਿਵੇਂ ਹੋ ਗਏ ਹਨ ? 'ਵਿਚਾਰਧਾਰਾ ਅਤੇ ਸਿਧਾਂਤ' ਦਾ ਅੰਤ ਕਿਵੇਂ ਸਮਝਿਆ ਜਾਵੇ ? ਜੇਕਰ ਜਮਾਤੀ ਤਣਾਉ ਤੇ ਟਕਰਾਉ ਕਾਇਮ ਹਨ ਤਾਂ ਇਹ ਸਾਰਾ ਕੁਝ ਅਪ੍ਰਸੰਗਿਕ ਕਿਵੇਂ ਅਤੇ ਕਿਸ ਤਰ੍ਹਾਂ ?

ਸਾਮਰਾਜ, ਅਜਾਰੇਦਾਰ ਪੂੰਜੀਪਤੀਆਂ ਅਤੇ ਜਗੀਰਦਾਰਾਂ ਦੇ ਵਿਰੋਧ ਅਤੇ ਲੁਟੀਂਦੀ ਧਿਰ ਦੇ ਹੱਕ 'ਚ ਸਾਹਿਤਿਕ ਸਤਰ 'ਤੇ ਡਟਣ ਨੂੰ ਨਾਹਰੇਬਾਜੀ ਕਹਿ ਕੇ ਛੁਟਿਆਇਆ ਜਾਣ ਲੱਗਾ ਹੈ। ਸਾਮਰਾਜੀ ਦੇਸ਼ਾਂ ਨੇ ਆਪਣੀ ਲੁੱਟ ਸੂਖਮ ਪਰ ਤਿੱਖੀ ਕਰ ਦਿੱਤੀ ਹੈ। ਉਹ ਵਿਸ਼ਵ ਬੈਂਕ, ਅੰਤਰ-ਰਾਸ਼ਟਰੀ ਮੁਦਰਾ ਕੋਸ਼ ਅਤੇ ਵਿਸ਼ਵ ਵਪਾਰ ਸੰਗਠਨ ਦੀ ਤ੍ਰਿਕੜੀ ਰਾਹੀਂ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਖੇਤੀ ਤੇ ਲਘੂ ਸਨਅਤ ਨੂੰ ਤਬਾਹ ਕਰਨ ਲੱਗੇ ਹੋਏ ਹਨ।

ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਅਤੇ ਸਮਾਜਵਾਦੀ ਵਿਵਸਥਾ ਨੂੰ ਵੱਜੀਆਂ ਵੱਡੀਆਂ ਪਛਾੜਾਂ ਤੋਂ ਬਾਅਦ ਸੰਸਾਰ ਹਾਲ ਦੀ ਘੜੀ ਇਕ ਧੁਰੀ ਬਣ ਗਿਆ ਹੈ ਅਤੇ ਅਮਰੀਕਨ ਸਾਮਰਾਜ ਨੇ ਯੂ.ਐਨ.ਓ. ਨੂੰ ਅਗਵਾ ਕਰ ਲਿਆ ਹੈ। ਉਹ ਵਿਸ਼ਵ ਵਿਚ ਆਪਣੀ ਹੈਂਕੜ ਤੇ ਚੌਧਰ ਸਥਾਪਿਤ ਕਰਨ ਲਈ ਦਹਿਸ਼ਤਵਾਦੀ ਕਾਰਵਾਈਆਂ ਕਰਦਾ ਹੈ। 21ਵੀਂ ਸਦੀ ਦੇ ਆਰੰਭ 'ਚ ਹੀ ਅਸੀਂ ਵੇਖ ਰਹੇ ਹਾਂ ਕਿ ਉਹ ਵਿਸ਼ਵ ਅਮਨ ਤੇ ਸ਼ਾਂਤੀ ਨੂੰ ਅੱਗ ਲਾਉਣ ਲਈ ਕੋਈ ਵੀ ਮੌਕਾ ਨਹੀਂ ਖੁੰਝਾ ਰਿਹਾ। ਇਸ ਲਈ ਜੰਗਬਾਜ਼ ਤੇ ਵਿਸ਼ਵ ਧਾੜਵੀ ਅਮਰੀਕਾ ਵਿਰੁੱਧ ਸਾਡੇ ਕਲਮਕਾਰਾਂ ਨੂੰ ਕਲਮਾਂ ਚੁੱਕਣੀਆਂ ਚਾਹੀਦੀਆਂ ਹਨ।

ਪੰਜਾਬੀ ਸਾਹਿਤ ਵਿਚ ਇਕ ਹੋਰ ਚਿੰਤਾਜਨਕ ਪਹਿਲੂ ਉੱਭਰ ਰਿਹਾ ਹੈ। ਪੂਰੀ ਤਰ੍ਹਾਂ ਗਲੇ-ਸੜੇ ਸਾਮਰਾਜੀ ਸਭਿਆਚਾਰ ਨੂੰ ਮਾਡਲ ਬਣਾਕੇ ਅ-ਸਮਾਜਿਕ, ਅੱਸ਼ਲੀਲ ਤੇ ਨੰਗੇਜਵਾਦੀ ਮਰਨਾਊ ਵਿਵਹਾਰ ਨੂੰ ਉਭਾਰਿਆ ਜਾ ਰਿਹਾ ਹੈ। ਕੁੰਠਿਤ, ਅੰਤਰ-ਮੁੱਖ, ਪੂਰੀ ਤਰ੍ਹਾਂ ਪਰਿਵਰਤਿਤ ਤੇ ਭਾਂਜਵਾਦੀ ਮਾਨਸਿਕਤਾ ਦੇ ਚਿਤ੍ਰਣ ਨੂੰ ਸਮਕਾਲੀ ਯਥਾਰਥ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਸਾਹਿਤਕ ਕਿਰਤਾਂ ਵਿਚ ਹਰ ਪ੍ਰਕਾਰ ਦੇ ਨਾਰੀ ਸ਼ੋਸ਼ਣ ਦਾ ਵਿਰੋਧ ਕਰਨ ਵਾਲਿਆਂ ਨੂੰ ਪਰੰਪਰਾਵਾਦੀ ਕਹਿਕੇ ਭੰਡੇ ਜਾਣ ਦਾ ਰੁਝਾਨ ਜਾਰੀ ਹੈ। ਜਦੋਂ ਨਾਰੀ ਸ਼ੋਸ਼ਣ ਨਵੇਂ ਅਕਾਰ ਗ੍ਰਹਿਣ ਕਰ ਰਿਹਾ ਹੋਵੇ ਅਤੇ ਇਹ ਅਪਹੁੰਚ ਸਿਖਰਾਂ ਛੋਹ ਰਿਹਾ ਹੋਵੇ, ਉਸ ਵੇਲੇ ਨਾਰੀ ਬਰਾਬਰਤਾ ਤੇ ਸੁਤੰਤਰਤਾ ਦੀ ਸਾਹਿਤਿਕ ਸੁਰੱਖਿਆ ਨੀਰਸ ਦੁਹਰਾਉ ਕਿਵੇਂ ਹੋ ਜਾਂਦਾ ਹੈ ? ਜੇਕਰ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੋਵੇਗੀ, ਤਾਂ ਉਸ ਲਈ ਅਛੋਹ ਕਥਾਨਕਾਂ ਦੀ ਮੌਲਿਕ ਪੇਸ਼ਕਾਰੀ ਗੁਨਾਹ ਕਿਵੇਂ ਹੋਈ ?

ਦਿਨ-ਰਾਤ ਚੱਲ ਰਹੇ ਟੀ. ਵੀ. ਚੈਨਲ ਅਤੇ ਉਨ੍ਹਾਂ ਤੋਂ ਹੋ ਰਹੀ ਇਸ਼ਤਿਹਾਰਬਾਜੀ ਵਿਚ ਨਾਰੀ ਜਿਸਮ ਦਾ ਖੁੱਲ੍ਹਮ-ਖੁੱਲ੍ਹਾ ਪ੍ਰਦਰਸ਼ਨ ਨੌਜਵਾਨਾਂ ਨੂੰ ਪੱਥ-ਭ੍ਰਿਸ਼ਟ ਕਰਨ ਲਈ ਰਹਿੰਦੀ ਕਸਰ ਕੱਢ ਰਿਹਾ ਹੈ। ਲਿੰਗ ਪ੍ਰਦੂਸ਼ਣ ਵੱਡੇ ਪੱਧਰ 'ਤੇ ਫੈਲ ਰਿਹਾ ਹੈ ਅਤੇ ਨਜਾਇਜ਼, ਵਰਜਿਤ ਅਤੇ ਅ-ਸਮਾਜਿਕ ਲਿੰਗ ਸੰਬੰਧਾਂ ਦੀ ਖੁੱਲ੍ਹੇਆਮ ਵਕਾਲਤ ਕੀਤੀ ਜਾ ਰਹੀ ਹੈ। ਸਾਡੇ ਕੁਝ ਨੌਜਵਾਨ ਕਹਾਣੀਕਾਰ, ਕਵੀ ਅਤੇ ਕਲਾਕਾਰ ਫਰਾਇਡੀਅਨ ਸਿਧਾਂਤ ਦੀਆਂ ਬਾਰੀਕੀਆਂ ਦੀ ਖੋਜ ਕਰਦੇ ਹੋਏ ਨਾਰੀ ਦੇਹ ਦੀ ਪਰਿਕਰਮਾ ਕਰ ਰਹੇ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਨਾਰੀ ਦੇਹ ਦੀ ਜੁਮੈਟਰੀ ਅਤੇ ਨਾਰੀ ਦੇਹ ਦਾ ਨਾਦ ਸੁਣਨ ਤੋਂ ਛੁੱਟ ਹੋਰ ਕੁਝ ਨਜ਼ਰ ਨਹੀਂ ਆ ਰਿਹਾ।

ਜਾਤ-ਪਾਤੀ ਸ਼ੋਸ਼ਣ ਅਤੇ ਛੂਤ-ਛਾਤ ਦੀ ਅਮਾਨਵੀ ਲਾਹਨਤ ਵਿਰੁੱਧ ਲੜਨ ਦੀ ਥਾਂ ਦਲਿਤ ਚੇਤਨਾ ਬਾਰੇ ਵਿਕ੍ਰਿਤ ਸਮਝ ਪੇਸ਼ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਤੋਂ ਭਾਰਤੀ ਸਮਾਜ ਵਿਚ ਜਮਾਤੀ ਤੇ ਜਾਤ-ਪਾਤੀ ਵੰਡਾਂ ਮਜ਼ਬੂਤ ਕਰਿੰਗੜੀ ਵਿਚ ਹਨ। ਇਸ ਦੀ ਯਥਾਰਥਕਤਾ ਨੂੰ ਸਮਝੇ ਬਗੈਰ ਅਤੇ ਲੋਕ ਸਮੂਹਾਂ ਨੂੰ ਜਥੇਬੰਦ ਕਰਨ ਦੀ ਥਾਂ ਰਾਖਵੇਂਕਰਨ ਦੇ ਹੱਕ ਤੇ ਵਿਰੋਧ ਵਿਚ ਉਲਟਾ ਉਹਨਾਂ ਨੂੰ ਵੰਡਿਆ ਜਾ ਰਿਹਾ ਹੈ। ਦੋਵੀਂ ਪਾਸੀ ਮੱਧ-ਸ਼੍ਰੇਣਿਕ ਤੱਤ ਆਪਣੇ-ਆਪਣੇ ਹਿੱਤਾਂ ਦੀ ਰਾਖੀ ਤੇ ਮਜ਼ਬੂਤੀ ਚਾਹੁੰਦੇ ਹਨ। ਇਸ ਤਰ੍ਹਾਂ ਉੱਲੂ ਸਿੱਧਵਾਦੀ ਅਤੇ ਘੋਰ ਮੌਕਾਪ੍ਰਸਤੀ ਦਾ ਪ੍ਰਦਰਸ਼ਨ ਕਰਦਿਆਂ ਪੂਰੀ ਤਰ੍ਹਾਂ ਸ਼ੋਸ਼ਿਤ ਤੇ ਚੇਤਨਾ ਸੰਕਟ ਦੇ ਸ਼ਿਕਾਰ ਆਮ ਲੋਕਾਂ ਨੂੰ ਜਮਾਤੀ ਜਥੇਬੰਦੀਆਂ ਤੇ ਸੰਘਰਸ਼ਾਂ ਤੋਂ ਵਿਚਲਿਤ ਕਰਕੇ ਉਨ੍ਹਾਂ ਦੇ ਬੁਨਿਆਦੀ ਹਿੱਤਾਂ ਨਾਲ ਖਿਲਵਾੜ ਕੀਤਾ ਜਾਂਦਾ ਹੈ।



ਘੋਰ ਗੁਰਬਤ, ਅਨਪੜ੍ਹਤਾ-ਅਗਿਆਨਤਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਰਾਜਨੀਤੀ ਦੇ ਵਧ ਰਹੇ ਅਪਰਾਧੀਕਰਨ ਅਤੇ ਰਾਜਕੀ ਦਮਨ ਕਾਰਨ ਲੋਕਾਂ 'ਚ ਪਸਰੀ ਵਿਆਪਕ ਬੇਚੈਨੀ ਨੂੰ ਵਰਤ ਕੇ ਫਿਰਕੂ ਜਾਨੂੰਨੀ, ਹਨੇਰ ਬਿਰਤੀਵਾਦੀ ਅਤੇ ਬੁਨਿਆਦਪ੍ਰਸਤ ਸ਼ਕਤੀਆਂ ਸਾਮਰਾਜੀ ਸ਼ਹਿ ਤੇ ਮਦਦ ਨਾਲ ਲੋਕ ਰੋਹ ਨੂੰ ਧਰਮ ਦੀਆਂ ਸੌੜੀਆਂ ਵਲਗਣਾਂ 'ਚ ਵੰਡ ਦੇਣ ਲਈ ਆਪਣਾ ਸਾਰਾ ਤਾਣ ਲਾ ਰਹੀਆਂ ਹਨ। ਇਹ ਰੂੜ੍ਹੀਵਾਦੀ ਸ਼ਕਤੀਆਂ ਲੋਕਾਂ ਨੂੰ ਮੱਧ-ਯੁੱਗ ਵਿਚ ਲਿਜਾਣ ਲਈ ਯਤਨਸ਼ੀਲ ਹਨ। ਪੰਜਾਬੀ ਸਾਹਿਤ ਦੇ ਸਮਰੱਥਾਵਾਨ ਸਿਰਜਕਾਂ ਨੂੰ ਆਪਣੀ ਪੂਰੀ ਸਿਰਜਣ ਸ਼ਕਤੀ ਇਨ੍ਹਾਂ ਦੀਆਂ ਨਾਪਾਕ ਚਾਲਾਂ ਨੂੰ ਸਮਝਣ-ਸਮਝਾਉਣ ਲਈ ਲਾਉਣੀ ਚਾਹੀਦੀ ਹੈ।

ਪ੍ਰਮੁੱਖ ਸੜਕਾਂ ਕੰਢੇ ਉੱਗ ਰਹੇ ਪੂਜਾ ਸਥਾਨ ਅਤੇ ਪੰਜਾਬ 'ਚ ਪਨਪ ਰਹੇ ਡੇਰੇ, ਪਿੰਡ-ਪਿੰਡ ਪ੍ਰਫੁਲਤ ਹੋ ਰਹੇ "ਬਾਬੇ" "ਸੰਤ" ਤੇ "ਮਹਾਂਪੁਰਸ਼" ਅਤੇ ਹੋਰ ਅਜਿਹੇ ਪਾਖੰਡੀ ਪੰਜਾਬੀ ਲੋਕਾਂ ਨੂੰ ਜਿਕੇ ਗੁੰਮਰਾਹ ਕਰ ਰਹੇ ਹਨ, ਉਹਨਾਂ ਦਾ ਧਿਆਨ ਸਮਕਾਲ ਦੀਆਂ ਸਮੱਸਿਆਵਾਂ ਤੋਂ ਹਟਾਕੇ ਅਗਲਾ ਜਨਮ ਸੁਆਰਨ ਦਾ ਕੂੜ ਪ੍ਰਚਾਰ ਕਰ ਰਹੇ ਹਨ। ਲੋਕਾਂ ਨੂੰ ਗੁੰਮਰਾਹ ਕਰਕੇ, ਉਨ੍ਹਾਂ ਦੀ ਹੀ ਸ਼ਕਤੀ ਵਰਤ ਕੇ ਸਿਆਸੀ ਪੁਸ਼ਤ ਪਨਾਹੀ ਹਾਸਲ ਕਰਦੇ ਹਨ।

ਸਭਿਆਚਾਰਕ ਖੇਤਰ ਵਿਚ ਵੀ ਵੱਡੇ ਵਿਗਾੜ ਪੈਦਾ ਕੀਤੇ ਜਾ ਰਹੇ ਹਨ। ਸਾਮਰਾਜੀ ਖਪਤ ਅਤੇ ਉਪਭੋਗਤਾਵਾਦੀ ਮੁੱਲ-ਵਿਧਾਨ ਸਾਡੇ ਸਭਿਆਚਾਰ ਦੇ ਜੀਵੰਤ ਤੱਤਾਂ ਨੂੰ ਨਸ਼ਟ ਕਰ ਰਿਹਾ ਹੈ। ਵਿਖਾਵਾ, ਪਾਖੰਡ ਤੇ ਦੰਭ ਨਵੀਆਂ ਸਿਖਰਾਂ ਛੂਹ ਰਿਹਾ ਹੈ। ਵਿਦੇਸ਼ੀ ਭਾਸ਼ਾ ਤੇ ਸਭਿਆਚਾਰ ਨੂੰ ਨਿਤ ਦਿਨ ਦੇ ਕਾਰ ਵਿਹਾਰ ਵਿਚ ਅਪਨਾਉਣਾ ਹੁਣ ਮਾਣ-ਇੱਜ਼ਤ ਤੇ ਪ੍ਰਤਿਸ਼ਠਾ ਦੀ ਨਿਸ਼ਾਨੀ ਸਮਝੀ ਜਾ ਰਹੀ ਹੈ।

ਸਮੁੱਚੇ ਟੀ. ਵੀ. ਪ੍ਰੋਗਰਾਮਾਂ ਅਤੇ ਖ਼ਬਰਾਂ ਦੇ ਪ੍ਰਸਾਰਨ ਦੌਰਾਨ ਇਸ਼ਤਿਹਾਰਬਾਜੀ ਨਿਰੰਤਰ ਜਾਰੀ ਰਹਿੰਦੀ ਹੈ। ਇਸ਼ਤਿਹਾਰਬਾਜੀ ਉਪਭੋਗਤਾ ਤੇ ਖਪਤ ਨੂੰ ਵਧਾਉਂਦੀ ਹੋਈ ਦੁਬਿਧਾ-ਦੋਚਿਤੀ 'ਚ ਵੀ ਵਾਧਾ ਕਰਦੀ ਹੈ। ਹਰ ਕੰਪਨੀ ਅਤੇ ਹਰ ਪ੍ਰਕਾਰ ਦੇ ਟੁੱਥ ਬਰੱਸ਼ ਦੀ ਮਸ਼ਹੂਰੀ ਹੋ ਰਹੀ ਹੈ। ਦਰਸ਼ਕ ਕਿਹੜਾ ਖਰੀਦੇਗਾ ? ਇਸ਼ਤਿਹਾਰਬਾਜੀ ਦਾ ਰੁਝਾਨ ਏਨਾ ਪ੍ਰਬਲ ਹੋ ਗਿਆ ਹੈ ਕਿ ਹੁਣ ਤਾਂ ਕੁਝ ਮੁੰਡੇ-ਕੁੜੀਆਂ ਟੀ. ਵੀ. ਵਿਚ ਵਿਖਾਏ ਜਾਣ ਮਾਂ-ਬਾਪ ਦੀ ਇੱਛਾ ਰੱਖਣਗੇ। ਆਗਾਮੀ ਸਮੇਂ ਵਿਚ ਜਨਮ ਦੇਣ ਵਾਲੇ ਅਤੇ ਪਾਲਣ-ਪੋਸ਼ਣ ਵਾਲੇ ਮਾਂ-ਬਾਪ ਉਨ੍ਹਾਂ ਨੂੰ ਚੰਗੇ ਨਹੀਂ ਲੱਗਣਗੇ। ਕ੍ਰਿਕਟ ਦੇ ਨਿਰੰਤਰ ਚੱਲ ਰਹੇ ਮੁਕਾਬਲੇ (ਸਮੇਤ ਰਲ ਕੇ ਖੇਡਣ ਦੀਆਂ ਭ੍ਰਿਸ਼ਟ ਕਾਰਵਾਈਆਂ ਦੇ) ਅਤੇ ਉਹਨਾਂ ਦਾ ਵੱਖ-ਵੱਖ ਟੀ. ਵੀ. ਚੈਨਲਾਂ ਤੋਂ ਹੋ ਰਿਹਾ ਇਨ੍ਹਾਂ ਦਾ ਸਿੱਧਾ ਪ੍ਰਸਾਰਨ ਸਾਡੀ ਨੌਜਵਾਨ ਪੀੜ੍ਹੀ ਲਈ ਇਕ ਹੋਰ ਅਫ਼ੀਮ ਸਿੱਧ ਹੋ ਰਿਹਾ ਹੈ। ਕ੍ਰਿਕਟ, ਅੰਗਰੇਜ਼ੀ ਸਕੂਲ ਅਤੇ ਨਸ਼ੇ ਸਾਡੀ ਰਸੋਈ 'ਚ ਘੁਸ ਗਏ ਹਨ। ਟੀ. ਵੀ. ਪ੍ਰੋਗਰਾਮ ਦੇਖਣ ਦੀ ਇੱਲਤ ਨੌਜਵਾਨਾਂ ਲਈ ਟੀ. ਬੀ. ਸਿੱਧ ਹੋ ਰਹੀ ਹੈ। ਯਥਾਰਥ ਤੋਂ ਪੂਰੀ ਤਰ੍ਹਾਂ ਟੁੱਟੇ ਹੋਏ ਪ੍ਰੋਗਰਾਮ, ਮੱਧ-ਯੁੱਗ ਤੋਂ ਪ੍ਰਚਲਿਤ ਮਿੱਥ ਕਥਾਵਾਂ 'ਤੇ ਆਧਾਰਿਤ ਟੀ. ਵੀ. ਸੀਰੀਅਲ, ਨੰਗੇਜ ਤੇ ਅਸ਼ਲੀਲ ਦ੍ਰਿਸ਼ਾਂ ਨਾਲ ਭਰਪੂਰ ਫਾਰਮੂਲਾ ਫਿਲਮਾਂ, ਗਲੇ ਸੜੇ ਸਾਮਰਾਜੀ ਕਲਚਰ ਨੂੰ ਦਰਸਾਉਂਦੀਆਂ ਬਲਿਊ ਫਿਲਮਾਂ ਸਾਡੇ ਵਿਰਸੇ ਤੇ ਸਭਿਆਚਾਰ ਨਾਲੋਂ ਟੁੱਟੇ ਹੋਏ ਹੋਰ ਪ੍ਰੋਗਰਾਮ, ਹਾਸਾ ਉਪਜਾਉਣ ਲਈ ਘਟੀਆਂ ਸਕਿੱਟਾਂ ਅਤੇ ਦੋ-ਅਰਥਕ ਸੰਵਾਦ ਸਾਡੇ ਨੌਜਵਾਨਾ ਦਾ ਧਿਆਨ ਦਰਪੇਸ਼ ਸਮੱਸਿਆਵਾਂ ਤੋਂ ਪਰੇ ਲੈ ਜਾਂਦੇ ਹਨ। ਨੌਜਵਾਨ ਸਿਰਫ ਸ਼ੈਤਾਨ ਬਕਸੇ ਦੇ ਸਾਹਮਣੇ ਬੈਠਦਾ ਹੈ ਅਤੇ ਰਿਮੋਟ ਕੰਟਰੋਲ ਰਾਹੀਂ ਚੈਨਲ ਬਦਲਦਾ ਰਹਿੰਦਾ ਹੈ। ਇਸ ਨਾਲ ਜਿਥੇ ਉਹ ਆਪਣੀ ਭਾਸ਼ਾ ਤੇ ਸਭਿਆਚਾਰ ਤੋਂ ਦੂਰ ਹੋਈ ਜਾਂਦਾ ਹੈ, ਜਿਥੇ ਉਹ ਆਪਣੀਆਂ ਫੌਰੀ ਲੋੜਾਂ ਤੇ ਸਮੱਸਿਆਵਾਂ ਨੂੰ ਪਿੱਠ ਦੇਈ ਰੱਖਦਾ ਹੈ, ਉਥੇ ਉਹ ਇਸ ਵਰਤਾਰੇ ਨਾਲ ਲਾਜ਼ਮੀ ਰੂਪ ਵਿਚ ਸਰੀਰਕ ਸਿਥਲਤਾ ਦਾ ਸ਼ਿਕਾਰ ਵੀ ਹੋਈ ਜਾਂਦਾ ਹੈ।

ਬਦਕਿਸਮਤੀ ਨੂੰ ਉੱਤਰ ਆਧੁਨਿਕਤਾਵਾਦੀ ਅਤੇ ਕੁਝ ਹੋਰ "ਸਾਹਿਤਵਾਦੀ" ਨਾ ਸਮਝ

ਅ[illegible]ਣ ਵਾਲੀਆਂ, ਜਟਿਲ ਬਣਤਰ ਤੇ ਬੁਣਤੀ ਵਾਲੀਆਂ ਰਚਨਾਵਾਂ, ਅਮੂਰਤ ਤੇ ਨਿੱਜਗਤ ਪ੍ਰਤੀਕਾਵਲੀ ਤੇ ਬਿੰਬਾਵਲੀ ਨਾਲ ਭਰਪੂਰ ਕਿਰਤਾਂ, ਉਦੇਸ਼ ਰਹਿਤ, ਅਸਪਸ਼ਟ ਅਤੇ ਧੁੰਦ ਖਿਲਾਰਨ ਵਾਲੀਆਂ ਰਚਨਾਵਾਂ ਨੂੰ ਉਤਕ੍ਰਿਸ਼ਟ ਸਾਹਿਤ ਵਜੋਂ ਪ੍ਰਚਾਰ ਰਹੇ ਹਨ। ਉਹ ਆਮ ਪਾਠਕ ਦੇ ਮਾਨਸਿਕ ਤੇ ਸੁਹਜਾਤਮਕ ਪੱਧਰ ਦਾ ਖਿਆਲ ਰੱਖਣ ਦੀ ਥਾਂ ਉਸ ਨੂੰ ਉਚਿਆਉਣ ਦੀਆਂ ਬੇਥਵੀਆਂ ਮਾਰਦੇ ਹਨ। ਆਮ ਪਾਠਕਾਂ ਨੂੰ ਸਮਝ ਆ ਜਾਣ ਵਾਲੀਆਂ, ਸਰਲ, ਸਾਦ-ਮੁਰਾਦੀਆਂ ਤੇ ਸਪਸ਼ਟ ਸਾਹਿਤਕ ਕਿਰਤਾਂ 'ਤੇ ਪੇਤਲੇਪਨ ਅਤੇ ਸਤਹੀ ਹੋਣ ਦੇ ਇਲਜ਼ਾਮ ਥੋਪੇ ਜਾਂਦੇ ਹਨ. ਅਸਲ ਵਿਚ ਉਹ ਚਾਹੁੰਦੇ ਹੀ ਨਹੀਂ ਹਨ ਕਿ ਸਾਹਿਤ ਆਮ ਲੋਕਾਂ ਦੀ ਸਮਝ 'ਚ ਆ ਜਾਵੇ। ਇਸ ਤਰ੍ਹਾਂ ਉਹ ਸਾਹਿਤ ਦੀ ਸਮਾਜਿਕ ਸਾਰਥਿਕਤਾ ਤੋਂ ਮੂੰਹ ਮੋੜਦੇ ਹਨ। ਉਨ੍ਹਾਂ ਦੇ ਇਸ ਕੁਕਰਮ ਤੋਂ ਲੋਕਾਂ ਨੂੰ ਸੁਚੇਤ ਕਰਨਾ ਸਾਡੇ ਕਲਮਕਾਰਾਂ ਦਾ ਫ਼ਰਜ਼ ਬਣਦਾ ਹੈ।

ਭਾਵੇਂ ਸਾਡੇ ਸਾਹਿਤਕਾਰਾਂ ਤੇ ਕਲਮਕਾਰਾਂ ਦੀ ਵੱਡੀ ਬਹੁਗਿਣਤੀ ਉਪਰੋਕਤ ਚੁਣੌਤੀਆਂ ਬਾਰੇ ਜਾਗਰੂਪ ਹੈ, ਐਪਰ ਬਦਕਿਸਮਤੀ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਇਨ੍ਹਾਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਕੋਈ ਜਥੇਬੰਦਕ ਯਤਨ ਨਹੀਂ ਕਰ ਸਕੀ। ਪਿਛਲੀਆਂ ਕੁਝ ਟਰਮਾਂ ਤੋਂ ਇਸ ਸਭਾ 'ਤੇ ਐਸੀ ਲੀਡਰਸ਼ਿਪ ਭਾਰੂ ਰਹੀ ਹੈ ਜੋ ਜਨਤਕ ਤੇ ਜਥੇਬੰਦਕ ਯਤਨਾਂ ਦਾ ਵਿਰੋਧ ਕਰਦੀ ਹੋਈ ਹਾਕਮਾਂ ਦੀ ਖੁਸ਼ਨੂਦੀ ਹਾਸਲ ਕਰਨ ਵੱਲ ਰੁਚਿਤ ਰਹੀ ਹੈ। ਘੋਰ ਮੌਕਾਪ੍ਰਸਤੀ ਦਾ ਪ੍ਰਦਰਸ਼ਨ ਕਰਦਿਆਂ ਅਤੇ ਮੇਲ-ਮਿਲਾਪ ਦੀ ਮਰਨਾਊ ਪਹੁੰਚ ਨਾਲ ਉਹ ਲੇਖਕ ਭਵਨ ਲਈ ਪਲਾਟ ਅਤੇ ਬਜ਼ੁਰਗ ਲੇਖਕਾਂ ਲਈ ਵਧੀ ਹੋਈ ਪੈਨਸ਼ਨ ਦੀ ਭੀਖ ਮੰਗਦੇ ਹਨ। ਕੀ ਪੰਜਾਬੀ ਏਨੇ ਹੀ ਗਏ ਗੁਜ਼ਰੇ ਹਨ ਕਿ ਉਹ ਆਪਣੇ ਬਜ਼ੁਰਗ ਲੇਖਕਾਂ ਦਾ ਖਿਆਲ ਨਹੀਂ ਰੱਖ ਸਕਦੇ ? ਅਸੀਂ ਲੇਖਕ ਭਵਨ ਲਈ ਪਲਾਟ ਜਾਂ ਗਰਾਂਟ ਦੇ ਵਿਰੋਧੀ ਨਹੀਂ ਪਰ ਇਹ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਖਿਲਵਾੜ ਬਰਦਾਸ਼ਤ ਕਰਕੇ ਨਹੀਂ। ਜੇਕਰ ਸਾਡੇ ਹਾਕਮਾਂ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣੀ ਹੈ, ਸਿੱਖਿਆ ਦੇ ਮਾਧਿਅਮ ਦੀ ਮੁਕੰਮਲ ਛੋਟ ਦੇਣੀ ਹੈ, ਰਾਜ ਭਾਸ਼ਾ ਕਾਨੂੰਨ ਵਿਚ ਸਜ਼ਾ ਦੀ ਧਾਰਾ ਸ਼ਾਮਲ ਨਹੀਂ ਕਰਨੀ ਤਾਂ ਅਸੀਂ ਲੇਖਕ ਭਵਨ ਉਸਾਰ ਕੇ ਕੀ ਕਰਾਂਗੇ ? ਪਹਿਲੀ ਤੋਂ ਅੰਗਰੇਜ਼ੀ ਲਾਜ਼ਮੀ ਪੜ੍ਹਾਉਣ ਦਾ ਵਿਰੋਧ ਜਿਨ੍ਹਾਂ ਦੋ ਪੰਜਾਬੀ ਸਪੂਤਾਂ ਪਦਮ ਸ੍ਰੀ ਗੁਰਦਿਆਲ ਸਿੰਘ ਅਤੇ ਪ੍ਰੋ. ਪ੍ਰੀਤਮ ਸਿੰਘ ਨੇ ਕੀਤਾ ਹੈ, ਓਨਾ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨਹੀਂ ਕਰ ਸਕੀ। ਕਾਬਜ਼ ਰਹੀ ਇਹ ਧਿਰ ਸਿਰਮੌਰ ਜਥੇਬੰਦੀ ਨੂੰ ਨਿਰਜਿੰਦ ਜਿਹੀ ਅਕਾਦਮਿਕ ਸੰਸਥਾ ਬਣਾਉਣ ਵਿਚ ਰੁਚਿਤ ਰਹੀ ਹੈ। ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗ, ਸਥਾਨਕ ਸਾਹਿਤ ਸਭਾਵਾਂ ਅਤੇ ਹੋਰ ਸਭਿਆਚਾਰਕ ਜਥੇਬੰਦੀਆਂ ਸੈਮੀਨਾਰ, ਗੋਸ਼ਟੀਆਂ ਅਤੇ ਸੰਵਾਦ ਆਦਿ ਰਚਾ ਰਹੀਆਂ ਹਨ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਆ ਰਹੇ ਵਿਗਾੜਾਂ 'ਤੇ ਧਿਆਨ ਕੇਂਦਰਿਤ ਕਰੇ ਅਤੇ ਅਗਾਂਵਧੂ, ਮਾਨਵਵਾਦੀ, ਜਮਹੂਰੀ ਅਤੇ ਧਰਮ ਨਿਰਪੱਖ ਪਹੁੰਚ ਦ੍ਰਿਸ਼ਟੀ ਨੂੰ ਸੁਆਰਨ-ਨਿਖਾਰਨ ਵਿਚ ਹਿੱਸਾ ਪਾਵੇ ਤੇ ਇਸ ਦਾ ਮੁੱਖ ਕਾਰਜ ਪੰਜਾਬ ਲੇਖਕਾਂ, ਸਾਹਿਤਕਾਰਾਂ ਅਤੇ ਪ੍ਰੇਮੀਆਂ ਨੂੰ ਜਥੇਬੰਦ ਕਰਕੇ ਜਨਤਕ ਲਹਿਰ ਉਸਾਰਨ ਵੱਲ ਸੇਧਿਤ ਹੋਵੇ। ਅੱਜ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਜੋ ਚੁਣੌਤੀਆਂ ਦਰਪੇਸ਼ ਹਨ, ਉਨ੍ਹਾਂ ਦਾ ਟਾਕਰਾ ਜਨਤਕ ਤੇ ਜਥੇਬੰਦਕ ਪੱਧਰ 'ਤੇ ਕਰਨਾ ਬਣਦਾ ਹੈ। ਇਸ ਲਈ ਅਦਾਰਾ ਚਿਰਾਗ਼ ਸਮੂਹ ਪੰਜਾਬੀ ਲੇਖਕਾਂ ਤੇ ਸਾਹਿਤਕਾਰਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹੈ ਕਿ ਉਹ 9 ਦਸੰਬਰ 2001 ਨੂੰ ਹੋਣ ਜਾ ਰਹੀ ਚੋਣ ਵਿਚ ਅਜਿਹੀ ਲੀਡਰਸ਼ਿਪ ਅੱਗੇ ਲਿਆਉਣ ਜਿਹੜੀ ਉਪਰੋਕਤ ਚੁਣੌਤੀਆਂ ਨੂੰ ਪ੍ਰਵਾਨ ਕਰੇ ਅਤੇ ਇਨ੍ਹਾਂ ਨੂੰ ਜਥੇਬੰਦਕ ਪੱਧਰ 'ਤੇ ਨਜਿੱਠਣ ਦਾ ਯਤਨ ਕਰੇ। ਅਸੀਂ ਪੰਜਾਬੀ ਲੇਖਕਾਂ ਨੂੰ ਅਪੀਲ ਕਰਦੇ ਹਾਂ ਕਿ ਮੌਕਾਪ੍ਰਸਤ, ਭ੍ਰਿਸ਼ਟ ਅਤੇ ਮੇਲ-ਮਿਲਾਪ ਦੀ ਨੀਤੀ 'ਤੇ ਚੱਲਣ ਵਾਲੇ ਸਰਕਾਰ ਪ੍ਰਸਤਾਂ ਨੂੰ ਇਸ ਜਥੇਬੰਦੀ ਦੀ ਲੀਡਰਸ਼ਿਪ ਹਥਿਆਉਣ ਤੋਂ ਰੋਕਣ ਲਈ ਆਪਣੇ ਮੱਤ ਦੀ ਵਰਤੋਂ ਕਰਨ।





## 1. ਰੰਗ ਬਦਲਦੀ ਕਾਇਨਾਤ / ਮਹਿਮਾ ਸਿੰਘ ਤੂਰ

ਇਹ ਉੱਡਦੇ ਸੁੱਕੇ ਪੱਤਰ
ਫਿਰ ਮੀਂਹ ਦੇ ਛਰਾਟੇ....ਠੰਢੀ ਹਵਾ....
ਅਤੇ ਸੀਤ ਰਾਤ ਦਾ ਪਹਿਰਾ
ਫਿਰ ਅਗਲੀ ਸਵੇਰ
ਮੀਂਹ ਧੋਤੀ ਕਾਇਨਾਤ ਦਿਸੇ ਜਿਉਂ ਸਾਗੀ....

ਕੰਧ ਉਪਰ ਚਮਕਦੇ ਜਾਮਨੀ ਸਪੀਕਰ-ਫੁੱਲ
ਨਿਖਰਿਆ ਹੋਇਆ ਦਿਨ
ਕੁਝ ਕੁਝ ਸਲ੍ਹਾਬੀ ਹਵਾ....
ਉੱਡਦੀਆਂ ਤਿੱਤਲੀਆਂ, ਚੂਕਦੀਆਂ ਚਿੜੀਆਂ....

ਕੀ ਉਦੋਂ ਵਣ ਸਾਡੇ ਅੰਦਰ ਕਿਤੇ
ਇੰਜ ਹੀ ਨਹੀਂ ਹੁੰਦਾ ਹਰ ਵਾਰੀ
ਜਦੋਂ ਮੌਸਮ ਬਦਲਦਾ ਸਾਡੇ ਤਨਾਂ ਅਤੇ ਮਨਾਂ ਦਾ....

ਬੜੀ ਤਿੱਖੀ ਧੁੱਪ ਅਤੇ ਗਹਿਰੀ ਚੁੱਪ
ਹੁੰਮਸ ਭਰਿਆ ਚੌਗਿਰਦਾ
ਸੱਦਾ ਦਿੰਦਾ ਹੈ ਤੇਜ਼ ਹਵਾਵਾਂ ਨੂੰ
ਬੱਦਲਾਂ ਨੂੰ....ਰਿਮਝਿਮ ਨੂੰ....

ਇੰਜ ਹੀ ਕਦੇ ਗੜੇ ਵੀ ਬਣਦੇ ਅਤੇ ਵਰ੍ਹਦੇ
ਸਾਡੇ ਤਨਾਂ ਅਤੇ ਮਨਾਂ ਵਿਚ ਵੀ....

ਇੰਜ ਹੀ ਰੰਗ ਬਦਲਦੀ ਰਹਿੰਦੀ ਹੈ ਕਾਇਨਾਤ
ਕਾਇਨਾਤ ਵਿਚ ਰਸੀ ਹੋਈ ਸਮੁੱਚੀ ਜ਼ਿੰਦਗੀ....
ਉਦੋਂ ਤੋਂ ਹੀ ਇਥੇ ਕਿਤੇ ਮੌਜੂਦ ਹਾਂ ਅਸੀਂ ਵੀ
ਜਦੋਂ ਸ਼ੁਰੂਆਤ ਹੋਈ ਸੀ ਜ਼ਿੰਦਗੀ ਦੀ....।

## 2. ਫਰਜ਼ ਤੋਂ ਪਹਿਲਾ

ਇਨ੍ਹਾਂ ਰੁੱਖਾਂ ਨਾਲ ਮੇਰਾ
ਬੜਾ ਹੀ ਗਹਿਰਾ ਯਰਾਨਾ ਹੈ
ਇਨ੍ਹਾਂ ਨੂੰ ਟਹਿਕਦੇ ਵੇਖਦੇ ਮੈਂ ਖੁਸ਼ ਹੁੰਦਾ ਹਾਂ

ਮੁਰਝਾਉਂਦੇ ਵੇਖ ਕੇ ਮੈਂ ਰੋ ਪੈਂਦਾ ਹਾਂ.....
ਇਨ੍ਹਾਂ ਵੱਡੇ ਛੋਟੇ ਰੁੱਖਾਂ ਨੇ ਮੈਨੂੰ
ਰੰਗਲੇ ਸੁਪਨਿਆਂ ਦੀ ਜਾਗ ਲਾਈ ਹੈ
ਰੁੱਖ ਨੇ ਮੈਨੂੰ ਦੱਸਿਆ ਹੈ—
ਖਾਮੋਸ਼ੀ ਨਾਲ ਕਿਵੇਂ ਹਰ ਦਰਦ ਨੂੰ ਸਹਿਣਾ
ਰੁੱਖਾਂ ਨੇ ਕਿਹਾ, ਬਰਖ਼ੁਰਦਾਰ—
ਕਦੇ ਵੀ ਆਸ ਦੀ ਕੰਨੀ ਨਾ ਛੱਡੀਂ
ਇਹ ਦੁੱਖ ਸੁੱਖ ਸਭ ਰੁੱਤਾਂ ਦਾ ਗੇੜ ਹੈ....

ਵੇਖ...ਸਾਡੇ 'ਚੋਂ ਰੁੰਡ ਮਰੁੰਡ ਹੋਇਆਂ ਉੱਤੇ ਵੀ
ਬਹੁਤੀ ਵੇਰ ਹਰਿਆਲੀ ਪਰਤ ਆਉਂਦੀ ਹੈ
ਰੰਗਲੇ ਫੁੱਲ ਖਿੜਦੇ ਨੇ ਫਿਰ ਤੋਂ
ਫਿਰ ਮਹਿਕ ਉਠਦੀ ਹੈ ਫਿਜ਼ਾ.....

ਨਵੇਂ ਪੱਤਿਆਂ ਨੇ ਤਾਂ ਆਉਣਾ ਹੀ ਤਦ ਹੁੰਦਾ ਹੈ
ਜਦ ਪੁਰਾਣੇ ਨੇ ਝੜਨਾ ਹੁੰਦਾ ਹੈ.....

ਪੁਰਾਣਿਆਂ ਦਾ ਝੜਨਾ ਵੀ ਹੁਸੀਨ ਹੋ ਸਕਦਾ ਹੈ
ਤੁਸੀਂ ਵੇਖਿਆਂ ਨਹੀਂ ਕਈ ਵੇਰੀ
ਸੁਨਹਿਰੀ ਪੱਤਿਆਂ ਦਾ ਝੜਨਾ
ਜਿਵੇਂ ਸੋਨੇ ਦੀਆਂ ਮੋਹਰਾਂ ਦੀ ਵਰਖਾ ਹੁੰਦੀ ਹੈ....

ਰੁੱਖ ਕਹਿੰਦੇ, ਬਰਖ਼ੁਰਦਾਰ...
ਤੇਰੇ ਪੱਕ ਰਹੇ ਵਾਲ...ਚਿਹਰੇ ਦੀ ਤਾਂਬਈ ਰੰਗਤ
ਤੈਨੂੰ ਵੀ ਹੁਸੀਨ ਕਰ ਰਹੀ ਹੈ ਸੁਨਹਿਰੀ ਪੱਤੇ ਵਾਂਗ
ਬਸ ਝੜਨ ਵੇਲੇ ਤੂੰ ਵੀ
ਕਿਸੇ ਹੁਸੀਨ ਅਦਾ ਨਾਲ ਝੜੀਂ...

ਅਸੀਂ ਨਵੀਆਂ ਕੋਂਪਲਾਂ ਲਈ ਖਾਦ ਵੀ ਬਣਨਾ ਹੈ
ਫਿਲਹਾਲ ਝੜਨ ਤੋਂ ਪਹਿਲਾਂ
ਗਾਈ ਚਲ ਪੌਣਾਂ ਦੇ ਗਲ ਲਗ ਕੇ ਗੀਤ ਸਾਡੇ ਵਾਂਗੂ...!

*V.P.O. ਹਲਵਾਰਾ ਲੁਧਿਆਣਾ*

☆ ☆ ☆ ☆



*ਲੋਕ ਵਿਰਸਾ*

## ਪੰਜਾਬੀ ਸਭਿਆਚਾਰ ਵਿਚ 'ਗੋਪੀਚੰਦ' ਦੀ ਅਹਿਮੀਅਤ

*—ਡਾ. ਕਰਮ ਜੀਤ ਸਿੰਘ*

ਅੰਗ੍ਰੇਜ਼ੀ ਵਿਦਵਾਨਾਂ ਵਿਚੋਂ ਆਰ. ਸੀ. ਟੈਂਪਲ ਦਾ ਨਾਂ ਪੰਜਾਬੀ ਲੋਕਯਾਨ ਦੇ ਇਕੱਤਰੀਕਰਣ ਵਿਚ ਸਭ ਤੋਂ ਉਪਰ ਹੈ। ਉਸ ਨੇ ਸੌ ਤੋਂ ਵੱਧ ਦੰਤ ਕਥਾਵਾਂ ਦਾ ਸੰਗ੍ਰਹਿ ਕੀਤਾ ਪਰ ਸਾਡੇ ਤਕ ਸਤਵੰਜਾ ਦੰਤ ਕਥਾਵਾਂ ਹੀ ਪਹੁੰਚੀਆਂ ਹਨ। ਇਨ੍ਹਾਂ ਦੰਤ ਕਥਾਵਾਂ ਦਾ ਘੇਰਾ ਇਨਾ ਵਿਸ਼ਾਲ ਹੈ ਕਿ ਅਸੀਂ ਅਜੇ ਤੱਕ ਰਾਜਾ ਰਸਾਲੂ ਅਤੇ ਮਿਰਜ਼ਾ ਸਾਹਿਬਾਂ ਨੂੰ ਛੱਡ ਕੇ ਕਿਸੇ ਹੋਰ ਦੰਤ-ਕਥਾ ਉਪਰ ਗੰਭੀਰ ਚਰਚਾ ਨਹੀਂ ਕੀਤੀ। ਇਹ ਠੀਕ ਹੈ ਕਿ ਆਰ. ਸੀ. ਟੈਂਪੱਲ ਦਾ ਸਾਰਾ ਖੋਜ-ਕਾਰਜ ਅੰਗ੍ਰੇਜ਼ੀ ਸਾਮਰਾਜ ਦੀ ਸਥਾਪਤੀ ਲਈ ਸਮਰਪਿਤ ਸੀ ਪਰ ਇਸਦਾ ਇਹ ਅਰਥ ਵੀ ਨਹੀਂ ਕਿ ਅਸੀਂ ਇਨ੍ਹਾਂ ਦੰਤ ਕਥਾਵਾਂ ਉਪਰ ਆਪਣੇ ਦ੍ਰਿਸ਼ਟੀ ਕੋਣ ਤੋਂ ਚਰਚਾ ਨਹੀਂ ਕਰ ਸਕਦੇ। "ਦਾ ਲੀਜੈਂਡਜ਼ ਆਫ ਪੰਜਾਬ" ਵਿਚ ਰਾਜਾ ਰਸਾਲੂ, ਮਿਰਜ਼ਾ ਸਾਹਿਬਾਂ, ਰਾਜਾ ਨਲ, ਰਾਜਾ ਢੋਲ, ਪੂਰਨ ਭਗਤ, ਸੱਸੀ ਪੁੰਨੂੰ, ਰਾਜਾ ਧ੍ਰੂ, ਰਾਣੀ ਕੋਕਲਾਂ, ਗੁੱਗਾ ਆਦਿ ਅਜਿਹੀਆਂ ਦੰਤ ਕਥਾਵਾਂ ਹਨ ਜਿਨ੍ਹਾਂ ਵੱਲ ਸਾਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ, ਜੋ ਅਜੇ ਤੱਕ ਅਸੀਂ ਨਹੀਂ ਦਿੱਤਾ। ਇੱਥੇ ਅਸੀਂ ਗੋਪੀ ਚੰਦ ਦੇ 'ਸਾਂਗ' ਉਪਰ ਧਿਆਨ ਕੇਂਦ੍ਰਿਤ ਕਰ ਰਹੇ ਹਾਂ।

ਹਰਿਆਣੇ ਵਿਚ ਸਾਂਗ ਨੂੰ ਸਾਂਗੀਤ ਕਿਹਾ ਗਿਆ ਹੈ ਜੋ ਇਸ ਦੇ ਸੰਗੀਤ ਨਾਟਕ ਹੋਣ ਕਰਕੇ ਬੜਾ ਢੁਕਵਾਂ ਨਾਂ ਹੈ। ਇਸੇ ਅਨੁਸਾਰ ਇਸ ਦੀ ਪਰਿਭਾਸ਼ਾ ਕੀਤੀ ਗਈ ਹੈ। "ਸਾਂਗੀਤ, ਸਾਂਗ ਜਾਂ ਸਵਾਂਗ ਹਰਿਆਣੇ ਦਾ ਕੌਮੀ ਨਾਟ ਕਿਹਾ ਜਾ ਸਕਦਾ ਹੈ। ਇਹ ਮਨੋਰੰਜਨਕਾਰੀ ਵਿਧਾ ਹਰਿਆਣਾ ਦੇ ਲੋਕ ਮਾਨਸ ਉਪਰ ਜਾਦੂ ਦਾ ਪ੍ਰਭਾਵ ਪਾਉਂਦੀ ਹੈ। ਇਸਦੇ ਮੰਚ ਦੇ ਚਾਰੇ ਪਾਸੇ ਬੈਠੇ ਦਰਸ਼ਕ ਰਾਗਣੀ ਦੀਆਂ ਸਵਰ-ਲਹਿਰੀਆਂ ਵਿਚ ਮੁਗਧ ਅਤੇ ਸਾਜ਼ਾਂ ਨਾਲ ਗਾਈ ਜਾਂਦੀ ਕਥਾ ਨੂੰ ਦੇਖ-ਸੁਣ ਕੇ ਮੰਤਰ ਮੁਗਧ ਹੋ ਜਾਂਦੇ ਹਨ। ਤਖ਼ਤ-ਤੋੜ ਨਾਚ, ਗਲਵਕੜੀਆਂ ਅਤੇ ਘੁੰਡ ਦੇ ਫਟਕਾਰੇ ਜਨਤਾ ਦੀ ਬੇਹੱਦ ਵਾਹ ਵਾਹੀ ਲੁੱਟਦੇ ਹਨ। ਪੰਜ ਛੇ ਘੰਟੇ ਤੱਕ ਲਗਾਤਾਰ ਮੰਚਿਤ ਹੋਣ ਵਾਲੇ ਇਸ ਪ੍ਰਦਰਸ਼ਨ ਵਿਚ ਮਰਦ ਹੀ ਨਾਇਕ ਤੇ ਨਾਇਕਾ ਦੀ ਲਿੰਗ ਅਨੁਸਾਰ ਪਹਿਰਾਵੇ ਵਿਚ ਭੂਮਿਕਾ ਨਿਭਾਉਂਦੇ ਹਨ" ਸ਼ੰਕਰ ਲਾਲ ਯਾਦਵ ਅਨੁਸਾਰ, "ਹਰਿਆਣੇ ਦੇ ਲੋਕ-ਮਨ ਦਾ ਹੁਲਾਸ ਪਹਿਰਾਵੇ ਸਾਂਗ ਰਾਂਹੀ ਫੁੱਟ ਨਿਕਲਦਾ ਹੈ। ਲੰਬਾ ਕਥਾ-ਗੀਤ ਇਸ ਸਾਂਗ ਦਾ ਪ੍ਰਾਣ ਹੈ ਅਤੇ ਇਹ ਇਕ ਨਾਟਕੀ ਰੂਪ ਲੈ ਕੇ ਚਲਦਾ ਹੈ। ਅਸਲ ਵਿਚ ਸਾਂਗ ਹਰਿਆਣੇ ਦਾ ਕੌਮੀ ਨਾਟਕ ਹੈ ਜਿਸ ਵਿਚ ਪ੍ਰੇਮ ਅਤੇ ਜੋਬਨ ਅੱਖ ਮਿਚੋਲ਼ੀ ਖੇਲਦੇ ਨਜ਼ਰ ਆਉਂਦੇ ਹਨ। ਬੋਲ ਅਤੇ ਰਾਗਣੀ ਦਾ ਇਕ ਇਕ ਸ਼ਬਦ ਸ਼ਿੰਗਾਰ ਅਤੇ ਬੀਰ ਰਸ ਦੇ ਤਾਣੇ ਬਾਣੇ ਨਾਲ਼ ਬੁਣਿਆ ਹੁੰਦਾ ਹੈ"।

ਪਹਿਲੇ ਪੜਾਅ ਤੇ ਸਾਂਗ ਤੁਰਦੀਆਂ ਫਿਰਦੀਆਂ ਮੰਡਲੀਆਂ ਦੇ ਰੂਪ ਵਿਚ ਪ੍ਰਚਲਿਤ ਰਿਹਾ ਹੈ। ਗੋਪੀ ਚੰਦ ਦੇ ਜਿਸ ਸਾਂਗ ਦਾ ਆਰ. ਸੀ. ਟੈਂਪਲ ਨੇ ਸੰਗ੍ਰਹਿ ਕੀਤਾ ਹੈ, ਉਹ ਦੂਜੇ ਪੜਾਅ ਦੀ ਰਚਨਾ ਹੈ। ਇਸ ਦਾ ਰਚਨਾਕਾਰ ਕਵੀ ਬੰਸੀ ਲਾਲ ਹੈ। ਗੋਪੀ ਚੰਦ ਦੇ ਸਾਰੇ ਸਾਂਗ ਵਿਚ ਕੇਵਲ ਇਕ ਹੀ ਰਾਗਣੀ ਹੈ ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਦੂਜੇ ਪੜਾਅ ਤੇ ਅਜੇ ਬ੍ਰਿਤਾਂਤ ਨੂੰ ਪਹਿਲ ਦਿੱਤੀ ਗਈ ਹੈ, ਜਦ ਕਿ ਤੀਜੇ ਪੜਾਅ ਤੇ ਬ੍ਰਿਤਾਂਤ ਕੇਵਲ ਨਾਂ ਮਾਤਰ ਹੀ ਰਹਿ ਜਾਂਦਾ ਹੈ ਅਤੇ ਰਾਗਣੀ ਪ੍ਰਧਾਨ ਹੋ ਜਾਂਦੀ ਹੈ। ਹਰਿਆਣੇ ਦੇ ਸ਼ੈਕਸਪੀਅਰ ਕਹੇ ਜਾਂਦੇ ਲਖਮੀ ਚੰਦ ਇਸੇ ਤੀਜੇ ਪੜਾਅ ਦੀ ਪੈਦਾਵਾਰ ਹੈ। ਹੈਰਾਨੀ ਦੀ ਗੱਲ ਹੈ ਕਿ ਹਰਿਆਣੇ ਦੇ ਲੋਕ ਸਾਹਿਤ ਉਪਰ ਕੰਮ ਕਰਨ ਵਾਲੇ ਇਕ ਅੱਧ ਵਿਦਵਾਨ ਨੂੰ ਛੱਡ ਕੇ ਕਿਸੇ ਨੇ ਵੀ ਸਾਂਗੀ ਬੰਸੀ ਲਾਲ ਦਾ ਜ਼ਿਕਰ ਨਹੀਂ ਕੀਤਾ। ਜੇ ਕਿਸੇ ਨੇ ਜ਼ਿਕਰ ਕੀਤਾ ਵੀ ਹੈ ਤਾਂ ਉਸਨੇ ਆਰ. ਸੀ. ਟੈਂਪਲ ਵਲੋਂ ਇਕੱਠੇ ਕੀਤੇ ਗਏ ਤਿੰਨ ਸਾਂਗਾਂ- ਰਾਜਾ ਨਲ, ਗੁੱਗਾ

ਅਤੇ ਗੋਪੀ ਚੰਦ-ਦਾ ਨਾਂ ਹੀ ਲਿਆ ਹੈ। ਇਹ ਸਾਂਗ ਬਿਲਕੁਲ ਵੱਖ ਵੱਖਰੇ ਹਨ ਇਸ ਲਈ ਅਸੀਂ ਗੋਪੀ ਚੰਦ ਉਪਰ ਹੀ ਆਪਣਾ ਧਿਆਨ ਕੇਂਦ੍ਰਿਤ ਕੀਤਾ ਹੈ।

ਰਾਜਾ ਗੋਪੀ ਚੰਦ ਦਾ ਸੰਬੰਧ ਜੋਗ ਮੱਤ ਨਾਲ ਹੈ। ਜੋਗੀਆਂ ਦਾ ਪੰਜਾਬ ਵਿਚ ਬੋਲਬਾਲਾ ਉਦੋਂ ਰਹਿੰਦਾ ਹੈ ਜਦੋਂ ਇਸ ਉਪਰ ਮੁਸਲਮਾਨਾਂ ਦੇ ਹਮਲੇ ਹੋਣੇ ਆਰੰਭ ਹੋ ਚੁੱਕੇ ਸਨ। ਬੁੱਧ ਧਰਮ ਦੀ ਸ਼ਾਖਾ ਵੱਜਰਯਾਨ ਤੋਂ ਹੀ ਜੋਗ ਮੱਤ ਦਾ ਉਦੈ ਮੰਨਿਆ ਜਾਂਦਾ ਹੈ। ਵਿਦਵਾਨ ਇਹ ਵੀ ਦੱਸਦੇ ਹਨ ਕਿ ਜੋਗ ਮੱਤ ਉਪਰ ਸ਼ੈਵ, ਵੈਸ਼ਨੋ ਅਤੇ ਜੈਨ ਮੱਤ ਦਾ ਪ੍ਰਭਾਵ ਵੀ ਪਿਆ। ਵਣਜਾਰਾ ਬੇਦੀ ਇਕ ਥਾਂ ਲਿਖਦਾ ਹੈ ਕਿ, "ਪੰਜਾਬ ਦੇ ਲੋਕ ਜੀਵਨ, ਸੰਸਕ੍ਰਿਤੀ ਅਤੇ ਧਰਮ ਇਤਿਹਾਸ ਵਿਚ ਕੰਨ-ਪਾਟੇ ਜੋਗੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ, ਜਿਸਦਾ ਪ੍ਰਮਾਣ ਲੋਕਾਂ ਦੇ ਦਿਲਾਂ ਸੋਚਾਂ ਅਤੇ ਧਾਰਣਾਵਾਂ ਉਤੇ ਜੋਗ [illegible] ਮਜ਼ਬੂਤ ਪਕੜ ਤੇ ਇੱਥੋਂ ਦੀ ਲੋਕਧਾਰਾ ਦੇ ਬਹੁਵਿਧ ਰੂਪਾਂ ਉਤੇ ਉਸ ਦੀਆਂ ਰੂੜ੍ਹੀਆਂ ਦੀ [illegible]ਗੀ ਛਾਪ ਹੈ.......ਜੋਗੀਆਂ ਨੇ ਜਾਤ ਪਾਤ ਦਾ ਖੰਡਨ ਕਰਕੇ ਸੰਪਰਦਾਇਕ ਸੰਕੀਰਣਤਾ ਅਤੇ ਬਾਹਰੀ ਵਿਖਾਵੇ ਵਿਰੁੱਧ ਨਫਰਤ ਉਪਜਾਈ ਅਤੇ ਆਮ ਚਿੰਤਨ ਅਤੇ ਉਚਿਤ ਆਹਾਰ ਵਿਹਾਰ ਵਿਚ ਲੋਕਾਂ ਦਾ ਵਿਸ਼ਵਾਸ ਪੈਦਾ ਕੀਤਾ" ਪਰ ਅਜਿਹਾ ਕਰਦੇ ਹੋਏ ਜੋਗੀ ਅਤਿ ਨੂੰ ਵੀ ਪਹੁੰਚ ਜਾਂਦੇ ਹਨ। ਇਨ੍ਹਾਂ ਵਿਚ ਮੈਨਾਵੰਤੀ ਵਰਗੀਆਂ ਸਾਧਵੀਆਂ ਵੀ ਹਨ ਪਰ ਗੋਰਖਨਾਥ ਵਰਗੇ ਜੋਗੀ ਔਰਤ ਨੂੰ ਬਾਘਣ ਤੱਕ ਕਹਿੰਦੇ ਹਨ ਜੋ ਉਸ ਅਨੁਸਾਰ ਬਿੰਦ, ਕਾਇਆ ਤੇ ਜਿੰਦ ਵੀ ਲੈ ਲੈਂਦੀ ਹੈ। ਸੰਸਾਰ ਦੇ ਤਿਆਗ ਦੀ ਬਿਰਤੀ ਨੂੰ ਵੀ ਜੋਗੀ ਅਤਿ ਦੀ ਹੱਦ ਤੱਕ ਲੈ ਗਏ। ਨੌਂਵੀਂ ਸਦੀ ਤੋਂ ਲੈ ਕੇ ਬਾਰ੍ਹਵੀਂ ਸਦੀ ਵਿਚਕਾਰ ਸਿਖਰ ਤੇ ਰਹੇ ਜੋਗ ਮੱਤ ਨਾਲ਼ ਗੁਰਮਤਿ ਦਾ ਸਭ ਤੋਂ ਵੱਧ ਵਿਰੋਧ ਪ੍ਰਮੁੱਖ ਤੌਰ ਤੇ ਤਿਆਗ ਬਿਰਤੀ ਕਾਰਣ ਹੀ ਰਿਹਾ ਹੈ। ਗੁਰੂ ਨਾਨਕ ਦੀ ਬਾਣੀ ਦਾ ਬਹੁਤਾ ਹਿੱਸਾ ਇਨ੍ਹਾਂ ਜੋਗੀਆਂ ਨਾਲ ਹੀ ਸੰਵਾਦ ਰਚਾਉਂਦਾ ਹੈ। ਗੁਰੂਆਂ ਵਲੋਂ ਸੰਸਥਾਗਤ ਵਿਰੋਧ ਦੇ ਬਾਵਜੂਦ ਅੱਜ ਵੀ ਪੰਜਾਬੀ ਲੋਕ-ਮਨ ਜੋਗੀਆਂ ਪ੍ਰਤਿ ਸ਼ਰਧਾ ਦਾ ਭਾਵ ਰੱਖਦਾ ਹੈ। ਇਸ ਦਾ ਕਾਰਣ ਜੋਗੀਆਂ ਦੀ ਵਿਚਾਰਧਾਰਾ ਨਹੀਂ ਸਗੋਂ ਉਨ੍ਹਾਂ ਦੁਆਰਾ ਕੀਤੀਆਂ ਦੱਸੀਆਂ ਜਾਂਦੀਆਂ ਕਰਾਮਾਤਾਂ ਹਨ ਜਿਸ ਪ੍ਰਤਿ ਲੋਕ-ਮਨ ਦੀ ਉਤਸੁਕਤਾ ਬਣੀ ਰਹਿੰਦੀ ਹੈ। ਜੋਗੀਆਂ ਦਾ ਸੰਜਮੀ ਅਤੇ ਕਠੋਰ ਜੀਵਨ ਵੀ ਲੋਕ-ਮਨ ਨੂੰ ਖਿੱਚਦਾ ਹੈ। ਜਿਥੋਂ ਤੱਕ ਸੰਸਾਰ ਤਿਆਗ ਦਾ ਸੰਬੰਧ ਹੈ ਲੋਕ ਮਨ ਨੇ ਇਸ ਨੂੰ ਕਦੇ ਨਹੀਂ ਕਬੂਲਿਆ। ਲੋਕ-ਮਨ ਤਾਂ ਸੰਸਾਰ-ਤਿਆਗ ਕਰਨ ਵਾਲੇ ਲੋਕਾਂ ਨੂੰ ਆਪਣੇ ਨਾਲ਼ ਰਲ਼ਾ ਲੈਂਦਾ ਹੈ। 'ਜੋਗੀ ਉਤਰ ਪਹਾੜੋਂ' ਆਏ ਚਰਖੇ ਦੀ ਘੂਕ ਸੁਣ ਕੇ'

ਔਰਤਾਂ ਦੇ ਗਾਉਣਾਂ ਵਿਚ ਗੋਪੀ ਚੰਦ ਦੀ ਕਥਾ ਦੇ ਉਸ ਹਿੱਸੇ ਨੂੰ ਗਾਇਆ ਜਾਂਦਾ ਹੈ ਜੋ ਅਤਿ ਦਾ ਭਾਵਕ ਹੈ। ਇਹ ਹਿੱਸਾ ਹੈ ਗੋਪੀ ਚੰਦ ਵਲੋਂ ਪਤਨੀ, ਮਾਂ ਤੇ ਭੈਣ ਨੂੰ ਛੱਡ ਕੇ ਜਾਣ ਦਾ। ਇਥੇ ਲੋਕ ਗਾਇਕਾਂ ਦੀ ਹਮਦਰਦੀ ਗੋਪੀ ਚੰਦ ਨਾਲ਼ ਨਹੀਂ ਸਗੋਂ ਮਾਂ, ਭੈਣ ਤੇ ਪਤਨੀ ਨਾਲ਼ ਹੈ। ਪ੍ਰਚਲਿਤ ਕਥਾ ਵਿਚ ਮਾਂ ਮੈਨਾਵੰਤੀ ਗੋਪੀ ਚੰਦ ਨੂੰ ਜੋਗ ਲੈਣ ਲਈ ਪ੍ਰੇਰਦੀ ਹੈ। ਪਰ ਗਾਉਣਾਂ ਵਿਚ ਮਾਂ ਦਾਰਸ਼ਨਿਕ ਔਰਤ ਨਹੀਂ ਹੈ ਸਗੋਂ ਮਾਂ ਦਾ ਉਹ ਅਸਲ ਰੂਪ ਹੈ ਜੋ ਪੁੱਤਰ ਦੇ ਵਿਛੋੜੇ ਵਿਚ ਬਿਹਬਲ ਹੁੰਦਾ ਵਿਖਾਈ ਦਿੰਦਾ ਹੈ।

ਸੀਸ ਪਕੜ ਤੇਰੀ ਮਾਤਾ ਰੋਵੇ, ਬਾਂਹ ਪਕੜ ਤੇਰੀ ਭੈਣਾਂ ਵੇ।
ਚਰਨ ਪਕੜ ਤੇਰੀ ਨਾਰ ਜੋ ਰੋਵੇ, ਕਹਾਂ ਚਲੀ ਮੇਰੀ ਜੋੜੀ ਰੇ।
ਤੂੰ ਕਿਉਂ ਰੋਂਦੀਏ ਭੋਲੀਏ ਮਾਏ, ਤੂੰ ਕਿਉਂ ਰੋਨੀਏਂ ਭੈਣੇ ਨੀ।
ਤੂੰ ਕਿਉਂ ਰੋਨੀਏਂ ਬਾਂਕੀਏ ਨਾਰੇ, ਜਿਨ ਜੋੜੀ ਤਿਨ ਤੋੜੀ ਜੀ।
ਇਕ ਵਰ੍ਹਾ ਮੇਰੀ ਮਾਤ ਰੋਵੇ, ਛੇ ਮਹੀਨੇ ਭੈਣਾਂ ਜੀ।
ਚਾਰ ਦਿਹਾੜੇ ਮੇਰੀ ਨਾਰ ਜੋ ਰੋਵੇ, ਫੇਰ ਟੋਲ੍ਹੇ ਘਰ ਬਾਰੀ ਜੀ।

"ਗੋਪੀ ਚੰਦ ਬਾਰੇ ਬੇਸ਼ੁਮਾਰ ਕਥਾ ਕਹਾਣੀਆਂ ਸਾਰੇ ਭਾਰਤ ਵਿਚ ਪ੍ਰਚਲਿਤ ਹਨ। ਬੰਗਾਲ,



ਬਿਹਾਰ, ਯੂ. ਪੀ., ਮਧਯ ਪ੍ਰਦੇਸ਼, ਪੰਜਾਬ ਦੇ ਰਾਜਸਥਾਨ ਸਭ ਖੇਤਰਾਂ ਵਿਚ, ਜਿੱਥੇ ਜਿੱਥੇ ਕਦੇ ਜੋਗ ਮੱਤ ਦੀ ਚੜ੍ਹਤ ਰਹੀ, ਗੋਪੀ ਚੰਦ ਨਾਲ਼ ਸੰਬੰਧਿਤ ਕਥਾਵਾਂ ਲੋਕ ਜੀਵਨ ਦਾ ਅੰਗ ਬਣਦੀਆਂ ਗਈਆਂ" ਪ੍ਰਮੁੱਖ ਤੌਰ ਤੇ ਪ੍ਰਚਲਿਤ ਪਾਠਾਂ ਵਿਚੋਂ ਦੋ ਪਾਠ ਹੀ ਵਧੇਰੇ ਚਰਚਿਤ ਹਨ। ਪਹਿਲੇ ਅਨੁਸਾਰ ਗੋਰਖ ਨਾਥ ਦੀ ਚੇਲੀ ਮੈਨਾਵੰਤੀ ਆਪਣੇ ਪੁੱਤਰ ਗੋਪੀ ਚੰਦ ਨੂੰ ਜੋਗ ਵਲ ਪ੍ਰੇਰਦੀ ਹੈ। ਗੋਪੀ ਚੰਦ ਇਸ ਪ੍ਰੇਰਣਾ ਅਧੀਨ ਰਾਜ-ਪਾਟ ਦਾ ਤਿਆਗ ਕਰਦੇ ਜੋਗ ਧਾਰਣ ਕਰ ਲੈਂਦਾ ਹੈ। ਇਸ ਪਾਠ ਵਿਚ ਨਾਟਕੀਅਤਾ ਨਾਂ ਮਾਤਰ ਹੈ ਸਿਵਾਇ ਇਸਦੇ ਕਿ ਮਾਂ ਵਲੋਂ ਪੁੱਤਰ ਨੂੰ ਘਰ ਦਾ ਤਿਆਗ ਕਰਵਾਉਣਾ ਦੁਨੀਆਂ ਦੀਆਂ ਨਜ਼ਰਾਂ ਵਿਚ ਇਕ ਅਲੋਕਾਰ ਘਟਨਾ ਹੈ। ਪਰ ਦੂਜੇ ਪਾਠ ਵਿਚ ਪੂਰਨ ਭਗਤ ਵਾਲ਼ੀ ਟੱਕਰ ਵੀ ਸ਼ਾਮਿਲ ਹੋ ਜਾਂਦੀ ਹੈ। ਪਰੰਤੂ ਇਥੇ ਅਧਿਆਤਮਕ ਪਰਦਾ ਇਸ ਟੱਕਰ ਨੂੰ ਸ਼ੁਰੂ ਤੋਂ ਹੀ ਸਮਾਪਤ ਕਰ ਦਿੰਦਾ ਹੈ। ਇਸ ਪਾਠ ਅਨੁਸਾਰ ਰਾਣੀ ਮੈਨਾਵੰਤੀ ਅਧਿਆਤਮਕ ਪੱਧਰ ਤੇ ਗੋਪੀ ਚੰਦ ਵਲ ਉਲਾਰ ਹੈ। ਪਰ ਗੋਪੀ ਚੰਦ ਪੂਰਨ ਭਗਤ ਵਾਂਗ ਹੀ ਇਸ ਅਧਿਆਤਮਕ ਪਿਆਰ ਦਾ ਵੀ ਤ੍ਰਿਸਕਾਰ ਕਰਦਾ ਹੈ। ਗੋਪੀ ਚੰਦ ਨੂੰ ਜਦੋਂ ਇਹ ਗਿਆਨ ਹੁੰਦਾ ਹੈ ਕਿ ਇਸ ਸਾਰੇ ਪਿੱਛੇ ਜਲੰਧਰ ਨਾਥ ਦਾ ਹੱਥ ਹੈ ਤਾਂ ਉਹ ਉਸਨੂੰ ਖੂਹ ਵਿਚ ਸੁਟਵਾ ਦਿੰਦਾ ਹੈ। ਮੈਨਾਵੰਤੀ ਗੁਰੂ ਗੋਰਖ ਨਾਥ ਦੀ ਸ਼ਰਨ ਲੈਂਦੀ ਹੈ। ਗੁਰੂ ਗੋਰਖ ਨਾਥ ਖੂਹ ਦੀ ਮਣ ਤੇ ਗੋਪੀ ਚੰਦ ਦੀ ਮਿੱਟੀ ਦੀ ਮੂਰਤੀ ਰਖਵਾ ਕੇ ਜਲੰਧਰ ਨਾਥ ਨੂੰ ਬਾਹਰ ਆਉਣ ਲਈ ਕਹਿੰਦਾ ਹੈ। ਜਿਵੇਂ ਕਿ ਗੁਰੂ ਗੋਰਖ ਨਾਥ ਨੂੰ ਪਹਿਲਾਂ ਹੀ ਗਿਆਨ ਸੀ ਕਿ ਜਲੰਧਰ ਨਾਥ ਦੇ ਤਪ ਤੇਜ਼ ਨਾਲ ਗੋਪੀ ਚੰਦ ਦੀ ਮੂਰਤੀ ਠੀਕਰੀਆਂ ਹੋ ਜਾਂਦੀ ਹੈ। ਗੋਪੀ ਚੰਦ ਮੂਰਤੀ ਦੀ ਥਾਂ ਆਪ ਹੁੰਦਾ ਤਾਂ ਵੀ ਇਹੋ ਕੁਝ ਵਾਪਰਨਾ ਸੀ। ਆਖਿਰ ਗੋਪੀ ਚੰਦ ਆਪ ਨਿਮਰਤਾ ਦੀ ਮੂਰਤੀ ਬਣ ਕੇ ਜਲੰਧਰ ਨਾਥ ਨੂੰ ਖੂਹ ਵਿਚੋਂ ਕੱਢਦਾ ਹੈ ਅਤੇ ਬਖਸ਼ਾਏ ਜਾਣ ਤੋਂ ਬਾਦ ਜਲੰਧਰ ਨਾਥ ਨੂੰ ਗੁਰੂ ਧਾਰਣ ਕਰਦਾ ਹੈ। ਪੂਰਨ ਵਾਂਗ ਗੋਪੀ ਚੰਦ ਨੂੰ ਵੀ ਆਪਣੇ ਘਰੋਂ ਭਿਖਿਆ ਮੰਗਣ ਲਈ ਭੇਜਿਆ ਜਾਂਦਾ ਹੈ ਜਿੱਥੋਂ ਉਹ ਸਬੂਤਾ ਵਾਪਸ ਮੁੜ ਆਉਂਦਾ ਹੈ। ਵਿਚਾਰਧੀਨ ਸਾਂਗ ਇਸੇ ਪਾਠ ਉਪਰ ਆਧਾਰਿਤ ਹੈ। ਪਰ ਇਥੇ ਜਲੰਧਰ ਨਾਥ ਨੂੰ ਖੂਹ ਵਿਚ ਸੁੱਟੇ ਜਾਣ ਦੇ ਕਾਰਣ ਬਦਲ ਦਿੱਤੇ ਗਏ ਹਨ ਜਿਨ੍ਹਾਂ ਦਾ ਜ਼ਿਕਰ ਅਸੀਂ ਅਗਾਂਹ ਕਰਾਂਗੇ।

ਬੰਸੀ ਲਾਲ ਮੱਧਕਾਲੀ ਪਰੰਪਰਾ ਅਨੁਸਾਰ ਸਾਂਗ ਦੇ ਸ਼ੁਰੂ ਵਿਚ ਗਣੇਸ਼, ਸਰਸਵਤੀ ਅਤੇ ਸ਼ਾਕੁੰਭਰੀ ਦੀ ਅਰਾਧਨਾ ਕਰਦਾ ਹੈ। ਸਾਂਗ ਦੀ ਸ਼ੁਰੂਆਤ ਸੂਤਰਧਾਰ ਵਲੋਂ ਗੋਪੀ ਚੰਦ ਦੇ ਨਹਾਉਣ ਦੇ ਵਰਣਨ ਤੋਂ ਹੁੰਦੀ ਹੈ।

ਕਰਨ ਲੱਗੇ ਅਸ਼ਨਾਨ ਰਾਉ ਜੀ, ਚੰਦਨ ਚੌਕ ਵਿਛਾਈ।
ਚਮਕਤ ਬਦਨ ਕਨਕ ਜੈਸਾ, ਔਰ ਮੁਖ ਚੰਦਰ ਕੀ ਨਿਆਈ।
ਨਿਕਸਾ ਭਾਨ ਗਗਨ ਮੇਂ ਸੂਰਜ ਕੀ ਇਕ ਜੋਤ ਛਿਪ ਜਾਈ।

ਸੋਨੇ ਵਰਗਾ ਸਰੀਰ ਤੇ ਚੰਦ ਵਰਗਾ ਮੂੰਹ ਦੇਖ ਕੇ ਹੀ ਮਾਤਾ ਮੈਨਾਵੰਤੀ ਮਹਿਲਾਂ ਵਿਚ ਬੈਠੀ ਗੋਪੀ ਚੰਦ ਉਪਰ ਹੰਝੂਆਂ ਦੀ ਬਰਸਾਤ ਕਰ ਸਕਦੀ ਹੈ। ਉਹ ਗੋਪੀ ਚੰਦ ਨੂੰ ਛਿਣਭੰਗਰੀ ਦੇਹੀ ਨੂੰ ਅਮਰ ਬਣਾਉਣ ਲਈ ਪ੍ਰੇਰਦੀ ਹੈ। ਸਾਂਗ ਲੇਖਕ ਦਾਰਸ਼ਨਿਕ ਬਾਰੀਕੀਆਂ ਵਿਚ ਪੈਣ ਦੀ ਬਜਾਇ ਸਾਂਗ ਦੇ ਦਰਸ਼ਕਾਂ ਨੂੰ ਹਮੇਸ਼ਾ ਧਿਆਨ ਵਿਚ ਰੱਖਦਾ ਹੈ। ਇਸੇ ਲਈ ਉਹ ਬਾਰ ਬਾਰ ਪਰੰਪਰਾ ਤੋਂ ਚਲੀਆਂ ਆਉਂਦੀਆਂ ਧਾਰਣਾਵਾਂ ਨੂੰ ਹੀ ਦੁਹਰਾਉਂਦਾ ਹੈ। ਗੋਪੀ ਚੰਦ ਅਨੁਸਾਰ ਇਹ ਸੰਸਾਰ ਸੁਪਨਾ ਹੈ ਜਿਸ ਤੋਂ ਮੁਕਤੀ ਪਾਉਣੀ ਹੈ ਅਤੇ ਸ਼੍ਰੀ ਰਾਮ ਤੱਕ ਪਹੁੰਚਣਾ ਹੈ। ਇਹ ਵਿਚਾਰ ਸਦੀਆਂ ਤੋਂ ਲੋਕ-ਮਨ ਦਾ ਹਿੱਸਾ ਬਣੇ ਹੋਏ ਹਨ ਜਿਨ੍ਹਾਂ ਨੂੰ ਸਾਂਗ ਲੇਖਕ ਬਾਰ ਬਾਰ ਸੰਬੋਧਿਤ ਹੁੰਦਾ ਹੈ। ਪਤਨੀ ਤੇ ਭੈਣ ਦੇ ਦਰਵਾਜ਼ੇ ਉਪਰ ਭਿਖਿਆ ਮੰਗਦੇ ਸਮੇਂ ਵੀ ਗੋਪੀ ਚੰਦ ਉਪਰੋਕਤ ਤਰਕਾਂ ਤੋਂ ਇਲਾਵਾ 'ਕਰਮ' 'ਸੰਜੋਗ' ਤੇ 'ਝੂਠੀ ਪ੍ਰੀਤ' ਦਾ ਵਾਸਤਾ ਪਾਉਂਦਾ ਹੈ।

-ਲਿਖਾ ਕਰਮ ਕਾ ਨਹੀਂ ਮਿਟਾ ਹੈ, ਸਮਝ ਸੋਚ ਮਨ ਮਾਹੀਂ।

- ਇਤਨਾ ਹੀ ਸੰਜੋਗ ਲਿਖਾ ਥਾ, ਬਿਧਨਾ ਬਾਤ ਬਣਾਈ।

ਇਉਂ 'ਅਮਰ' ਅਤੇ 'ਛਿਣਭੰਗਰ ਵਿਚ ਤਕਰਾਰ ਹੈ। ਜੋਗੀ ਦੇ ਤਰਕ ਵਿਚ ਉਹ ਦਮ ਨਹੀਂ ਜੋ ਦੁਨਿਆਵੀ ਪਾਤਰਾਂ ਦੇ ਤਰਕ ਵਿਚ ਹੈ ਕਿਉਂਕਿ ਉਨ੍ਹਾਂ ਦੇ ਤਰਕ ਪਿੱਛੇ ਉਨ੍ਹਾਂ ਦਾ ਸਮੁੱਚਾ ਜੀਵਨ ਤਜਰਬਾ ਤੇ ਵਿਸ਼ੇਸ਼ ਕਰਕੇ ਭਾਵਨਾਵਾਂ ਦਾ ਵੇਗ ਹੈ ਜਦ ਕਿ ਜੋਗੀ ਦੇ ਤਰਕ ਵਿਚ ਇਕ ਠੰਡਾਪਣ ਵਿਖਾਈ ਦਿੰਦਾ ਹੈ। ਫਿਰ ਵੀ ਲੇਖਕ ਗੋਪੀ ਚੰਦ ਦੇ ਹੱਕ ਵਿਚ ਭੁਗਤਦਾ ਹੈ ਇਸ ਲਈ ਜੋਗੀ ਦੀ ਝੂਠੀ ਚੇਤਨਾ ਦੀ ਜਿੱਤ ਵਿਖਾਈ ਗਈ ਹੈ। ਯਥਾਰਥਵਾਦੀ ਚੇਤਨਾ ਹਾਰਦੀ ਹੈ। ਜੋਗ ਦੀਆਂ ਕਠਿਨਾਈਆਂ ਨੂੰ ਇਸ ਲਈ ਅਤਿਕਥਨੀ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਕਿ ਹੋਣ ਵਾਲੇ ਚੇਲੇ ਨੂੰ ਮਾਨਸਿਕ ਤੌਰ ਤੇ ਪੂਰੀ ਤਰ੍ਹਾਂ ਤਿਆਰ ਕੀਤਾ ਜਾ ਸਕੇ। ਇਸ ਤਰ੍ਹਾਂ ਕਰਨ ਨਾਲ਼ ਹੀ ਲੋਕਾਂ ਦੇ ਮਨਾਂ ਉਪਰ ਜੋਗ ਮੱਤ ਦਾ ਪ੍ਰਭਾਵ ਵੀ ਜੰਮਦਾ ਹੈ। ਮਛੰਦਰ ਨਾਥ ਗੋਪੀ ਚੰਦ ਨੂੰ ਮੁਖਾਤਿਬ ਹੁੰਦਿਆਂ ਕਹਿੰਦਾ ਹੈ,

ਜੋ ਤੁਮ ਜੋਗੀ ਹੋਤ ਹੈ, ਸੁਣੋ ਗਿਆਨ ਕਾ ਤੰਤ।
ਪਾਂਚੋਂ ਇੰਦਰੀ ਵੱਸ ਕਰੋ, ਜਬ ਜਾਣੋ ਜੋਗ ਕਾ ਪੰਥ।
ਜਬ ਜਾਣੋ ਜੋਗ ਕਾ ਪੰਥ, ਤੁਮ ਤੇਜ਼ ਕਰੋਧ ਕੋ ਮਾਰੋ।
ਮਨ ਕੋ ਮਾਰ ਰਾਉ ਕੋ ਮਾਰੋ, ਜਬ ਜਾਣ ਜੋਗ ਸੁਧਾਰੋ।
ਇਤਨਾ ਕਾਰ ਕਰੋ ਰੇ ਬੱਚਾ, ਜੋਗ ਮਤਾ ਜਬ ਧਾਰੋ।

ਇਥੇ ਗੋਪੀ ਚੰਦ ਨੂੰ ਬੜਾ ਬੁਝੱਕੜ ਵਿਖਾਇਆ ਗਿਆ ਹੈ। ਉਹ 'ਮਨਕੋ ਮਾਰ ਰਾਉ ਕੋ ਮਾਰੋ' ਅਧਿਆਤਮਕ ਅਰਥ ਸਮਝਣ ਦੀ ਬਜਾਇ ਇਸਦੇ ਸ਼ਾਬਦਿਕ ਅਰਥ ਗ੍ਰਹਿਣ ਕਰਦਾ ਹੈ ਤੇ ਗੁੱਸੇ ਵਿਚ ਮੰਤਰੀ ਨੂੰ ਆਦੇਸ਼ ਦਿੰਦਾ ਹੈ ਕਿ ਉਹ ਜਲੰਧ੍ਰ ਨਾਥ ਨੂੰ ਖੂਹ ਵਿਚ ਸੁਟਵਾ ਦੇਵੇ।

ਸਾਂਗ ਇਥੇ ਆਕੇ ਜਿਵੇਂ ਅਟਕ ਜਾਂਦਾ ਹੈ। ਕੁਝ ਹੋਰ ਸੂਤਰ ਫੜ ਲਏ ਗਏ ਹਨ। ਇਥੇ ਹੀ ਗੋਰਖ ਤੇ ਕਾਨੀਪਾ ਦੀ ਹਉਂ ਦੀ ਟੱਕਰ ਸਾਹਮਣੇ ਆਉਂਦੀ ਹੈ। ਗੋਰਖ ਆਤਮਿਕ ਸ਼ਕਤੀ ਨਾਲ਼ ਕਾਨੀਪਾ ਦੀ ਮੰਡਲੀ ਵਿਚ ਅੱਗ ਲਾ ਦਿੰਦਾ ਹੈ। ਕਾਨੀਪਾ ਗੋਰਖ ਨੂੰ ਉਲਾਂਭਾ ਦਿੰਦਾ ਹੋਇਆ ਕਹਿੰਦਾ ਹੈ, 'ਹੇ ਨਿਰਲਾਜ ਲਾਜ ਨਹੀਂ ਤੁਝ ਕੋ, ਦੁਨੀਆਂ ਕੋ ਭਰਮਾਵੈ' ਗੋਰਖ ਜਵਾਬ ਵਿਚ ਕਾਨੀਪਾ ਦੇ ਗੁਰੂ ਜਲੰਧਰ ਨਾਥ ਦੇ ਖੂਹ ਵਿਚ ਪਏ ਹੋਣ ਕਰਕੇ ਹੋਰ ਪੁੱਠੀਆਂ ਸੁਣਾਉਂਦਾ ਹੈ। ਕਾਨੀਪਾ ਗੋਰਖ ਦੇ ਗੁਰੂ ਮਛੰਦਰ ਨਾਥ ਦੇ ਪਰਿਵਾਰ ਵਿਚ ਜਾ ਫਸਣ ਦਾ ਮਿਹਣਾ ਮਾਰਦਾ ਹੈ। ਗੋਰਖ ਨਾਥ ਵਲੋਂ ਮਛੰਦਰ ਨਾਥ ਨੂੰ ਛੁਡਾਉਣ ਦਾ ਪ੍ਰਸੰਗ ਵੀ ਇਸੇ ਮਿਹਣੇ ਦਾ ਨਤੀਜਾ ਹੈ। ਇਹ ਸਾਰਾ ਪ੍ਰਸੰਗ ਇਸ ਤਰ੍ਹਾਂ ਕਥਾ ਨੂੰ ਖੜੋਤ ਦੀ ਸਥਿਤੀ ਵਿਚ ਲਿਆ ਦਿੰਦਾ ਹੈ।

ਉਧਰ ਮੈਨਾਵੰਤੀ ਗੋਪੀ ਚੰਦ ਦੇ ਖੂਹ ਵਿਚ ਗਿਰੇ ਹੋਣ ਕਰਕੇ ਸਹਾਇਤਾ ਲਈ ਗੁਰੁ ਗੋਰਖ ਨਾਥ ਨੂੰ ਬੁਲਾ ਲੈਂਦੀ ਹੈ। ਇਥੇ ਜਲੰਧਰ ਨਾਥ ਇਹ ਤਾਂ ਕਹਿੰਦਾ ਹੈ ਕਿ 'ਨਿਕਸਤ ਸਾਰ ਭਸਮ ਕਰ ਦੇਗਾ' ਪਰ ਆਲ਼ੇ ਦੁਆਲ਼ੇ ਦਾ ਪ੍ਰਸੰਗ ਗਾਇਬ ਹੈ। ਲੱਗਦਾ ਇਉਂ ਹੈ ਕਿ ਜਿਸ ਵਿਅਕਤੀ ਪਾਸੋਂ ਆਰ. ਸੀ. ਟੈਂਪਲ ਨੇ ਇਸ ਸਾਂਗ ਦਾ ਪਾਠ ਸੁਣਿਆ ਉਸ ਨੂੰ ਬਹੁਤ ਕੁਝ ਯਾਦ ਵਿਚੋਂ ਵਿਸਰ ਚੁੱਕਾ ਸੀ। ਇਸੇ ਲਈ ਅੱਜ ਪਾਠ ਨੂੰ ਸਮਝਣ ਲਈ ਕਲਪਨਾ ਦਾ ਸਹਾਰਾ ਲੈਣਾ ਪੈਂਦਾ ਹੈ। ਜੇ ਪ੍ਰਚਲਿਤ ਪਾਠ ਸਾਹਮਣੇ ਨਾਂ ਹੋਵੇ ਤਾਂ ਇਸ ਸਾਂਗ ਨੂੰ ਸਮਝਣਾ ਮੁਸ਼ਕਲ ਹੈ।

ਜਲੰਧਰ ਨਾਥ ਗੋਪੀ ਚੰਦ ਨੂੰ ਜੋਗ ਦੇ ਕੇ ਉਸਨੂੰ ਆਪਣੇ ਘਰੋਂ ਭਿਖਿਆ ਮੰਗਣ ਲਈ ਭੇਜਦਾ ਹੈ। ਜੋਗ ਮੱਤ ਦਾ ਬਲ ਸੰਸਾਰ ਦੇ ਤਿਆਗ ਤੇ ਜੋਗ ਸਾਧਨਾ ਕਰਕੇ ਮੁਕਤੀ ਪ੍ਰਾਪਤ ਕਰਨਾ ਹੈ ਇਸ ਲਈ ਜੋਗ ਲੈ ਕੇ ਮੁੜ ਘਰ ਤੋਂ ਭਿਖਿਆ ਮੰਗਣ ਦੀ ਪ੍ਰੀਖਿਆ ਬੜੀ ਕਰੜੀ ਹੈ ਜਿਸਨੂੰ ਗੋਰਖ ਦੇ ਗੁਰੁ ਮਛੰਦਰ ਵਰਗੇ ਵੀ ਪਾਸ ਨਹੀਂ ਕਰ ਸਕੇ। ਵਿਸ਼ੇਸ਼ ਤੌਰ ਤੇ ਪਤਨੀ, ਭੈਣ ਤੇ ਮਾਂ ਤੋਂ 'ਮਾਈ' ਕਹਿ ਕੇ ਭਿਖਿਆ ਮੰਗਣ ਵਿਚ ਹੁੰਦੇ ਮਾਨਸਿਕ ਕਲੇਸ਼ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਇਕ ਤਰ੍ਹਾਂ ਨਾਲ਼ ਗੈਰ ਕੁਦਰਤੀ ਨੂੰ ਕੁਦਰਤੀ ਬਣਾਉਣ ਵਰਗੀ ਗੱਲ ਹੈ। ਸਾਂਗ ਵਿਚ ਬਾਂਦੀ ਤੱਕ ਵੀ ਰਾਜੇ



ਗੋਪੀ ਚੰਦ ਨੂੰ ਝਿੜਕ ਰਹੀ ਹੈ, ਭਾਵੇਂ ਪਤਾ ਲੱਗਣ ਤੇ ਉਹ ਪਛਤਾਵੇ ਦੇ ਹੰਝੂ ਵੀ ਕੇਰਦੀ ਹੈ। ਪਰ ਪਟਰਾਣੀ ਪਾਤਮ ਦਈ ਦਾ ਪ੍ਰਤਿਕਰਮ ਵੱਖਰਾ ਹੈ। ਉਸਦਾ ਤਰਕ ਬੜਾ ਕਾਟਵਾਂ ਤੇ ਵਿਅੰਗਮਈ ਹੈ। ਉਹ ਕਹਿੰਦੀ ਹੈ,

ਪਾਨ ਖਾਇ ਕੇ ਸੇਜ ਰਮ ਲਟੀ, ਅਬ ਕਹਿਤੇ ਮੁੱਖ ਸੇ ਮਾਈ।
ਖਾਇ ਕਟਾਰੀ ਜੌਹਰ ਕਰੂੰਗੀ, ਹੋ ਜਾ ਜਗਤ ਹੰਸਾਈ।
ਸੋਲ੍ਹਾਂ ਸੌ ਪਾਤਮ ਦਈ ਰਾਣੀ, ਕਾਹੇ ਕੋ ਪਰਣਾਈ।

ਪਾਤਮਦਈ ਦੇ ਇਸ ਤਿੱਖੇ ਪ੍ਰਸ਼ਨ ਨੂੰ ਸਿੱਧੇ ਸੰਬੋਧਿਤ ਹੋਣ ਦੀ ਬਜਾਇ ਗੋਪੀ ਚੰਦ 'ਕਰਮ' 'ਸੰਜੋਗ' ਆਦਿ ਭਾਵਵਾਚੀ ਸੰਕਲਪਾਂ ਨੂੰ ਦੁਹਰਾਉਣ ਤੋਂ ਵੱਧ ਕੁਝ ਨਹੀਂ ਕਰ ਸਕਦਾ। ਜਾਂ ਫਿਰ ਬਾਰ ਬਾਰ ਇਹ ਗੱਲ ਦਾ ਦੁਹਰਾ ਕਰੀ ਜਾ ਰਿਹਾ ਹੈ ਕਿ 'ਪੁੱਤਰ ਕਹਿ ਕੇ ਭਿਛਿਆ ਲਾ ਦੇ, ਆਸਣ ਕੋ ਫਿਰ ਜਾਈ'

ਇਸੇ ਤਰਕ ਵਿਤਰਕ ਵਿਚ ਨੂੰਹ ਸੱਸ ਦਾ ਰੋਚਕ ਪ੍ਰਸੰਗ ਆ ਜੁੜਦਾ ਹੈ। ਪਾਤਮਦਈ ਦਾ ਨੂੰਹ ਦੇ ਤੌਰ ਤੇ ਮੈਨਾਵੰਤੀ ਬਾਰੇ ਹੇਠ ਲਿਖਿਆ ਕੁਝ ਸੋਚਣਾ ਬੜਾ ਯਥਾਰਥਕ ਤੇ ਸੁਭਾਵਕ ਹੈ।

ਮੈਨਾਵੰਤੀ ਆਪਣੀ ਕਾਰਣ ਤੁਮ ਕੋ ਜੋਗ ਦਿਵਾਇਆ।
ਆਪ ਬੈਠ ਕੇ ਰਾਜ ਕਰੇਗੀ, ਆਪਣਾ ਮਤਾ ਪਕਾਇਆ।

ਸੋਲ੍ਹਾ ਸੌ ਕਾ ਸਬਰ ਪੜੇਗਾ, ਹਮਰਾ ਜੀ ਤਰਸਾਇਆ।

ਮੈਨਾਵੰਤੀ ਦਾ ਜਵਾਬ ਵੀ ਜੋਗਣ ਵਾਲ਼ਾ ਨਹੀਂ ਸਗੋਂ ਇਕ ਕੱਬੀ ਸੱਸ ਵਾਲ਼ਾ ਹੈ।

ਉਦਰ ਪਸਾਰੇ ਪੈਰ, ਪੀੜ ਮੁਝ ਕੋ ਹੈ ਭਾਰੀ।
ਤੁਮ ਕਿਉਂ ਹੋਤ ਉਦਾਸ, ਸਾਤ ਫੇਰੋਂ ਕੀ ਨਾਰੀ।

ਪੁੱਤਰੀ ਨਾਲ਼ ਸੰਵਾਦ ਕੋਈ ਪਾਤਮ ਦਈ ਦੇ ਸੰਵਾਦਾਂ ਤੋਂ ਵੱਖਰੇ ਨਹੀਂ। ਗੋਪੀ ਚੰਦ ਉਸ ਨੂੰ ਇਹ ਮੰਨ ਲੈਣ ਦੀਆਂ ਸਮਝਾਉਣੀਆਂ ਦਿੰਦਾ ਹੈ ਕਿ ਉਸ ਨੇ ਉਸ ਨੂੰ ਪੈਦਾ ਹੀ ਨਹੀਂ ਕੀਤਾ। ਜਾਂ ਉਸ ਦਾ ਪਿਉ ਮਰ ਮੁੱਕ ਗਿਆ ਹੈ। ਪਰ ਇਹ ਸਭ ਕੋਰੇ ਤਰਕ ਹਨ। ਮਾਨਵ ਲਈ ਅਜਿਹਾ ਕਰ ਸ਼ਕਣਾ ਸੰਭਵ ਨਹੀਂ। ਧੀ ਨੂੰ ਮਿਲ਼ ਕੇ ਗੋਪੀ ਚੰਦ ਭੈਣ ਚੰਪਾ ਦਈ ਨੂੰ ਮਿਲਣ ਜਾਂਦਾ ਹੈ। ਇਹ ਸਥਿਤੀ ਅਤਿ ਦੀ ਭਾਵਕ ਸਿਰਜੀ ਗਈ ਹੈ। ਹੋਰ ਵੀ ਗਹਿਰਾ ਪ੍ਰਭਾਵ ਸਿਰਜਣ ਲਈ ਭੈਣ ਦੀ ਮੌਤ ਕਰਵਾਈ ਗਈ ਹੈ। ਇਥੇ ਗੋਪੀ ਚੰਦ ਬੱਚਿਆਂ ਵਾਂਗ ਰੁਦਨ ਕਰਦਾ ਵਿਖਾਈ ਦਿੰਦਾ ਹੈ। ਇਹ ਵੇਖ ਕੇ ਗੁਰੂ ਜਲੰਧਰ ਨਾਥ ਪ੍ਰਗਟ ਹੁੰਦਾ ਹੈ। ਗੋਪੀ ਚੰਦ ਵਲੋਂ ਪ੍ਰਾਣ ਤਿਆਗ ਦੇਣ ਦੀ ਧਮਕੀ ਨੂੰ ਧਿਆਨ ਵਿਚ ਰੱਖਕੇ ਉਹ ਤੰਪਾ ਦਈ ਨੂੰ ਜਿਉਂਦਾ ਕਰ ਦਿੰਦਾ ਹੈ। ਚੇਲੇ ਨੂੰ ਪਰਿਵਾਰ ਦੀ 'ਜਿਲ੍ਹਣ' ਵਿਚੋਂ ਕੱਢ ਕੇ ਸਾਂਗ ਸਮਾਪਤ ਹੋ ਜਾਂਦਾ ਹੈ। ਦਰਸ਼ਕਾਂ ਦੇ ਮਨ ਵਿਚ ਕਰੁਣਾ ਜਗਾਉਣ ਲਈ ਅੰਤਿਮ ਪ੍ਰਸੰਗਾਂ ਨੂੰ ਬੇਹੱਦ ਲਮਕਾਇਆ ਗਿਆ ਹੈ। ਕਥਾ ਵਿਚ ਨਾਟਕੀਅਤਾ ਦੇ ਅਭਾਵ ਨੂੰ ਪੂਰਾ ਕਰਨ ਲਈ ਲਮਕਾਅ ਇਕ ਜੁਗਤ ਵਜੋਂ ਹੀ ਵਰਤਿਆ ਗਿਆ ਹੈ। ਤੁਰਿਆ ਜਾਂਦਾ ਜਲੰਧਰ ਨਾਥ ਇਕ ਤਰ੍ਹਾਂ ਸਾਂਗ ਦਾ ਸਾਰ ਤੱਤ ਹੀ ਪੇਸ਼ ਕਰ ਜਾਂਦਾ ਹੈ।

ਗਿਆਨ ਤੱਤ ਕੀ ਸੇਲੀ ਲੈ ਕੇ, ਵਹੀ ਤੇਰੇ ਗਲ਼ ਡਾਰੀ।
ਚਲੋ ਭੇਸ ਕਾ ਦਰਸਨ ਕਰ ਲਉ, ਹੋ ਕਾਇਆ ਅਮਰ ਤੁਮਾਰੀ।

ਸੰਖੇਪ ਜਿਹੀ ਚਰਚਾ ਇਹ ਆਭਾਸ ਜ਼ਰੂਰ ਕਰਵਾ ਦਿੰਦੀ ਹੈ ਕਿ ਜੋਗੀਆਂ ਦੀਆਂ ਇਨ੍ਹਾਂ ਕਥਾਵਾਂ ਦਾ ਪੰਜਾਬੀ ਸਭਿਆਚਾਰ ਵਿਚ ਮਹੱਤਵਪੂਰਣ ਥਾਂ ਹੈ। ਕਈ ਮੂਲ਼ ਦਾਰਸ਼ਨਿਕ ਵਿਚਾਰਾਂ ਨਾਲ਼ ਪੂਰੀ ਤਰ੍ਹਾਂ ਸਹਿਮਤੀ ਨਾਂ ਹੁੰਦਿਆਂ ਹੋਇਆਂ ਵੀ 'ਲੋਕ' ਨੇ ਇਨ੍ਹਾਂ ਨੂੰ ਬਾਰ ਬਾਰ ਦੁਹਰਾਇਆ ਹੈ। ਇਸੇ ਲਈ ਲੋਕ ਸਾਰੀ ਸਾਰੀ ਰਾਤ ਸਵਾਂਗੀਆਂ ਦੇ ਸਵਾਂਗਾਂ ਨੂੰ ਦੇਖਦੇ ਰਹੇ ਹਨ।

*D-46, Kurukshetra University,*

# ਸਭਿਆਚਾਰਕ ਸਾਮਰਾਜ, ਵਿਸ਼ਵੀਕਰਨ ਤੇ ਪੰਜਾਬ ਦੀ ਰਹਿਤਲ

—ਸੱਯਦ ਅਜ਼ੀਮ

ਅੱਜ ਦੀ ਦੁਨੀਆਂ ਵਿਚ ਗਲੋਬਲਾਈਜ਼ਸਨ (ਵਿਸ਼ਵੀਕਰਨ) ਦੇ ਨਾਂ ਤੋਂ ਪੂੰਜੀਵਾਦੀ ਪ੍ਰਬੰਧ ਨੇ ਪੂਰੀ ਦੁਨੀਆਂ ਨੂੰ ਇੱਕ ਨਵੀਂ ਕਿਸਮ ਦੇ ਬਸਤੀਵਾਦ ਦੇ ਚੱਕਰ ਵਿਚ ਫਾਹ ਲਿਆ ਹੈ। ਉਥੇ ਜਗਤ ਖ਼ਬਰ-ਵਸੀਲਿਆਂ (ਕੌਮਾਂਤਰੀ ਮੰਡੀਆ) ਦੀ ਧਾੜ ਪਿੱਛੇ ਇੱਕ ਨਵੀਂ ਕਿਸਮ ਦਾ ਰਹਿਤਲੀ (ਸਭਿਆਚਾਰਕ) ਸਾਮਰਾਜ ਵੀ ਲੁਕਿਆ ਬੈਠਿਆ ਏ। ਅੱਜ ਸਾਮਰਾਜ ਆਪਣੇ ਮੁਆਸ਼ੀ (ਆਰਥਕਤਾ) ਵਲ ਫਰੇਬ ਨੂੰ (ਖੁੱਲ੍ਹੀ ਮੰਡੀ) ਆਰਥਕਤਾ ਦੇ ਫਲਸਫੇ ਰਾਹੀਂ ਪੇਸ਼ ਕਰ ਰਿਹਾ ਏ ਤੇ ਨਾਲ ਨਾਲ ਸਭਿਆਚਾਰਿਕ (ਸਕਾਫ਼ਤੀ) ਪੱਧਰ ਤੇ ਆਪਣੀ ਯਲ਼ਗਾਰ (ਹਮਲੇ) ਨੂੰ ਗਲੋਬਲਾਈਜੇਸ਼ਨੇ, ਗਲੋਬਲ ਪਿੰਡ ਤੇ ਗਲੋਬਲ ਸਭਿਆਚਾਰ ਤੇ ਗਲੋਬਲ ਅਖ਼ਲਾਕ (ਆਚਰਨ) ਦੀ ਆੜ ਵਿਚ ਵੀ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਏ।

ਇਸ ਗੱਲ ਨੂੰ ਮੈਂ ਸ਼ੁਰੂ ਵਿਚ ਹੀ ਸਪਸ਼ਟ ਕਰਦਾ ਜਾਨਾ ਕਿ ਅਸੀਂ ਇਸ ਸਭਿਆਚਾਰਕ ਹਮਲੇ ਨੂੰ ਇਸਲਾਮ ਤੇ ਗੈਰ-ਇਸਲਾਮੀ ਕਰ ਕੇ ਨਹੀਂ ਵੇਖ ਸਕਦੇ, ਸਗੋਂ ਸਭਿਆਚਾਰ ਨੂੰ ਦੂਜੇ ਸਮਾਜੀ ਕੰਮਾਂ ਤੇ ਆਹਰਾਂ ਵਾਂਗ ਇਕ ਜਮਾਤੀ ਅਮਲ ਦੇ ਤੌਰ ਤੇ ਹੀ ਲਵਾਂਗੇ। ਦੂਸਰਾ ਇਹ ਕਿ ਮੈਂ ਆਪਣੀ ਸੋਚ ਦੀਆਂ ਨੀਹਾਂ ਵਿਸ਼ਵੀਕਰਨ ਨੂੰ ਨਿਕਾਰਨ ਉੱਤੇ ਨਹੀਂ ਧਰਾਂਗਾਂ, ਸਗੋਂ ਸਾਰੀ ਗੱਲ ਵਿਸ਼ਵੀਕਰਨ ਨੂੰ ਜੀ ਆਇਆ ਆਖ ਕੇ ਕਹਾਂਗਾ, ਕਿਉਂ ਜੋ ਅਸੀਂ ਸਮਝਦੇ ਹਾਂ ਕਿ ਵਿਸ਼ਵੀਕਰਨ ਪੈਦਾਵਾਰੀ ਸੰਦਾਂ ਦੀ ਤਰੱਕੀ ਦਾ ਆਵਸ਼ਕ ਵਿਗਿਆਨਕ ਨਤੀਜਾ ਹੈ ਤੇ ਇਹਦੇ ਅੱਗੇ ਅੜ ਖਲੋਣਾ ਹੜ੍ਹ ਅੱਗੇ ਖਲੋਣ ਦੇ ਬਰਾਬਰ ਹੈ। ਅਸੀਂ ਸਾਇੰਸ ਦੀ ਏਸ ਤਰੱਕੀ ਨੂੰ ਆਪਣੀ ਧਰਤੀ ਮਾਂ ਲਈ ਮੰਨਦੇ ਹਾਂ। ਪਰ ਵਿਸ਼ਵੀਕਰਨ ਦਾ, ਇਹ ਸੋਹਣਾ ਮੁਖੌਟਾ ਜਦੋਂ ਸਾਮਰਾਜ ਪਾ ਲੈਂਦਾ ਏ ਤੇ ਸਾਡਾ ਫਰਜ਼ ਬਣਦਾ ਏ ਕਿ ਅਸੀਂ ਸਾਮਰਾਜ ਦਾ ਕਾਤਲ ਚਿਹਰਾ ਲੋਕਾਈ ਨੂੰ ਵਿਖਾਈਏ ਤੇ ਇਹਦੀ ਮਾਰ-ਧਾੜ ਤੋਂ ਲੋਕਾਂ ਨੂੰ ਜਾਣੂ ਕਰਾਈਏ। ਸਾਡਾ ਇਹ ਕੰਮ ਏ ਕਿ ਅਸੀਂ ਵਿਸ਼ਵੀਕਰਨ ਦਾ ਰੁਖ਼ ਆਪਣੇ ਸਿਆਸੀ ਤੇ ਸ਼੍ਰੇਣਕ ਘੋਲ ਲੋਕਾਈ ਵੱਲ ਮੋੜ ਦੇਈਏ ਤਾਂ ਜੋ ਹੇਠਲੇ ਤਬਕਿਆਂ ਨੂੰ ਉੱਤੇ ਲਿਆਵਣ ਦਾ ਕੰਮ ਸੌਖਾ ਹੋ ਸਕੇ।

ਜਦੋਂ ਸਾਮਰਾਜ ਕਿਸੇ ਮੁਲਕ ਉੱਤੇ ਕਿਸੇ ਵੀ ਤਰੀਕੇ ਨਾਲ ਹਮਲਾ ਕਰਦਾ ਏ ਤਾਂ ਉਹ ਦੋ ਤਰਾਂ ਦਾ ਅਸਰ ਪਾਉਂਦਾ ਏ! ਇੱਕ ਤੇ ਉਹ ਪੈਦਾਵਾਰੀ ਤਾਕਤਾਂ ਦੀ ਕੁਦਰਤੀ ਤੋਰ ਰੋਕ ਦਿੰਦਾ ਏ, ਜਿਵੇਂ ਈਸਟ ਇੰਡੀਆ ਕੰਪਨੀ ਦੀ ਸ਼ਕਲ ਵਿਚ ਅੰਗ੍ਰੇਜ਼ ਸਾਮਰਾਜ ਨੇ ਉਪ-ਮਹਾਂ-ਦੀਪ ਦੀ ਅੱਗੇ ਵਧ ਰਹੀ ਸਨਅਤ ਨੂੰ ਤਬਾਹ ਕਰ ਦਿੱਤਾ ਤੇ ਉਹਦੀ ਥਾਂ ਆਪਣਾ ਲੁੱਟਮਾਰ ਦਾ ਕਿਲ੍ਹਾ ਉਸਾਰ ਲਿਆ। 1757 ਈ. ਦੀ ਪਲਾਸੀ ਦੀ ਲੜਾਈ ਤੋਂ ਪਿਛੋਂ ਬਰੇ-ਸਗੀਰ, (ਉਪ-ਮਹਾਂ-ਦੀਪ), ਜਿਹੜਾ ਕਿ ਬਰ-ਆਮਦ ਵਾਲਾ ਇਲਾਕਾ ਸੀ, ਦਰ-ਆਮਦ ਵਾਲਾ ਇਲਾਕਾ ਬਣ ਗਿਆ। ਸਾਮਰਾਜ ਦੂਜਾ ਹਮਲਾ ਸਭਿਆਚਾਰਕ ਖੇਤਰ ਵਿਚ ਕਰਦਾ ਏ। ਏਸ ਲਈ ਸਭਿਆਚਾਰਕ ਤੇ ਖਾਸ ਕਰਕੇ ਸ਼ਹਿਰਾਂ ਦਾ ਸਭਿਆਚਾਰਕ ਨਿਘਾਰ (ਜ਼ਵਾਲ) ਵੱਲ ਤੁਰ ਪੈਂਦਾ ਹੈ, ਅਰਥਾਤ ਗੁਲਾਮ ਕੌਮਾਂ ਦੇ ਤੌਰ-ਤਰੀਕਿਆਂ, ਕਦਰਾ-ਕੀਮਤਾਂ ਤੇ ਜ਼ੁਬਾਨਾਂ ਤੇ ਸਿਖਿਆ ਨੂੰ ਇੱਕਠਾ ਕਰਨ ਤੇ ਵਾਧੇ ਪਾਵਣ ਦੇ ਰਾਹ ਸੋਚ ਸਮਝ ਕੇ



ਭੀੜੇ ਕਰ ਦਿੱਤੇ ਜਾਂਦੇ ਨੇ। ਗੁਲਾਮ ਕੌਮਾਂ ਨਾ ਸਿਰਫ ਇਨਸਾਨੀਅਤ ਦੇ ਆਮ ਤੇ ਜਾਰੀ ਵਾਧੇ ਤੋਂ ਵਿਛੁੰਨੀਆਂ ਜਾਂਦੀਆਂ ਨੇ ਸਗੋਂ ਆਪਣੇ ਭੂਤ-ਕਾਲ ਤੋਂ ਵੀ ਟੁੱਟ ਜਾਂਦੀਆਂ ਨੇ। ਗੁਲਾਮ ਕੌਮਾਂ ਦੀ ਆਪਣੀ ਸ਼੍ਰੇਣਕ ਬਣਤਰ ਹੁੰਦੀ ਏ। ਏਸ ਕਰਕੇ ਵੱਖਰੇ-ਵੱਖਰੇ ਤਬਕਿਆਂ ਉੱਤੇ ਸਾਮਰਾਜ ਦੇ ਸਭਿਆਚਾਰਕ ਹਮਲੇ ਦਾ ਅਸਰ ਵੀ ਵੱਖਰਾ ਈ ਹੁੰਦਾ ਏ। ਸ਼ਹਿਰਾਂ ਦਾ ਉਤਲਾ ਤਬਕਾ ਖੁਸ਼ਾਮਦੀ ਹੁੰਦਾ ਏ, ਤੇ ਸਿੱਟੇ ਵਜੋਂ ਤੁਰੰਤ ਉਹ ਇਸ ਸਾਮਰਾਜੀ ਸਭਿਆਚਾਰਕ ਹਮਲੇ ਅੱਗੇ ਹਥਿਆਰ ਸੁੱਟ ਦਿੰਦਾ ਏ, ਏਸ ਖੁਸ਼ੀ ਵਿਚ ਸਾਮਰਾਜ ਇਹਨਾਂ ਲੋਕਾਂ ਉੱਤੇ ਆਪਣੀਆਂ ਬਖ਼ਸ਼ਿਸ਼ਾਂ ਦਾ ਮੀਂਹ ਵਰ੍ਹਾ ਦਿੰਦਾ ਏ। ਇੰਝ ਇੱਕ ਦਲਾਲ ਸ਼੍ਰੇਣੀ ਤਿਆਰ ਹੁੰਦੀ ਹੈ। ਇਹ ਦਲਾਲ ਸ਼੍ਰੇਣੀ ਆਪਣੀ ਗੁਲਾਮੀ ਕਾਰਨ ਸਾਮਰਾਜ ਦੀ ਲੁੱਟ ਮਾਰ ਵਿੱਚੋਂ ਹਿੱਸਾ ਲੈਂਦੀ ਹੈ ਤੇ ਇੱਕ ਦੋ ਪੀੜ੍ਹੀਆਂ ਮਗਰੋਂ ਸਾਮਰਾਜ ਦੇ ਸਭਿਆਚਾਰ ਨਾਲ ਵੀ ਜੁੜ ਜਾਂਦੀ ਹੈ। ਸ਼ਹਿਰਾਂ ਦੇ ਉਤਲੇ ਲੋਕਾਂ ਦਾ ਹੇਠਲਾਂ ਹਿੱਸਾ ਤੇ ਉੱਤੇ ਵੱਲ ਮੱਧ-ਸ਼੍ਰੇਣੀ ਬੜੀ ਬੁਰੀ ਤਰਾਂ ਫਸ ਜਾਂਦੀ ਹੈ, ਉਹ ਨਾਂ ਤੇ ਠੀਕ ਤਰਾਂ ਪੈਸਾ ਕਮਾ ਸਕਦੀ ਹੈ ਤੇ ਨਾ ਹੀ ਉਸ ਦਾ ਸਭਿਆਚਾਰ ਬਣਦਾ ਏ। ਉਹ ਆਪਣੀ ਮਾਂ ਬੋਲੀ ਵੀ ਠੀਕ ਢੰਗ ਨਾਲ ਨਹੀਂ ਬੋਲ ਸਕਦੀ ਤੇ ਉਹਨੂੰ ਸਾਮਰਾਜੀ ਬੋਲੀ ਵੀ ਚੰਗੀ ਤਰ੍ਹਾਂ ਨਹੀਂ ਆਉਂਦੀ। ਫਿਰ ਇਹ ਸ਼੍ਰੇਣੀ ਕੀ ਕਰਦੀ ਏ ਕਿ ਜ਼ਿੰਦਗੀ ਦੇ ਸਾਰਿਆਂ ਪਾਸਿਆਂ ਵਿਚ ਗੱਲਾਂ ਦੀ ਭੈੜੀ ਜਹੀ ਨਕਲ ਕਰਦੀ ਹੈ। ਉਸਦਾ ਸੰਗੀਤ ਖਾਣ-ਪੀਣ ਅਤੇ ਵਰਤਣ-ਵਰਤਾ, ਆਦਤਾਂ ਤੇ ਹੋਰ ਮੇਲ-ਮਿਲਾਪ ਅਜੀਬ ਜਿਹਾ ਵੱਖਰਾ ਤੇ ਮੁਨਾਫ਼ੇ ਵਾਲਾ ਹੋ ਜਾਂਦਾ ਹੈ। ਇਹ ਸ਼੍ਰੇਣੀ ਜਜ਼ਬਾਤੀ, ਦਿਮਾਗੀ ਤੇ ਅਖਲਾਕੀ ਤੌਰ ਤੇ ਦੀਵਾਲੀਆ ਹੋ ਜਾਂਦੀ ਹੈ। ਅਰਥਾਤ ਸਾਮਰਾਜੀ ਆਰਥਕ ਚੀਰਫਾੜ ਤੇ ਲੁੱਟਮਾਰ ਦਾ ਬਹੁਤ ਭਾਰ ਮਿਹਨਤ ਕਰਨ ਵਾਲਿਆਂ ਤੇ ਪੈਂਦਾ ਏ ਤੇ ਉਹਦਾ ਸਭਿਆਚਾਰਕ ਭਾਰ ਮਿਡਲ ਕਲਾਸ ਤੇ ਹੇਠਲੀ ਮਧ-ਸ਼੍ਰੇਣੀ ਉੱਤੇ ਪੈਂਦਾ ਏ। ਸਮਾਜ ਦੀ ਇਹ ਅਧਰੰਗ-ਮਾਰੀ ਟੁਕੜੀ ਸਮਾਜ ਵਿਚ ਗੈਰ-ਰਾਜਨੀਤਕ ਰੱਵਈਏ ਦਾ ਝੰਡਾ-ਚੁੱਕ ਕੇ ਰੱਖਦੀ ਏ। ਉਸ ਦਾ ਕਾਰਨ ਇਹ ਹੈ ਕਿ ਇਹ ਆਪਣੀ ਧੁੰਦਲਾਹਟ ਕਾਰਨ ਖਿਆਲਾਂ ਤੇ ਨਜ਼ਰੀਏ ਦੇ ਖਿੰਡਾਅ ਦਾ ਸ਼ਿਕਾਰ ਹੁੰਦੀ ਏ। ਇਸ ਦਾ ਸਭਿਆਚਾਰਕ ਖਿੰਡਾਅ ਇਸ ਦੀ ਆਮ ਚਿੰਤਾ ਨੂੰ ਵਲਾ ਲੈਂਦਾ ਏ, ਨਾਲ ਹਾਸੇ ਵਾਲੀ ਗੱਲ ਇਹ ਹੈ ਕਿ ਤਬਕਾ ਆਪਣੇ ਇਸ ਵਿਚਾਰਧਾਰਕ ਤੇ ਦ੍ਰਿਸ਼ਟੀਕੋਣ ਦੇ ਖਿੰਡਾਅ ਨੂੰ ਅੱਜ ਕੱਲ ਵਿਗਿਆਨਕ ਸੋਚ ਤੇ ਲਿਬਰਲ ਧਰਮ-ਨਿਰਪੇਖ ਹੋਣਾ ਆਖਦਾ ਏ।

ਮਜ਼ਦੂਰ ਇੱਕ ਕਿਸਾਨ ਦੀ ਸ਼ਕਲ ਵਿਚ ਸ਼ਹਿਰ ਆਉਂਦਾ ਏ ਤੇ ਹੈਰਾਨ ਪ੍ਰੇਸ਼ਾਨ ਮਜ਼ਬੂਰ ਤੇ ਬੱਸ ਪੁਰਾਣੇ ਸਭਿਆਚਾਰ ਨੂੰ ਟੁੱਟਦਿਆਂ ਭੱਜਦਿਆਂ ਵੇਖਦਾ ਹੈ ਤੇ ਸਾਮਰਾਜੀ ਗੁਮਾਸ਼ਤਾ (ਹੱਥ-ਠੋਕਾ) ਸਭਿਆਚਾਰ ਨੂੰ ਪਰਚਲਤ ਹੁੰਦਿਆਂ ਵੇਖਦਾ ਏ। ਉਹਦੇ ਉੱਤੇ ਸਾਮਰਾਜੀ ਗ਼ਲਬੇ ਦਾ ਆਰਥਕ ਭਾਰ ਬੜਾ ਸਾਫ਼ ਨਜ਼ਰ ਆ ਰਿਹਾ ਏ, ਪਰ ਸਾਮਰਾਜੀ ਸਭਿਆਚਾਰ ਅੱਗੇ ਉਹਦੀ ਬੇਬਸੀ ਵੀ ਵੇਖਣ ਵਾਲੀ ਹੁੰਦੀ ਹੈ। ਉਹ ਨਾ ਤੇ ਕਿਸਾਨ ਵਾਂਗੂ ਆਪਣੇ ਸਭਿਆਚਾਰ ਨੂੰ ਜੀਊਂਦਾ ਤੇ ਸਾਂਭ ਕੇ ਰੱਖ ਸਕਦਾ ਏ ਤੇ ਨਾ ਈ ਸਾਮਰਾਜੀ ਰਹਿਤਲ ਵਾਸਤੇ ਤਿਆਰ ਹੁੰਦਾ ਏ, ਇੰਝ ਉਹ ਸਾਮਰਾਜੀ ਗੁਮਾਸ਼ਤਾ ਰਹਿਤਲ ਦੀ ਤਿਆਰ ਕੀਤੀ ਹੋਈ ਏਹੋ ਜਹੀ ਕਬਰ ਬਣ ਜਾਂਦਾ ਏ, ਜਿਹਦੇ ਵਿਚ ਜੀਊਂਦੀ ਜਾਗਦੀ ਕਿਸਾਨ ਰਹਿਤਲ ਨੂੰ ਜੀਊਂਦੇ ਹੀ ਕਬਰ-ਹਵਾਲੇ ਕਰ ਦਿੱਤਾ ਜਾਂਦਾ ਏ। ਇੰਝ ਉਹ ਇੱਕ ਨਵੇ ਸਭਿਆਚਾਰ ਦੀਆਂ ਨੀਹਾਂ ਰੱਖਦੀ ਏ ਜਿਹੜਾ ਸਾਇੰਸ ਦੀਆਂ ਧਰਮ-ਨਿਰਪੱਖ ਤੇ ਲਿਬਰਲ ਪਰਤਾਂ ਨੂੰ ਵੀ ਕਬੂਲ ਕਰਦੀ ਏ ਪਰ ਲੁੱਟ ਮਾਰ ਦੀਆਂ ਗਿੱਧਾਂ ਨੂੰ ਵੀ ਝਟਕ ਕੇ ਲਾਂਭੇ ਕਰ ਦਿੰਦੀ ਏ। ਇਹ ਰਹਿਤਲ ਸ਼ਕਲ ਵਿਚ ਨੈਸ਼ਲਿਸਟ (ਕੌਮ-ਪ੍ਰਸਤ) ਤੇ ਖਾਸੇ ਵਿਚ ਸਮਾਜਵਾਦੀ ਹੁੰਦੀ ਏ।

ਸ਼ਹਿਰਾਂ ਵਿਚ ਪੈਦਾਵਾਰੀ ਸ਼ਕਤੀਆਂ ਦੀ ਤਰੱਕੀ ਦੀ ਸਮਝ ਕਿਸਾਨਾਂ ਤੀਕ ਨਹੀਂ ਅੱਪੜਦੀ। ਉਸ ਦਾ ਕਾਰਨ ਇਹ ਹੈ ਕਿ ਨਵੀਆਂ ਪੈਦਾਵਾਰੀ ਤਾਕਤਾਂ ਦੀ ਘੜਤ ਨਾਲ ਸ਼ਹਿਰਾਂ ਵਿਚ ਜਿਹੜੀ ਨਵੀਂ ਰਹਿਤਲ ਬਣਦੀ ਜੁੜਦੀ ਏ, ਉਹਦੇ ਲਈ ਨਾ ਤੇ ਹਾਲੀ ਤਿਆਰ ਹੁੰਦਾ ਏ ਤੇ ਨਾ ਹੀ ਸਾਮਰਾਜ ਦੀ ਜੋੜੀ ਬਣਾਈ ਉੱਚੀ ਨੀਵੀਂ ਤਰੱਕੀ ਵਿਚ ਉਹਦਾ ਕੋਈ ਪ੍ਰਬੰਧ ਹੋ ਸਕਦਾ ਏ। ਇਹਦਾ ਇਹ ਨਤੀਜਾ ਨਿਕਲਦਾ ਏ ਕਿ ਹਾਲੀਆਂ ਵਿਚ ਕਾਇਨਾਤ ਨੂੰ ਵੇਖਣ ਦਾ ਉਹੀ ਪੁਰਾਣਾ ਪਛੜਿਆ ਤੇ ਹੰਢਿਆ ਗ਼ੈਰ-ਵਿਗਿਆਨ ਢੰਗ ਚਾਲੂ ਰਹਿੰਦਾ ਏ। ਉਹਨਾਂ ਦੀ ਰਹਿਤਲ ਉਹੀ, ਪੁਰਾਣੀਆਂ ਬੋਲੀਆਂ, ਕਦਰਾਂ, ਗੀਤਾਂ, ਰਹਿਣ-ਸਹਿਣ, ਮੇਲਿਆਂ-ਠੇਲਿਆਂ ਦੀ ਰਹਿਤਲ ਬਣ ਕੇ ਰਹਿ ਜਾਂਦੀ ਏ, ਇਹਦਾ ਇਹ ਮਤਲਬ ਹੈ ਕਿ ਸਾਮਰਾਜ ਦੇ ਹਮਲੇ ਤੋਂ ਪਹਿਲਾਂ ਦੀ ਰਹਿਤਲ ਦੀ ਭਾਲ ਸਾਨੂੰ ਹਾਲੀਆਂ ਵਿਚ ਕਰਨੀ ਪੈਂਦੀ ਏ, ਤੇ ਸਮਾਜ ਜਦੋਂ ਸਾਮਰਾਜ ਦੇ ਜੱਫੇ ਤੋਂ ਆਜ਼ਾਦ ਨਰੋਈ ਉਸਾਰੀ ਦਾ ਮਾਹੌਲ ਦੇਣਾ ਹੁੰਦਾ ਏ। ਗਲੀਆਂ ਦੀ ਰਹਿਤਲ ਸ਼ਹਿਰਾਂ ਵਿਚ ਸਾਰੀ ਸਾਮਰਾਜੀ ਆਰਥਕ ਰਹਿਤਲੀ ਸੋਕੇ ਦੇ ਹੁੰਦਿਆਂ ਵੀ ਬਹਾਰ-ਭਰੀ ਹੁੰਦੀ ਏ।

ਹੁਣ ਏਸ ਸਾਰੀ ਗੱਲ ਦਾ ਖੁਲਾਸਾ ਇਹ ਨਿਕਲਦਾ ਏ ਕਿ ਸਭ ਤੋਂ ਪਹਿਲਾਂ ਇੱਕ ਦਲਾਲ ਸਰਮਾਏਦਾਰੀ ਜਮਾਤ ਏ, ਜਿਹੜੀ ਏਸ ਸਾਰੇ ਧਾੜਵੀ ਰਹਿਤਲੀ ਵਰਤਾਰੇ ਨੂੰ ਦਿਲੋਂ ਜੀ ਆਇਆਂ ਆਖਦੀ ਏ। ਫੇਰ ਲੋਇਰ ਮਿਡਲ ਕਲਾਸ ਤੇ ਅੱਪਰ ਮਿਡਲ ਕਲਾਸ ਆਉਂਦੀ ਏ, ਜਿਹੜੀ ਸਭਿਆਚਾਰ ਦੇ ਮਸਲੇ ਉੱਤੇ ਸਭ ਤੋਂ ਵੱਧ, ਸੋਚਿਆ ਸਮਝਿਆ ਧੱਕੜਸ਼ਾਹ ਜਵਾਬੀ ਵਿਹਾਰ ਲੈ ਕੇ ਸਾਹਮਣੇ ਆਉਂਦੀ ਏ। ਇਸ ਜਵਾਬੀ ਵਰਤਾਰੇ ਵਿਚ ਦੋ ਕਿਸਮਾਂ ਦਾ ਰੋਲ ਹੁੰਦਾ ਹੈ। ਇਕ ਦੀ ਕਿਸਮ ਧਾਰਮਿਕ ਹੁੰਦੀ ਹੈ। ਇਹਦੇ ਵਿਚਾਰਵਾਨ ਧਰਮ ਦੀਆਂ ਬੜੀਆਂ ਨਵੀਆਂ ਤੇ ਸਨਅਤੀ ਕਾਢਾਂ ਕੱਢ ਕੇ ਸਾਹਮਣੇ ਲਿਆਉਂਦੇ ਨੇ ਤੇ ਦੂਜਾ ਜਵਾਬੀ ਵਰਤਾਰਾ ਦਿਖਾਵੇ ਵਿਚ ਅੱਗੇ-ਵਧੂ ਹੁੰਦਾ ਏ, ਪਰ ਰਹਿਤਲ ਨੂੰ ਏਨਾ ਕੁ ਢੁਕਵਾ ਏ ਕਿ ਰਹਿਤਲ ਹੀ ਸ਼੍ਰੇਣਕ ਸੰਘਰਸ਼ ਦਾ ਬਦਲ ਲੱਗਣ ਲੱਗ ਪੈਂਦੀ ਏ।

ਮਜ਼ਦੂਰ ਰਹਿਤਲੀ ਪੱਧਰ ਤੇ ਲਮਕ ਜਾਂਦਾ ਹੈ, ਪਰ ਹੌਲੀ ਹੌਲੀ ਨਵੀਂ ਰਹਿਤਲ ਦੇ ਜੰਮਣ ਦੀਆਂ ਪੀੜਾਂ ਵੀ ਸਹਿੰਦਾ ਏ, ਪਿੱਛੋਂ ਹਾਲੀ ਹੀ ਬਚਦੇ ਨੇ, ਜਿਹਨਾਂ ਦੇ ਚੇਤੇ ਤੇ ਦਿਲ ਵਿਚ ਸਥਾਨਕ ਸਭਿਆਚਾਰ ਨੇ ਸ਼ਰਨ ਲਈ ਹੁੰਦੀ ਹੈ।

ਏਸ ਵਰਤਾਰੇ ਨੂੰ ਅਸੀਂ ਸੰਸਾਰੀਕਰਨ ਦੀ ਆੜ ਵਿਚ ਸਾਮਰਾਜ ਦੀ ਰਹਿਤਲ ਦੇ ਹਮਲੇ ਨੂੰ ਸਮਝਣ ਦੀ ਵੀ ਕੋਸ਼ਿਸ਼ ਕਰੀਏ। ਸੰਸਾਰੀਕਰਨ ਪੈਦਾਵਾਰੀ ਸ਼ਕਤੀਆਂ ਦੀ ਉਸਾਰੀ ਦਾ ਵਿਗਿਆਨਕ ਸਿੱਟਾ ਹੈ। ਗਲੋਬਲ ਪਿੰਡ ਵਿਚ ਵੀ ਰਹਿਤਲ ਓਸੇ ਸ਼੍ਰੇਣੀ ਦੀ ਚੱਲਣੀ ਹੈ, ਜਿਸ ਦੇ ਹੱਥ ਵਿੱਚ ਪੈਦਾਵਾਰੀ ਤਾਕਤਾਂ ਹੋਣਗੀਆਂ। ਨੱਬੇ ਦੇ ਦਹਾਕੇ ਵਿਹ ਸੰਸਾਰੀਕਰਨ, ਨਵਾਂ ਸੰਸਾਰ ਪ੍ਰਬੰਧ, ਮੁਕਤ ਮੰਡੀ ਆਰਥਕਤਾ ਵਿਕੇਂਦਰੀਕਰਨ ਤੇ ਡੀ-ਰੈਗੂਲਾਈਜ਼ੇਸ਼ਨ ਦਾ ਹਮਲਾ ਹੁੰਦਾ ਹੈ ਤੇ ਸਾਡੇ ਦੇਸ਼ ਦੇ ਵੱਖ-ਵੱਖ ਧਿਰਾਂ ਕੁਝ ਇਸ ਤਰਾਂ ਪ੍ਰਤੀਕਰਮ ਵਿਖਾਲਦੀਆਂ ਨੇ।

ਸਭ ਤੋਂ ਪਹਿਲਾਂ ਸਿਵਿਲ ਤੇ ਮਿਲਟਰੀ ਬਿਊਰੋਕਰੇਸੀ ਆਉਂਦੀ ਏ। ਇਹ ਤਬਕਾ ਅਰਥਾਤ ਅਫਸਰ-ਸ਼ਾਹੀ ਪੂੰਜੀਪਤੀ ਸ਼ੁਰੂ ਤੋਂ ਹੀ ਸਾਮਰਾਜ ਦੀ ਭਗਤ ਏ ਤੇ ਇਹਦਾ ਢਾਂਚਾ ਤੇ ਪਾਲਣਾ-ਪੋਸਣਾ ਸਾਮਰਾਜੀ ਨੀਹਾਂ ਉੱਤੇ ਕੀਤੀ ਗਈ ਹੈ। ਇਹਨਾਂ ਲੋਕਾਂ ਦਾ ਤੌਰ-ਤਰੀਕਾ ਸਾਰੇ ਦਾ ਸਾਰਾ ਕਾਠੇ ਅੰਗ੍ਰੇਜ਼ਾਂ ਵਰਗਾ ਏ। ਨਵੇਂ ਵਿਸ਼ਵੀਕਰਨ ਦੇ ਏਜੰਡੇ ਵਿਚ ਇਹਨਾਂ ਦੀ ਕਮਬਖਤੀ ਈ ਆ ਗਈ ਹੈ ਕਿ ਠੰਢੀ ਜੰਗ ਦੇ ਜਨਮ ਹੋਣ ਕਾਰਨ ਸਾਮਰਾਜ ਇਹਨਾਂ ਦਾ ਵਜੂਦ (ਹੋਂਦ) ਨਹੀਂ ਸਹਾਰਦਾ। ਉਹ



ਢਾਂਚਾ ਗਤ ਪ੍ਰੋਗਰਾਮ ਅਧੀਨ ਇਹਨਾਂ ਨੂੰ ਘੱਟ ਕਰਨਾ ਚਾਹੁੰਦੇ ਹਨ। ਬਾਕੀ ਰਹਿਤਲ ਦੀ ਇਹਨਾਂ ਦੀ ਕੋਈ ਸਮੱਸਿਆ ਨਹੀਂ, ਸਗੋਂ ਅੱਗੇ ਚੱਲ ਕੇ ਅਸੀਂ ਵੇਖਾਂਗੇ ਕਿ ਇਹ ਅਫਸਰਸ਼ਾਹੀ ਵਧੇਰੇ ਕਰਕੇ ਪੰਜਾਬ ਤੋਂ ਹੈ ਤੇ ਇਹ ਦੂਜੇ ਸੂਬਿਆਂ ਨਾਲ ਆਪਣੇ ਵਿਹਾਰ ਕਾਰਨ ਸਾਡੀ ਮਾਂ-ਬੋਲੀ ਤੇ ਰਹਿਤਲ ਨੂੰ ਵੀ ਕੁਰਬਾਨ ਕਰਨ ਤੇ ਤੁਲੀ ਹੋਈ ਹੈ। ਇਹਨੂੰ ਸਾਮਰਾਜੀ ਆਰਥਕ ਏਜੰਡੇ ਦੇ ਅਨੁਸਾਰ ਕਰਨ ਵਿਚ ਕਈ ਸਰਕਾਰਾਂ ਉਲਟ ਗਈਆਂ।

ਇਸ ਪਿੱਛੋਂ ਪਿੱਠੂ ਸਰਮਾਏਦਾਰੀ ਦੀ ਵਾਰੀ ਆਉਂਦੀ ਹੈ। ਪਿਛਲੇ ਦਸਾਂ ਸਾਲਾਂ ਦੀਆਂ ਲੋਕ ਰਾਜੀ ਸਰਕਾਰਾਂ ਅਸਲ ਵਿਚ ਏਸ ਸ਼੍ਰੇਣੀ ਦੀਆਂ ਪ੍ਰਤੀਨਿਧ ਸਨ। ਇਹਨਾਂ ਨੇ 1990 ਈ. ਤੋਂ ਬਾਅਦ ਨਾ ਸਿਰਫ ਸਾਮਰਾਜ ਦੇ ਨਵੇਂ ਆਰਥਕ ਏਜੰਡੇ ਨੂੰ ਪ੍ਰਵਾਨ ਕੀਤਾ, ਸਗੋਂ ਸਾਮਰਾਜੀ ਰਹਿਤਲ ਨੇ ਵੀ ਪੈਰ ਜਮਾ ਲਏ। ਇਸ ਨੇ ਜਿਥੋਂ ਬਹੁ-ਰਾਸ਼ਟਰੀ ਕੰਪਨੀਆਂ ਤੇ ਕਮਿਸ਼ਨ ਦੀ ਹਿੱਸੇਦਾਰੀ ਖਾਧੀ, ਉਥੇ ਮੈਕਡੌਨਲਡ ਕਲਚਰ ਵੀ ਚਾਲੂ ਕੀਤੀ। ਬਿਜਲਈ ਸੰਚਾਰ-ਸਾਧਨਾਂ ਤੇ ਅੰਗਰੇਜ਼ੀ ਗੀਤਾਂ ਦੇ ਚਰਬੇ ਪਾਪ ਗਰੁੱਪਾਂ ਦੀ ਧਾੜ, ਪ੍ਰਾਈਵੇਟ ਉਪਜ ਦੇ ਨਾਂ ਤੇ ਜੰਤਾਂ ਨੂੰ ਇਕ ਨਵਾਂ ਤਮਾਸ਼ਾ ਵਿਖਾਇਆ ਜਾ ਰਿਹਾ ਏ। ਇਹ ਸਭਿਆਚਾਰ ਸ਼੍ਰੇਣਕ ਮਸਲਿਆਂ ਤੋਂ ਦੂਰ ਨਿਰੇ ਪੁਰੇ ਇਕ ਨਵੇਂ ਮਾਹੌਲ ਨੂੰ ਪ੍ਰਗਟ ਕਰਦਾ ਏ। ਹੇਠਲੀ ਮੱਧ-ਸ਼੍ਰੇਣੀ ਤੇ ਕਿਸਾਨਾਂ ਕਾਮਿਆਂ ਲਈ ਇਹ ਮਾਹੌਲ ਤੇ ਸਭਿਆਚਾਰ ਅਸਲੋਂ ਅਨੋਖਾ ਤੇ ਓਪਰਾ ਹੈ। ਇਹ ਹਾਲ ਭਾਰਤ ਦੇ ਕੇਬਲ ਕਲਚਰ ਦਾ ਏ, ਉਹਨਾਂ ਪ੍ਰੋਗਰਾਮਾਂ ਨੂੰ ਵੇਖ ਕੇ ਅੰਦਾਜ਼ਾ ਨਹੀਂ ਲੱਗਦਾ ਕਿ ਚਮਕ-ਦਮਕ ਵਾਲੇ ਇਸ ਦੇਸ਼ ਵਿਚ 46 ਫੀਸਦੀ ਜੰਤਾ ਭੁੱਖ ਤੇ ਗਰੀਬੀ ਦੀ ਅੰਤਮ ਸੀਮਾ ਨੂੰ ਪਹੁੰਚੀ ਹੋਈ ਹੈ, ਫੁੱਟ-ਪਾਥਾਂ ਤੇ ਸੌਂਦੀ ਏ। ਥੋਹੜੇ ਜਹੇ 'ਮਾਮ-ਡੈਡ' ਮੁੰਡੇ ਕੁੜੀਆਂ ਇਕੱਠੇ ਹੁੰਦੇ ਨੇ, ਕੈਮਰੇ ਚੁੱਕਦੇ ਨੇ ਤੇ ਗੱਪਾਂ ਮਾਰਦਿਆਂ ਸਿਗਰਿਟ ਤਿਆਰ ਕਰਦੇ ਨੇ, ਵੱਡੀ ਸਾਰੀ ਕੋਠੀ, ਖੁੱਲ੍ਹਾ ਦਫਤਰ, ਲੰਮੀਆਂ ਲੰਮੀਆਂ ਕਾਰਾਂ ਦਾ ਦ੍ਰਿਸ਼ ਫਿਲਮਾਇਆ। ਵਿਆਹ ਹੋਣਾ, ਨਾ ਹੋਣਾ ਵਿਸ਼ਾ ਹੈ। ਥੱਕਿਆ ਟੁੱਟਿਆ ਮਜ਼ਦੂਰੀ ਕਰਨ ਵਾਲਾ ਬੰਦਾ ਥੋਹੜੇ ਚਿਰ ਲਈ ਇਸ ਖੁਸ਼ੀਆਂ ਭਰੇ ਮਾਹੌਲ ਤੋਂ ਖੁਸ਼ ਹੁੰਦਾ ਏ ਤੇ ਫੇਰ ਆਪਣੀਆਂ ਸੱਧਰਾਂ ਉੱਤੇ ਹੰਝੂਆਂ ਭਰਿਆ ਚਿਹਰਾ ਲੈ ਕੇ ਸੌਣ ਮਗਰੋਂ ਅਗਲੇ ਦਿਨ ਫੇਰ ਰੋਟੀ ਦੀ ਭਾਲ ਵਿਚ ਨਿਕਲ ਪੈਂਦਾ ਏ। ਇਸ ਤੋਂ ਪਿੱਛੋਂ ਉਤਲੇ ਤਬਕੇ ਦੀਆਂ ਹੇਠਲੀਆਂ ਪਰਤਾਂ ਤੇ ਮਿਡਲ ਕਲਾਸ ਦੀਆਂ ਉਤਲੀਆਂ ਪਰਤਾਂ ਧਾੜਵੀ ਸਭਿਆਚਾਰ ਨੂੰ ਕਬੂਲ ਕਰਦੀਆਂ ਨੇ, ਪਰ ਉਹਨਾਂ ਨੂੰ ਏਸ ਕੰਮ ਵਿਚ ਲਾਭ ਬੜਾ ਘੱਟ ਦਿਸਦਾ ਏ। ਇਹ ਚਰਬਾ ਕਿਸਮ ਦੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਆਪਣੇ ਬਾਲਕਾਂ ਨੂੰ ਬੜਾ ਔਖਾ ਹੋ ਕੇ ਪੜ੍ਹਾਉਂਦੇ ਨੇ। ਏਸ ਉਪਰ ਮਿਡਲ ਕਲਾਸ ਤੋਂ ਦੋ ਤਰ੍ਹਾਂ ਦੀ ਪ੍ਰਤੀਕਿਰਿਆ ਆ ਰਹੀ ਹੈ। ਇਕ ਪਾਸੇ ਇਹ ਰਹਿਤਲੀ ਧਾੜ ਦਾ ਜਵਾਬ ਦੇ ਰਿਹਾ ਏ। ਸਕੂਲਾਂ ਨੂੰ ਸਹਾਇਤਾ ਦਿੰਦਾ ਏ ਪਰ ਆਪਣੇ ਬੱਚੇ ਅੰਗ੍ਰੇਜ਼ੀ ਸਕੂਲਾਂ ਵਿਚ ਹੀ ਪੜ੍ਹਾਉਂਦਾ ਏਂ। ਇਹ ਧਾੜਵੀਆਂ ਦੇ ਹੱਲੇ ਨੂੰ ਆਪਣੇ ਵਿਸ਼ਵਾਸਾਂ ਉੱਤੇ ਹਮਲਾ ਸਮਝਦਾ ਏ। ਇਹ ਸਮਝ ਵਿਚ ਅਸਲ ਸਮੱਸਿਆ ਇਹ ਹੈ ਕਿ ਧਾੜਵੀ ਸਿਰਫ ਮੁਸਲਮਾਨਾਂ ਨੂੰ ਖਤਮ ਕਰਨਾ ਚਾਹੁੰਦਾ ਏ। ਏਸੇ ਕਰਕੇ ਪ੍ਰਦੂਸ਼ਣ ਖਿਲਾਰ ਰਿਹਾ ਏ, ਇਹ ਆਕੜ ਕੇ ਵਿਸ਼ਵੀਕਰਨ ਦੇ ਸਾਹਮਣੇ ਖਲੋਤਾ ਏ ਤੇ ਖਬਰੇ ਕਿਹੜੇ ਤੇਲ ਵਾਲੇ ਮੁਲਕਾਂ ਦੀ ਰਹਿਤਲ ਚੁੱਕੀ ਫਿਰਦਾ ਏ। ਇਹਨੂੰ ਆਪਣੇ ਸੰਘਰਸ਼ ਲਈ ਖਾਸ ਮਾਲ ਸਾਮਰਾਜ ਦੀ ਪੈਦਾ ਕੀਤਾ ਗਰੀਬੀ ਤੋਂ ਮਿਲ ਜਾਂਦਾ ਏ। ਇਹ ਤਬਕਾ ਯੂਰਪ ਤੇ ਅਮਰੀਕਾ ਜਾ ਕੇ ਮਸੀਤਾਂ ਬਣਾਉਂਦਾ ਤੇ ਲੋਕਾਂ ਨੂੰ ਮੁਸਲਮਾਨ ਬਣਾ ਕੇ ਖੁਸ਼ ਹੁੰਦਾ ਏ, ਇਹਨਾਂ ਦੀਆਂ ਹਰਕਤਾਂ ਉੱਤੇ ਉਥੋਂ ਦੇ ਲੋਕੀਂ ਨਿਰਾ ਹੱਸਦੇ ਈ ਨਹੀਂ, ਸਗੋਂ ਖਿੱਝ ਵੀ ਖਾਂਦੇ ਨੇ। ਉਤਲੀ ਸ਼੍ਰੇਣੀ ਦੀਆਂ ਹੇਠਲੀਆਂ

ਪਰਤਾਂ ਤੇ ਮਿਡਲ ਕਲਾਸ ਦੀਆਂ ਉਤਲੀਆਂ ਪਰਤਾਂ ਦਾ ਦੂਜਾ ਜਵਾਬੀ ਵਿਹਾਰ ਵੱਖਰਾ ਏ। ਇਹ ਲੋਕ ਪੱਛਮੀ ਰਹਿਤਲ ਨੂੰ ਵੀ ਅਪਨਾਉਣਾ ਚਾਹੁੰਦੇ ਨੇ ਤੇ ਨਾਲ ਨਾਲ ਆਪਣੀ ਰਹਿਤਲ ਨੂੰ ਵੀ ਛੱਡਣਾ ਨਹੀਂ ਚਾਹੁੰਦੇ। ਇਹ ਲੋਕ ਆਮ ਤੌਰ ਤੇ ਅੱਜ ਕੱਲ੍ਹ ਆਪਣਾ ਪ੍ਰਗਟਾਵਾ (N.G.O.) ਕਲਚਰ ਰਾਹੀਂ ਕਰ ਰਹੇ ਨੇ, ਸਾਡਾ ਅੱਜ ਦਾ ਸਾਰਾ ਮੀਡੀਆ ਏਸੇ ਭੁਲੇਖੇ ਨੂੰ ਦੂਰ ਕਰਨ ਦੀਆਂ ਬਹਿਸਾਂ ਨਾਲ ਭਰਿਆ ਪਿਆ ਏ। ਕਿਉਂਕਿ ਸਾਰੇ ਲਿਖਾਰੀ ਇਹਦੇ ਤੋਂ ਹੀ ਪੈਦਾ ਹੁੰਦੇ ਨੇ। ਲਿਖਾਰੀਆਂ ਦੀ ਹਾਲਤ ਇਹ ਹੈ ਕਿ ਇਹ ਇਕ ਪਾਸੇ ਤਾਂ ਸਾਰੇ ਦੁੱਖਾਂ-ਦਰਦਾਂ ਦਾ ਦਾਰੂ ਰਹਿਤਲ ਨੂੰ ਹੀ ਦੱਸਣ ਲੱਗ ਪੈਂਦੇ ਨੇ ਪਰ ਉਹਨਾਂ ਨੂੰ ਆਪਣੀ ਰੋਟੀ ਦੇ ਚੱਕਰਾਂ ਅਤੇ ਉਤਲੇ ਤਬਕੇ ਦੀ ਨਕਲ ਤੋਂ ਹੀ ਵਿਹਲ ਨਹੀਂ ਮਿਲਦੀ, ਹਾਲਾਂ ਕਿ ਇਹ ਲੋਕੀਂ ਮਾਲੀ ਲੁੱਟ ਦੇ ਵਿਰੁੱਧ ਵੀ ਲੜ ਰਹੇ ਹੁੰਦੇ ਨੇ ਤੇ ਸਾਮਰਾਜੀ ਕਲਚਰ ਦੀ ਸਿਉਂਦ ਦੀ ਵੀ ਇਹਨਾਂ ਨੂੰ ਪੀੜ ਹੁੰਦੀ ਏ। ਇਹ ਇਸ ਤਬਕੇ ਦੀ ਮਜ਼ਬੂਰੀ ਏ ਕਿ ਇਹ ਇਸ ਧੁੰਦਲਕੇ ਤੇ ਦੋਗਲੀ ਦਿਮਾਗੀ ਹਾਲਤ ਤੋਂ ਬਾਹਰ ਨਿਕਲੇ।

ਕਿਸਾਨ ਸਿੱਧੇ ਸਾਹਵੇਂ ਵਿਸ਼ਵੀਕਰਨ ਦੀ ਕਲਚਰ ਦੀ ਮਾਰ ਵਿਚ ਹਾਲੀ ਨਹੀਂ ਆ ਰਹੇ। ਦੂਜਾ ਉਹਨਾਂ ਦਾ ਪਛੜੇਵਾਂ ਉਹਨਾਂ ਨੂੰ ਇਹਦੇ ਤੋਂ ਬਚਾਉਂਦਾ ਏ। ਉਹ ਪਹਿਲੇ ਸਮਿਆਂ ਦੀ ਫਿਊਡਲ ਕਲਚਰ ਨੂੰ ਸਾਂਭੀ ਬੈਠੇ ਨੇ। ਉਹਨਾਂ ਕੋਲ ਸਾਮਰਾਜ-ਵਿਰੋਧੀ ਲੋਕ-ਗੀਤ ਹੈ, ਲੋਕ ਸਾਹਿਤ ਹੈ। ਇਹ ਜ਼ਿੰਮੇਵਾਰੀ ਅੱਗੇ-ਵਧੂ ਵਿਚਾਰਵਾਨਾਂ ਦੀ ਹੈ ਕਿ ਉਹ ਕਿਸਾਨਾਂ ਤੋਂ ਸਾਮਰਾਜ ਵਿਰੋਧੀ ਲੋਕ-ਸਾਹਿਤ ਲੈਣ ਤੇ ਉਹਨਾਂ ਨੂੰ ਨਵੇਂ ਸ਼੍ਰੇਣਕ ਸਮੱਸਿਆਵਾਂ ਤੇ ਅਰਥਾਂ ਵਿਚ ਪੇਸ਼ ਕਰਨ। ਮਜ਼ਦੂਰਾਂ/ਕਿਸਾਨਾਂ ਦੀ ਅਸਲ ਸਮੱਸਿਆ ਪੈਦਾਵਾਰੀ ਤਾਕਤਾਂ ਦੀ ਖੁੱਲ੍ਹ ਤੇ ਆਜ਼ਾਦੀ ਹੈ, ਕਿਉਂ ਜੋ ਪੈਦਾਵਾਰੀ ਤਾਕਤਾਂ ਜਿਸ ਜਮਾਤ ਦੇ ਹੱਥ ਵਿਚ ਹੋਵਣ ਰਹਿਤਲ ਵੀ ਓਸੇ ਹੀ ਸ਼੍ਰੇਣੀ ਦੀ ਚੱਲਦੀ ਹੈ। ਜੇ ਅੱਜ ਵਿਸ਼ਵੀਕਰਨ ਦੇ ਜ਼ਮਾਨੇ ਵਿਚ ਅਸੀਂ ਪੈਦਾਵਾਰੀ ਸ਼ਕਤੀਆਂ ਆਜ਼ਾਦ ਨਾ ਕਰਵਾ ਸਕੇ ਤਾਂ ਪੰਜਾਬ ਦੀ ਰਹਿਤਲ ਉੱਕਾ ਖਤਮ ਹੋ ਜਾਵੇਗੀ। ਡਾਇਓਜੀਨ ਨੇ ਕਿਹਾ ਸੀ ਕਿ ਮੈਂ ਕਿਸੇ ਚੀਜ਼ ਦੇ ਕਬਜ਼ੇ ਵਿਚ ਨਹੀਂ ਆਉਣਾ ਚਾਹੁੰਦਾ। ਏਸੇ ਕਾਰਨ ਮੈਂ ਕਿਸੇ ਚੀਜ਼ ਉੱਤੇ ਕਬਜ਼ਾ ਵੀ ਨਹੀਂ ਕਰਦਾ।

ਸਾਡੇ ਪੰਜਾਬ ਦੇ ਉਤਲੇ ਤਬਕੇ ਵਾਲੇ ਜੰਤਾ ਨੂੰ ਕਬਜ਼ੇ ਵਿਚ ਕਰਨ ਦੇ ਚੱਕਰ ਵਿਚ ਆਪ ਏਸ ਖਾਹਿਸ਼ ਦੇ ਕਬਜ਼ੇ ਹੇਠ ਆ ਗਏ ਨੇ। ਉਹ ਸ਼ਕਤੀਸ਼ਾਲੀ ਹੁੰਦਿਆਂ ਆਪਣੀ ਮਾਂ ਬੋਲੀ ਵੀ ਲੋਕਾਂ ਨੂੰ ਨਹੀਂ ਦਿੰਦੇ ਪਏ। ਇੰਝ ਪੰਜਾਬ ਦੀ ਕਲਚਰ ਦਹਾਕਿਆਂ ਵਿਚ ਨਹੀਂ, ਸਗੋਂ ਕੁਝ ਵਰ੍ਹਿਆਂ ਵਿਚ ਹੀ ਖਤਮ ਕਰ ਦਿੱਤੀ ਜਾਵੇਗੀ।

ਏਸ ਕਰਕੇ ਅੱਜ ਸੰਸਾਰੀਕਰਨ ਦੇ ਵੇਲੇ ਪੰਜਾਬ ਦੀ ਰਹਿਤਲ ਤੇ ਮਾਂ ਬੋਲੀ ਦੀ ਸਮੱਸਿਆ ਮਿਹਨਤੀਆਂ ਤੇ ਹਾਲੀਆਂ ਦੀ ਪੈਦਾਵਾਰੀ ਤਾਕਤਾਂ ਦੀ ਆਜ਼ਾਦੀ ਦਾ ਮਸਲਾ ਬਣ ਗਿਆ ਏ, ਜਿਹੜਾ ਨਿਰਾ ਸਾਮਰਾਜ ਤੋਂ ਹੀ ਨਹੀਂ, ਅੰਦਰ ਦੀਆਂ ਲੋਟੂ ਜਮਾਤਾਂ ਤੋਂ ਆਜ਼ਾਦੀ ਲੈਣ ਨਾਲ ਜੁੜਿਆ ਹੋਇਆ ਏ।

*—(ਪੰਚਮ-ਮਾਰਚ/ਅਪਰੈਲ ਅੰਕ ਲਾਹੌਰ)*


**ਨਵਾਂ ਸਿਰਨਾਵਾਂ**

*ਨ੍ਰਿਪਇੰਦਰ ਰਤਨ*

*ਨੰ: 168, ਸੈਕਟਰ 33ਏ, ਚੰਡੀਗੜ੍ਹ-160020*






## 1. ਵੱਟਾ ਸੱਟਾ/*ਅੰਜਮ*

ਭੁੱਖ ਦੀ ਬੁਰਕੀ ਤੇਹ ਵਿਚ ਭਿਓਂਕੇ, ਢਿੱਡ ਨੂੰ ਆਹਰੇ ਲਾਨੀ ਆਂ,
ਖਾਲੀ ਭਾਂਡਾ ਠੰਢੇ ਚੁੱਲੇ, ਚਾੜ੍ਹ ਕੇ ਡੰਗ ਟਪਾਨੀ ਆਂ।
ਅੜਕਾਂ ਹੋਏ ਵਾਲਾਂ ਨੂੰ ਮੈਂ ਕੰਡਿਆਂ ਨਾਲ ਪਈ ਵਾਹਨੀਆਂ,
ਝੱਖੜ ਧੁੱਪ ਦੇ ਲੀੜੇ ਸਵਾਂ ਕੇ, ਨੰਗੇ ਪਿੰਡੇ ਪਾਨੀ ਆਂ।
ਹੋਰ ਕਿਸੇ ਦਾ ਕੰਮ ਸੀ ਤੇ ਮੈਂ ਹੋਰ ਕਿਸੇ ਅੱਗੇ ਡਾਹਨੀ ਆਂ।

## 2. ਓਸ ਤੋਂ ਉਹਲੇ/*ਜ਼ਫ਼ਰ ਇਕਬਾਲ*

ਇਸ਼ਕ ਦਾ ਸਾਲੂ ਮੁੱਲ ਆਦਾਂ ਅਸੀ ਚਾੜ੍ਹ ਨੀਲਾਮੀਂ ਝੱਗੇ,
ਅੰਦਰੇ ਅੰਦਰ ਧੂੰਆਂ ਧੁਖਾਇਆ ਵਿਚ ਅੰਗਿਆਰ ਮਘੇ।
ਸੌਦਾ ਕਰਦੇ ਰਹੇ ਦਰਿਆ ਦਾ, ਗਏ ਪੁਲਾਂ ਤੇ ਠੱਗੇ,
ਟੁਰ ਜੂ ਪਏ ਤੇ ਕਿਆ ਝੂਰਨਾ, ਕੀ ਪਿੱਛੇ ਕੀ ਅੱਗੇ।
ਰੁੱਖਾਂ ਹੇਠ ਖੜਾਕ ਪਿਆ ਕੋਈ ਵਾ ਪਰਾਹੁਣੀ ਵਗੇ,
ਬੂਟੀ ਫੁੱਲਣ ਤੇ ਆਈ, ਅਸੀਂ ਬੈਠੇ ਖੋਲ੍ਹ ਤਰੱਗੇ।
ਸਭ ਨੂੰ ਪਈ ਨਸ਼ਾਬਰ ਹੋਵੇ, ਉਸ ਨੂੰ ਪਤਾ ਨਾ ਲੱਗੇ।

## 3. ਮੈਂ ਬੇ ਕੈਦ/*ਤਈਬ ਰਜ਼ਾ*

ਵੱਤ ਨੱਚੀਏ ਨਾਲ ਹਵਾ ਦੇ
ਘੁੰਮ ਘੁੰਮ ਘੇਰੇ ਪਾ ਕੇ
ਝੁੰਮਰ ਪਾਈਏ।

ਵੱਤ ਮੀਂਹ ਦੀ ਕਿਣ-ਮਿਣ
ਨਾਲ ਵਜਾਈਏ ਤਾਲੀ
ਜ਼ੋਰ ਜ਼ੋਰ ਦੀ

ਭਾਵੇਂ ਹੱਥਾਂ ਵਿਚੋਂ ਵਗਣ ਲੱਗ ਪਏ ਲਹੂ
ਲੀੜੇ ਪਾੜ ਕੇ ਪਾਣੀ ਅੰਦਰ ਰਲ ਜਾਈਏ
ਪਾਣੀ ਵਰਗੇ ਹੋ ਜਾਈਏ
ਬੇਰੋਕ ਨਿਲੱਜ...।

ਸੜਕਾਂ ਉੱਤੋਂ ਰਿੜ੍ਹਦੇ ਫਿਰੀਏ
ਵੱਜ ਵੱਜ ਕੰਧਾਂ ਢਾਹੀਏ
ਆਂਹਦੇ ਫਿਰੀਏ ਚੀਕ ਚੀਕ ਕੇ
"ਮੈਂ ਬੇ-ਕੈਦ, ਮੈਂ ਬੇ-ਕੈਦ
ਨਾ ਰੋਗੀ ਨਾ ਵੈਦ।"

## ਬਾਬਾ ਖ਼ੁਸ਼ੀ ਮੁਹੰਮਦ ਨਿਸਾਰ

ਕੌਮ ਦੇ ਮਗਰੋਂ ਲਹਿ ਜਾਵੇ, ਇਹ ਜ਼ੁਲਮਾਂ ਭਰੀ ਚੁੜੇਲ,
ਜੋ ਆਸਾਂ ਦੀਆਂ ਕਲੀਆਂ ਉੱਤੇ ਪਾਉਂਦੇ ਬਖ਼ਤ ਤਰੇਲ।

ਅਗਲਿਆਂ ਨੇ ਵੀ ਕਾਨੇ ਵਾਹ ਈ, ਪਬਲਕ ਨੂੰ ਭੜਕਾਇਆ,
ਇਸ ਵਾਰੀ ਵੀ ਲਗਦਾ ਆ ਗਈ, ਅੰਨ੍ਹਿਆਂ ਹੱਥ ਗੁਲੇਲ।

ਮੈਨੂੰ ਸੂਟ ਸਵਾ ਕੇ ਦੇਸਣ ਆਸ ਜਿਨ੍ਹਾ ਤੇ ਰੱਖੀ,
ਸਿਰ ਦਾ ਸਾਫਾ ਖੋਹ ਕੇ ਲੈ ਗਏ, ਨੀਤਾਂ ਦੇ ਮੁਕਰੇਲ।

ਇਹਨੂੰ ਦੱਸ ਸਮਝਾਵੇ ਕਿਹੜਾ, ਬੇ ਸੁਰਤਾ ਏ ਮਾਲੀ,
ਪੁੱਟ ਪੁੱਟ ਸੁੱਟ ਨਾ ਫੁੱਲ ਦੇਵਣਗੇ, ਬੂਟੇ ਅਜੇ ਬਚੇਲ।

ਆਸ ਬੜੀ ਸੀ ਮਸਕੀਨਾਂ ਨੂੰ ਸੁੱਖ ਦੀ ਨੀਂਦ ਸਵਾਂ ਗਏ,
ਅਜੇ ਤੇ ਓਵੇਂ ਚਾਰ ਚੁਫੇਰੇ. ਜੱਗੇ ਚੋਰ ਧੜੇਲ

ਮੁਖਲਸ ਹੁੰਦਾ, ਪਹਿਲੇ ਹਮਲੇ , ਧਿਰ ਸੱਪਾਂ ਦੇ ਵੱਢਦਾ,
ਹੁਣ ਕੀਲੇ ਨਾ ਮਾਰੇ ਜਾਣੇ, ਕਰ ਲਈ ਜਦੋਂ ਕੁਵੇਲ।

ਮੁਖਲਸ ਰਿਹਾ, ਨਾ ਮੁਸਲਮ ਬਣ ਗਈ, ਕਾਫਰ ਦੀ ਸਰਦਾਰੀ,
ਨਾਲੇ ਦਬਕੇ ਲਾਉਂਦਾ, ਨਾਲੇ ਘੋਲਦਾ ਇਤਰ ਫੁਲੇਲ।

ਰਹਿੰਦੇ ਸਾਹ ਕੱਢਣ ਲਈ, ਸੀ. ਟੀ. ਬੀ. ਜਾਲ ਬਣਾਇਆ,
ਚੱਲ ਪਈ ਹੋਈ ਅਮਰੀਕਾ ਤੋਂ ਇਕ ਕਲਿੰਟਨ ਰੇਲ।

ਓੜਕ ਖਤਮ 'ਨਿਸਾਰਾ' ਹੋਣੇ ਲੂਸੇ ਝੁਲਸੇ ਮੌਸਮ,
ਕਰਮ ਖ਼ੁਦਾ ਨੇ ਕਰਨਾ, ਫੁੱਟ ਕੇ ਕੱਢਣੇ ਫੁੱਲ ਰਵੇਲ।

• • • • •





## ਆਪਣੀ ਛਾਵੇਂ ਧੁਖਦੀ ਸ਼ਾਇਰੀ—ਪੌਣਾਂ ਦੇ ਰੰਗ

ਪਰਵਾਸੀ ਕਵੀ ਡਾ. ਦਰਸ਼ਨ ਗਿੱਲ ਰਚਿਤ 'ਪੌਣਾ ਦੇ ਰੰਗ' ਨਿਰੋਲ ਗ਼ਜ਼ਲਾਂ ਦੀ ਪੁਸਤਕ ਹੈ। 79 ਸਫਿਆਂ ਵਿਚ 67 ਗ਼ਜ਼ਲਾਂ ਸਮੋਈ ਬੈਠੀ ਸ਼ਾਇਰੀ ਦੀ ਕਿਤਾਬ ਦਾ ਮੁੱਲ 80 ਰੁਪਏ ਹੈ। ਇਸ ਦੇ ਪ੍ਰਕਾਸ਼ਕ ਰਵੀ ਸਾਹਿਤ ਪ੍ਰਕਾਸ਼ਨ ਵਾਲੇ ਹਨ ਜਦੋਂ ਕਿ ਇਸ ਦਾ ਮੁੱਖ ਬੰਦ ਦਰਸ਼ਨ ਗਿੱਲ ਦੇ ਸਹਿਗਾਮੀ ਜਨਾਬ ਨਦੀਮ ਪ੍ਰਮਾਰ ਨੇ ਲਿਖਿਆ ਹੈ।

'ਪੌਣਾ ਦੇ ਰੰਗ' ਵਿਚਲੀਆਂ ਗ਼ਜ਼ਲਾਂ ਜਿੱਥੇ ਪਰਵਾਸ ਦੇ ਸੰਤਾਪ ਵਿਚ ਛਪ ਰਹੀਆਂ ਹਨ। ਸ਼ਾਇਰ ਕਨੇਡਾ ਵਿੱਚ ਹੈ ਪਰ ਉਸ ਨੂੰ ਆਪਣੇ ਮਾਂ-ਵਤਨ ਪੰਜਾਬ ਵਿੱਚ ਝੁੱਲੇ ਅੱਤਵਾਦੀ ਝੱਖੜ ਨੇ ਝੰਬਿਆਂ ਅਤੇ ਉਸਦੇ ਚਾਵਾਂ ਤੇ ਮੋਹ ਦੇ ਪੱਤੇ ਮਰੋੜੇ ਹਨ। ਭਾਵੇਂ ਸ਼ਾਇਰ ਇਸ ਅੱਤਵਾਦ ਦੀਆਂ ਸਾਜਿਸ਼ੀ ਨੀਵਾਣਾਂ ਦੀ ਤਹਿ ਤੀਕ ਨਹੀਂ ਜਾਂਦਾ ਪਰ ਜਿਵੇਂ ਉਹ ਇਸਦਾ ਲਹੂ-ਗੰਧਾ ਸੇਕ ਮਹਿਸੂਸ ਕਰਦਾ ਹੈ ਉਵੇਂ ਹੀ ਗ਼ਜ਼ਲਾਂ ਵਿਚ ਪਰੋ ਕੇ ਰੁਦਨ ਅਵਸਥਾ ਤੋਂ ਅਗਾਂਹ ਨਿੰਦਣ ਤੇ ਰੱਦਣ ਦਾ ਸਾਹਿੱਤਕ ਫਰਜ਼ ਅਦਾ ਕਰਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਪੰਜਾਬ ਅਜਾਈਂ ਲਹੂ ਲੁਹਾਨ ਹੋ ਗਿਆ ਹੈ। ਲੁਟੇਰੇ ਧਰਮ ਦਾ ਬੁਰਕਾ ਪਾ ਕੇ 'ਅੰਨ੍ਹੀ ਰਈਅਤ' ਦੇ ਪੀਰ-ਬਾਬੇ ਬਣ ਗਏ ਹਨ। ਪੰਜਾਬ ਦਾ ਹਰ ਸ਼ਹਿਰ, ਪਿੰਡ, ਸੱਥ, ਗਲੀ ਮੁਹੱਲਾ ਤੇ ਖੇਤ ਇਸ ਅੱਤਵਾਦ ਦੇ ਸੰਤਾਪ ਨੇ ਉਦਾਸ ਤੇ ਬੇਹਿੱਸ ਕਰ ਦਿੱਤੇ ਸਨ। ਸ਼ਾਇਰ ਕਹਿੰਦਾ ਹੈ 'ਪੌਣਾ ਹੋਈਆਂ ਸਾਜਿਸ਼ੀ, ਬੁੱਲੇ ਬਦਲਾ ਖੋਰ, ਪਾਣੀਆਂ ਅੰਦਰ ਘੁਲ ਗਈ ਸਰਹੱਦਾਂ ਦੀ ਜ਼ਹਿਰ' ਅਤੇ 'ਵਹਿਸ਼ਤ ਨੰਗੀ ਨੱਚਦੀ, ਦਹਿਸ਼ਤ ਚਾਰ ਚੁਫੇਰ, ਡਾਕੂ, ਚੋਰ ਸਮਗਲਰਾਂ ਲੁੱਟਿਆ ਸ਼ਹਿਰ ਭੰਬੋਰ।' ਸ਼ਾਇਰ ਮਹਿਸੂਸ ਕਰਦਾ ਹੈ ਕਿ, 'ਵਿਦਿਆ ਕੇਂਦਰ ਬਣ ਗਏ ਅੱਤਵਾਦ ਦੀ ਠਾਹਰ, ਆਲਮ=ਫਾਜ਼ਲ ਹੋ ਗਏ ਹੁਣ ਅਕਲਾਂ ਦੇ ਚੋਰ' ਸ਼ਾਇਰ ਪੁਰਾਣੇ ਪੰਜਾਬ ਨੂੰ ਯਾਦ ਕਰਕੇ ਬੀਤਦੇ ਕਹਿਰ ਉੱਤੇ ਕਾਟਾ ਮਾਰਨ ਦਾ ਯਤਨ ਕਰਦਾ ਹੈ। ਸ਼ਾਇਰ ਇਸ ਗਲੋਂ ਹੱਸਾਸ ਹੈ ਕਿ ਹਰ ਅਤਵਾਦ ਹਾਕਮਾਂ ਅਤੇ ਧਰਮ ਦੇ ਪੋਪਾਂ ਵਾਸਤੇ ਮੁਫੀਦ ਅਤੇ ਉਹਨਾਂ ਦੀ ਉਮਰ ਦਰਾਜ਼ ਦੀ ਦੁਆ ਹੁੰਦਾ ਹੈ। ਉਹ ਕਹਿੰਦਾ ਹੈ, 'ਆੜ ਲੈ ਕੇ ਧਰਮ ਦੀ ਤੇ ਮਜ਼ਬ ਦੀ, ਪੂਰਦੇ ਨੇ ਪੱਖ ਇਹ ਧਨਵਾਨ ਦਾ।' ਗਿੱਲ ਅਤਵਾਦ ਨੂੰ ਭੰਗ ਦੇ ਨਸ਼ੇ ਨਾਲ ਵੀ ਤਸ਼ਬੀਹੀ ਕਰਦਾ ਹੈ ਤੇ ਅਖਬਾਰੀ ਸੁਰਖੀ ਦੀ ਭੁੱਖ ਵੀ ਕਹਿੰਦਾ ਹੈ।

ਪੁਸਤਕ ਵਿਚਲੀ ਸ਼ਾਇਰੀ ਦਾ ਮੁੱਖ ਹਿੱਸਾ ਪਰਵਾਸ ਵਿਚ ਜਾ ਵੱਸੇ ਪੰਜਾਬੀ ਦੀ ਵਤਨ-ਹੁੱਬ ਵਿੱਚ ਜ਼ਖ਼ਮੀ ਹੂਕ ਹੈ। ਜੋ ਜ਼ਖ਼ਮੀ ਹਰਨੋਟੇ ਵਾਂਗ ਕਿਸੇ ਵੀ ਦਿਲ ਨੂੰ ਤੜਪਾਉਣ ਦੇ ਸਮਰੱਥ ਹੈ। ਸ਼ਾਇਰ ਦਾ ਇਹ ਸ਼ਿਅਰ ਸਲਾਹੁਣ ਯੋਗ ਬਰੀਕੀ ਤੇ ਹੁਨਰਮੰਦੀ ਨੂੰ ਪਹੁੰਚਦਾ ਹੈ— 'ਬੈਠਾ ਪਰਾਏ ਵਤਨੀ', ਸੋਚੇ ਤੂੰ ਦੇਸ ਬਾਰੇ, ਏਨਾ ਹੱਸਾਸ ਹੋ ਕੇ ਕਿੱਦਾਂ ਸਰੇਗਾ ਤੇਰਾ ?' ਅਤੇ 'ਤੈਨੂੰ ਘਰ ਤੋਂ ਬੇਘਰ ਹੋਦਿਆਂ ਅੱਧੀ ਉਮਰਾ ਬੀਤੀ, ਘਰ ਵਾਲੇ ਵੀ ਭੁੱਲ ਚੁੱਕੇ ਹਨ ਰਾਮ ਗਿਆ ਬਨਬਾਸਾਂ ਨੂੰ।' ਉਹ ਉਦਾਸ ਅਤੇ ਵਰਤ ਰਹੀ ਦੀ ਮੰਦੀ ਚੜ੍ਹਿਆ ਕੂਕਦਾ ਹੈ।

'ਮੈਂ ਨਹੀਂ ਪਰਤਾਂਗਾ ਆਪਣੇ ਦੇਸ਼ ਹੁਣ, ਬੰਦ ਨੇ ਸਭ ਮੇਰੇ ਲਈ ਪ੍ਰਵੇਸ਼ ਹੁਣ' ਉਹ ਆਪਣੀ ਦੇਸ-ਬਦਰੀ ਨੂੰ ਬੇਰੁਜ਼ਗਾਰੀ ਦੇ ਸ਼ੀਸ਼ੇ 'ਚੋਂ ਵੀ ਵੇਖਦਾ ਹੈ, 'ਜਿਹੜੀ ਧਰਤ ਦੇ ਸਕੇ ਨਾ ਰੋਜ਼ੀ ਆਪਣੇ ਬਸ਼ਰ ਨੂੰ, ਉਹ ਵਿਦੇਸ਼ੀ ਰੁਲਣਗੇ, ਹਿੱਕਾਂ ਤੇ ਛਾਲੇ ਜਰਨਗੇ।' ਦਰਸ਼ਨ ਗਿੱਲ ਨੂੰ ਦੁੱਖ ਹੈ ਕਿ ਜਿੱਥੇ ਪੰਜਾਬੀਆਂ ਦੇ ਬੱਚੇ ਪੰਜਾਬੀ ਸਭਿਆਚਾਰ ਨੂੰ ਠਿੱਠ ਕਰਣਗੇ ਉਥੇ ਦੁੱਧ ਨੂੰ ਡੁੱਡ ਕਹਿ ਕੇ ਪੰਜਾਬੀ ਨੂੰ

ਟੋਮੀ ਵੀ ਬਣਾਉਣਗੇ–'ਮੇਰਾ ਬੱਚਾ ਦੁੱਧ ਨੂੰ ਡੂੱਡ ਆਖਦਾ. ਮਾਂ ਨੂੰ ਬੜੀਆਂ ਮੁਸ਼ਕਿਲਾਂ ਦਰਪੇਸ਼ ਹੁਣ' ਸ਼ਾਇਰ ਬਹੁਰੰਗੀ ਸ਼ਾਇਰੀ ਵਿੱਚ ਅਨੇਕਾਂ ਹੀ ਵਿਸ਼ੇ ਜਿਵੇਂ ਰਿਸ਼ਤਿਆਂ ਦੀ ਭੀੜ, ਭੰਗੜੇ ਦੀ ਥਾਂ ਪੌਪ, ਸੰਖਾਂ ਢੋਲਕੀਆਂ ਤੇ ਬਾਗਾਂ ਦੀ ਸੂਲੀ ਚੜ੍ਹਿਆ ਹਰ ਮਜਹਬ, ਹਰ ਕਦਮ ਤੇ ਪਾਖੰਡੀ ਡੇਰੇ, ਕਿਤਾਬੀ ਖਤ, ਪਗਡੰਡੀਆਂ ਬਾਨਾਮ ਸ਼ਾਹ ਰਾਹ, ਕੋਹਲੂ ਦੇ ਬੈਲ ਵਰਗੀ ਜ਼ਿੰਦਗੀ ਦੀ ਰੱਦਤਾ, ਫੈਸਲੇ ਨੂੰ ਸਮਰਪਿਤ ਪਲਾਂ ਦਾ ਮੁੱਲ, ਯੱਖ ਹੋਈਆਂ ਸੀਰਤਾਂ ਦਾ ਦਰਦ, ਆਪਣਿਆਂ ਦੀ ਚਿਖਾ ਦੇ ਸੇਕ ਦੀ ਯਖਤਾ, ਕਨੇਡਾ ਜਾ ਕੇ ਪੰਜਾਬੀ ਰਾਜਨੀਤੀਵਾਨਾ ਦੀ ਦੋਧਾਰੀ ਬੋਲੀ ਅਤੇ ਨੈਤਿਕਤਾ ਆਦਿ ਵਿਸ਼ੇ ਬਹੁਤ ਹੀ ਖ਼ੂਬੀ ਨਾਲ ਪੇਸ਼ ਹੋਏ ਹਨ।

ਦਰਸ਼ਨ ਗਿੱਲ ਨੇ ਬੜੀ ਹੀ ਬਾਰੀਕੀ ਭਰੇ ਲਹਿਜੇ ਵਿਚ ਅਤਵਾਦ ਦੇ ਝੱਖੜ ਵਿਚ ਰੁੱਖਾਂ ਵਾਂਗ ਖਲੋਤੇ ਬੰਦਿਆਂ ਦੀ ਜਿੱਥੇ ਸਿਫਤ ਕੀਤੀ ਹੈ ਉਥੇ ਸੁੱਕੇ ਪੱਤਿਆਂ ਵਾਂਗ ਰਿੜੇ ਕੰਵਲ-ਸੇਖੋਂ ਦੀ ਬਦਖੋਈ ਵੀ ਕੀਤੀ ਹੈ ਸਫਾ 62 ਉਤੇ ਸ਼ਾਇਰ ਕਹਿੰਦਾ ਹੈ—ਨਾ ਬਣੋਂਗੇ ਪਾਸ਼ ਨਾ ਹੀ ਸੁਮੀਤ, ਇਸ ਤਰ੍ਹਾਂ ਜੀ ਕੇ ਵੀ ਕੀ ਕਰੋਗੇ......'ਕੰਵਲ' ਵਾਂਗ ਚਿਕੱੜ 'ਚ ਮਿਧਿ ਜਾਉਗੇ, ਵਾਂਗ 'ਸੇਖੋਂ' ਜਾਂ ਕੁਫਰ ਕੋਈ ਕਰੋਗੇ, ਦਰਸ਼ਨ ਨੇ ਬੜੇ ਸ਼ਿਅਰਾਂ ਵਿੱਚ ਫਿਲਾਸਫਾਨਾ ਅੰਦਾਜ਼ ਢਾਲਿਆ ਹੈ। ਮਸਲਨ ਉਹ ਮਾਦੇ ਦੀ ਅੰਨ੍ਹੀ ਦੌੜ ਦੇ ਅੰਤਲੇ ਪੜਾਅ ਨੂੰ ਘੋਰ ਵਿਲਾਸਤਾ ਦੀ ਖੱਡ ਵਜੋਂ ਵੇਖਦਿਆਂ ਕਹਿੰਦਾ ਹੈ—'ਮਹਿਲ ਜਿਹਾ ਮਕਾਨ ਹੈ, ਧੂੜਾਂ ਪੁੱਟਦੀ ਕਾਰ, ਖਾ ਲੈ ਗੋਲੀ ਨਸ਼ੇ ਦੀ ਹੁਣ ਨਾ ਕਰ ਆਵੇਰ' ਏਸ ਇੱਕ ਹੀ ਸ਼ਿਅਰ ਨੇ ਮੇਰੀ ਨਜ਼ਰ ਵਿਚ ਇਹ ਪੁਸਤਕ ਉੱਚ ਪਾਏ ਦੀ ਬਣਾ ਦਿੱਤੀ ਹੈ।

ਬੜੇ ਹੀ ਸ਼ਿਅਰਾਂ ਵਿਚ ਸ਼ਾਇਰ ਆਪਣੇ ਨਾਲ ਸੰਵਾਦ ਰਚਾਉਂਦਾ ਹੈ। ਸਵਾਲਾਂ ਦੀ ਚਰਖੜੀ ਉੱਤੇ ਟੰਗੇ ਖੁਦ ਨੂੰ ਲਹੂ ਲੁਹਾਨ ਕਰਦਾ ਹੈ। ਸਾਇਆ ਆਪਣੇ ਪਛਾਵੇਂ ਨਾਲ ਦੂ-ਬ-ਦੂ ਹੈ। ਸ਼ਾਇਰ ਦੇ ਸੁਪਨੇ ਟੁਕੜੇ ਟੁਕੜੇ ਹਨ। ਆਦਮੀ ਸਾਬਤ ਨਾ ਰਹਿ ਕੇ ਬਿਖਰ ਗਿਆ ਹੈ। ਗਿਲਿਆਂ ਤੇ ਸ਼ਿਕਵਿਆਂ ਵਿਚ ਘਿਰਿਆ ਆਧੁਨਿਕ ਆਦਮੀ ਦਾ ਅੰਤਹਕਰਨ ਜ਼ਖ਼ਮੋ ਜਖ਼ਮੀ ਹੈ। ਉੱਚੇ ਚੜ੍ਹ ਕੇ ਵੇਖਣ ਪਰਖਣ ਵਾਲਾ ਹੱਸਾਸ ਦਰਸ਼ਣ ਵਰਤਾਰੇ ਤੋਂ ਭੈ ਭੀਤ ਹੋ ਕੇ ਖਾਮੋਸ਼ ਹੁੰਦਾ ਹੈ— 'ਖਾਮੋਸ਼ੀ ਦੇ ਜੰਗਲ, ਗੁੰਮ ਕੇ, ਰੂਹ ਮੇਰੀ ਇੰਝ ਭਟਕੀ, ਮੈ ਆਪਣੀ ਹੀ ਛਾਂ ਦੀ ਛਾਵੇਂ, ਥੱਕ ਕੇ ਬੈਠ ਗਿਆ।'

ਜਿੱਥੋ ਤੱਕ 'ਪੌਣਾ ਦੇ ਰੰਗ' ਪੁਸਤਕ ਵਿਚਲੀ ਸ਼ਾਇਰੀ ਦੇ ਰੂਪ ਵਿਧਾਨ ਦਾ ਸਬੰਧ ਹੈ, ਉਸ ਬਾਰੇ ਏਹੀ ਸੱਚ ਹੈ ਕਿ ਦੋ ਚਾਰ ਗ਼ਜ਼ਲਾਂ ਤੋਂ ਸਿਵਾ ਹੋਰ ਬਹਿਰ ਵਿੱਚ ਪੂਰੀਆਂ ਨਹੀਂ ਹਨ। ਜੇ ਕਿਤੇ ਇਹ ਖਰੜਾ ਕਿਸੇ ਗ਼ਜ਼ਲ ਦੇ ਜਾਣਕਾਰ ਦੀਆਂ ਨਜ਼ਰਾਂ ਥਾਣੀ ਲੰਘ ਜਾਂਦਾ ਤਾਂ ਸੋਨੇ ਤੇ ਸੁਹਾਗਾ ਹੋ ਜਾਣਾ ਸੀ। ਕਾਫੀਏ ਵੀ ਗਲਤ ਬੱਝੇ ਹਨ ਜਿਵੇਂ ਵਗੀ, ਖੁਭੀ ਤੇ ਵਿਸ਼ੀ ਅਤੇ ਦਿਸ਼ਾ ਨਾਲ ਸ਼ੁਦਾ, ਕਿਤਾਬ ਨਾਲ ਖੁਆਬ ਤੇ ਪੰਜਾਬ ਦੇ ਕਾਫੀਏ ਗਲਤ ਹਨ। ਢੇਰ ਸਾਰੇ ਸ਼ਿਅਰਾਂ ਦੇ ਆਪਸੀ ਮਿਸਰੇ ਬੇ-ਮੇਲ ਹਨ। ਕਈ ਸ਼ਿਅਰ ਮੁਹਮਲ ਹਨ। ਰੂਪ ਪੂਰਾ ਕਰਨ ਵਾਸਤੇ ਸ਼ਬਦ ਬਣਤਰ ਵਿਗਾੜੀ ਗਈ ਹੈ। ਪਰ ਇਹ ਸਭ ਕੁਝ ਪਾਠਕ ਨੂੰ ਅਟਕਾ ਨਹੀਂ ਪਾਉਂਦਾ। ਤੇਜ਼ ਦਰਿਆ ਵਿਚ ਜਿਵੇਂ ਨੀਵਾਣਾ ਉਚਾਣਾਂ ਨਜ਼ਰ ਨਹੀਂ ਆਉਂਦੀਆਂ। ਇੰਜ ਹੀ ਪਾਠਕ ਭਾਵਾਂ ਵਿਚ ਸਰਸ਼ਾਰ ਰਹਿੰਦਾ ਹੈ।

ਪਰ ਸ਼ਾਇਰ ਨੇ ਪੌਣਾਂ ਨੂੰ ਹਮਬਿਸਤਰ ਕਰਨ ਦਾ ਦ੍ਰਿਸ਼ ਕਲਬੂਤੀ ਕਰਕੇ ਪਹਿਲੂ-ਏ-ਜਮਜਮ ਦਾ ਲਾਹਾ ਲੈਣ ਦਾ ਯਤਨ ਕੀਤਾ ਹੈ। ਵੈਸੇ ਵੀ 'ਪੌਣਾ ਦੇ ਰੰਗ' ਪੁਸਤਕ ਨੂੰ ਪਰਵਾਸੀ ਗ਼ਜ਼ਲ ਦੇ ਜੇਕਰ ਆਈਨੇ ਵਿਚੋ ਵੇਖੀਏ ਤਾਂ ਇਹ ਸ਼ਾਇਰੀ ਪੰਜਾਬੀ ਸੱਥਾ ਤੋਂ ਲੈ ਕੇ ਵਲੈਤੀ ਪੱਬਾਂ ਤਕ ਦੀ ਬਾਤ ਸੁਣਾਉਂਦੀ ਬੜੀ ਹੀ ਹੁਸੀਨ ਹੁੰਦੀ ਜਾਂਦੀ ਹੈ।

*—ਸੁਲੱਖਣ ਸਰਹੱਦੀ*



# ਅਣਮੁੱਕੀ ਵਾਟ ਦੇ ਚਿਰਾ.ਗ (ਨਾਵਲ)

'ਅਣਮੁੱਕੀ ਵਾਦ ਦੇ ਚਿਰਾ.ਗ', ਕਾਮਰੇਡ ਭਾਗ ਸਿੰਘ ਸੱਜਣ 'ਮਰਹੂਮ' ਦਾ ਲਿਖਿਆ ਨਾਵਲ ਹੈ ਜਿਹੜਾ ਉਸਦੇ ਵਿਛੜਨ ਦੇ ਕਈ ਸਾਲ ਉਪਰੰਤ ਛਪਿਆ ਹੈ। ਕਾਮਰੇਡ ਭਾਗ ਸਿੰਘ ਸੱਜਣ ਇਕ ਵਿਦਵਾਨ ਕਮਿਊਨਿਸਟ ਘੁਲਾਟੀਆ ਸੀ। ਉਹਨੇ ਆਪਣਾ ਸਾਰਾ ਜੀਵਨ ਬੱਹੁਪਖੀ ਚਿੰਤਨ ਤੇ ਲੋਕ ਸੰਘਰਸ਼ਾਂ ਦੇ ਲੇਖ ਲਾਇਆ। ਜਿਥੇ ਉਸਦਾ ਮੂਲ ਚਿੰਤਨ ਜਮਾਤੀ ਸੰਘਰਸ਼ ਸੀ ਉਥੇ ਉਸਨੂੰ ਇਤਿਹਾਸ ਮਿਥਿਹਾਸ, ਦਰਸ਼ਨ ਤੇ ਸਾਹਿਤ ਬਾਰੇ ਵੀ ਡੂੰਘਾ ਗਿਆਨ ਸੀ। ਇਸ ਗਲ ਦਾ ਪਰਗਟਾਵਾ ਉਹ ਅਕਸਰ ਪਾਰਟੀ ਸਕੂਲਾਂ ਤੇ ਸਾਹਿਤਕ ਗੋਸ਼ਟੀਆਂ ਵਿਚ ਕਰਦਾ ਸੀ। ਉਹ ਸਿਧਾਂਤ ਤੇ ਦਰਸ਼ਨ ਬਾਰੇ ਲਿਖਦਾ ਰਹਿੰਦਾ ਸੀ। ਉਸਦੀਆ ਕਈ ਲਿਖਤਾਂ ਪ੍ਰਾਪਤ ਹਨ। ਪਰੰਤੂ ਉਸ ਦੇ ਜੀਵਨ ਸਮੇਂ ਇਸ ਗਲ ਦਾ ਬਹੁਤ ਘੱਟ ਲੋਕਾਂ ਨੂੰ ਪਤਾ ਸੀ ਕਿ ਉਹ ਮੌਲਿਕ ਸਾਹਿਤ ਵੀ ਰਚ ਸਕਦਾ ਹੈ। ਹੱਥਲਾ ਨਾਵਲ ਉਹਦੇ ਕਾਗਜ਼ਾਂ ਵਿਚੋਂ ਲੱਭ ਕੇ ਛਾਪਿਆ ਗਿਆ ਹੈ। ਇਹ ਨਾਵਲ ਉਸਦੇ ਮੂਲ ਸਰੋਕਾਰਾਂ ਤੇ ਕਲਾ ਸਮਰਥਾ ਦੀ ਇਕ ਦਸਤਾਵੇਜ਼ ਹੈ, ਜਿਹੜਾ ਕਈ ਸਾਲ ਪਹਿਲਾਂ ਲਿਖਿਆ ਗਿਆ ਸੀ।

ਨਾਵਲ ਦੀ ਕਹਾਣੀ ਸਾਦੀ ਤੇ ਸਹਿਜ ਰੂਪ ਵਿਚ ਇਤਿਹਾਸਿਕ ਘਟਨਾਵਾਂ ਤੇ ਉਸਾਰੀ ਹੋਈ ਹੈ। ਇਸ ਨਾਵਲ ਦੇ ਮੁੱਢ ਵਿਚ ਲਿਖਿਆ ਗਿਆ ਹੈ ਕਿ ਨਾਵਲ ਦਾ ਮੂਲ ਸਰੋਕਾਰ ਜਾਤਪਾਤੀ ਪ੍ਰਥਾ ਦਾ ਵਿਰੋਧ ਹੈ। ਦਰੁਸਤ ਨਹੀਂ ਹੈ। ਇਹ ਕੁਝ ਨਾਵਲ ਦੇ ਦੂਜੇ ਸਰੋਕਾਰਾਂ ਨੂੰ ਛੁਟਿਆਉਣਾ ਹੈ। ਜਦੋਂ ਕਿ ਨਾਵਲ ਦੇ ਮੂਲ ਸਰੋਕਾਰ ਜਮਾਤੀ ਚੇਤਨਾ ਦਾ ਵਿਕਾਸ ਤੇ ਇਤਿਹਾਸ ਨੂੰ ਜਮਾਤੀ ਦਰਿਸ਼ਟੀ ਤੋ ਪੇਸ਼ ਕਰਨਾ ਹੈ।

ਨਾਵਲ ਦੀ ਕਥਾ ਅਨੁਸਾਰ ਨਾਵਲ ਦਾ ਨਾਇਕ ਸੁਰਜਣ ਨਿਮਨ ਜਾਤੀ ਘੁਮਿਆਰ, ਨਾਲ ਸਬੰਧਤ ਹੈ। ਪਰੰਤੂ ਉਹ ਦੱਬੂ ਨਹੀ ਖਾੜਕੂ ਹੈ। ਉਹ ਪਿੰਡ ਦੇ ਜ਼ੈਲਦਾਰ ਦੇ ਮੁੰਡੇ ਨੂੰ ਕੁੱਟਦਾ ਹੈ ਤੇ ਆਪ ਪੁਲਸ ਜਬਰ ਦਾ ਸ਼ਿਕਾਰ ਹੁੰਦਾ ਹੈ। ਇਸ ਤਰ੍ਹਾਂ ਉਸ ਅੰਦਰਲਾ ਜਾਗਿਆ ਮਨੁੱਖ ਮਰਦਾ ਨਹੀਂ ਬਲਕਿ ਹੋਰ ਤਕੜਾ ਹੁੰਦਾ ਹੈ। ਉਹ ਚੇਤਨਾ ਦੇ ਵਿਕਾਸ ਦੀਆਂ ਪਾਉੜੀਆਂ ਚੜ੍ਹਦਾ ਹੈ ਤੇ ਅੰਤ ਵਿਚ ਦੇਸ਼ ਲਈ ਫਾਂਸੀ ਚੜ੍ਹ ਜਾਂਦਾ ਹੈ। ਇਸ ਤੋਂ ਪਹਿਲਾ ਉਹ ਤੇ ਉਸਦੇ ਸਾਥੀ ਕੇਵਲ ਦੇਸ ਦੀ ਆਜ਼ਾਦੀ ਦੇ ਪੜਾਅ ਤੇ ਨਹੀ ਬਲਕਿ ਕਿਰਤੀਆਂ ਦੇ ਰਾਜ ਦੀ ਸਥਾਪਨਾ ਤਕ ਪੁੱਜ ਗਏ ਹਨ। ਨਾਵਲ ਦਾ ਨਾਇਕ ਥਾਂ-ਥਾਂ ਤੋ ਚੇਤਨਾ ਦੇ ਕਿਣਕੇ ਇਕੱਠੇ ਕਰਕੇ ਆਪਣੀ ਚੇਤਨਾ ਨੂੰ ਪਰਚੰਡ ਕਰਦਾ ਹੈ। ਉਹ ਚੀਨ ਵਿਚ ਚੀਨੀਆਂ ਵਲੋਂ ਸਨਾਯਤ ਸੈਨ ਦੀ ਅਗਵਾਈ ਵਿਚ ਲੜੇ ਗਏ ਸਾਮਰਾਜ ਵਿਰੋਧੀ ਸੰਘਰਸ਼ ਤੋਂ ਸਿਖਦਾ ਹੈ। ਉਹ ਕੈਨੇਡਾ ਵਿਚ ਮਜਦੂਰ ਲੀਡਰਾਂ ਤੋਂ ਸਾਮਰਾਜ ਵਿਰੋਧੀ ਤੇ ਜਮਾਤੀ ਚੇਤਨਾ ਗ੍ਰਹਿਣ ਕਰਦਾ ਹੈ ਅਤੇ ਸੰਘਰਸ਼ ਦੇ ਰਾਹ ਪੈਂਦਾ ਹੈ।

ਨਾਵਲਕਾਰ ਇਸ ਲਿਖਤ ਵਿਚ ਕੇਵਲ ਆਪਣੀ ਰਾਜਸੀ ਸੂਝ ਦਾ ਪਰਗਟਾਵਾ ਹੀ ਨਹੀਂ ਕਰਦਾ, ਬਲਕਿ ਉਸ ਸਮੇਂ ਦੇ ਲੋਕ ਸਭਿਆਚਾਰ ਦਾ ਵੀ ਵਰਨਣ ਕਰਦਾ ਹੈ। ਉਹ ਜਾਦੂ ਟੂਣਿਆਂ ਤੇ ਭੂਤਾਂ ਬਾਰੇ ਤਰਕੀਲਤਾ ਦਾ ਪਰਗਟਾਵਾ ਕਰਦਾ ਹੈ ਤੇ ਆਮ ਲੋਕਾਂ ਨੂੰ ਇਹਨਾਂ ਵਹਿਮਾਂ ਭਰਮਾਂ ਤੋਂ ਮੁਕਤ ਹੋਣ ਲਈ ਪ੍ਰੇਰਦਾ ਹੈ। ਲੇਖਕ ਵਿਆਹ ਸ਼ਾਦੀਆਂ ਤੇ ਹੋਰ ਅਵਸਰਾਂ ਤੇ ਗਾਏ ਜਾਂਦੇ ਗੀਤਾਂ ਤੇ ਪਾਏ ਗਿਧਿਆ ਦਾ ਵਰਨਣ ਕਰਕੇ ਸਭਿਆਚਾਰਕ ਚੇਤਨਾ ਦਾ ਸਬੂਤ ਦਿੰਦਾ ਹੈ। ਲੇਖਕ ਬੀਬੀ ਗੁਲਾਬ ਕੌਰ 'ਗਦਰੀ' ਦਾ ਵਰਨਣ ਕਰਕੇ ਆਜ਼ਾਦੀ ਸੰਘਰਸ਼ ਵਿਚ ਇਸਤਰੀਆਂ ਵਲੋਂ ਪਾਏ ਯੋਗਦਾਨ ਦੀ ਵੰਨਗੀ ਪੇਸ਼ ਕਰਦਾ ਹੈ।

ਸਾਡੇ ਦੇਸ਼ ਦੇ ਆਜ਼ਾਦੀ ਸੰਗਰਾਮ ਤੇ ਹੋਰ ਘੋਲਾਂ ਵਿਚ ਚੁਗਲਖੋਰਾਂ, ਮੁਖਬਰਾਂ ਤੇ ਗਦਾਰਾਂ ਦੀ ਬਹੁਤ ਹੀ ਭੱਦੀ, ਨਾਂਹ ਪੱਖੀ ਭੂਮਿਕਾ ਰਹੀ ਹੈ। ਇਹਨਾਂ ਨਾਲ ਸਿਝਣਾ ਵੀ ਦੇਸ਼ ਭਗਤਾਂ ਦੇ ਕੰਮਾਂ ਵਿਚੋ ਇਕ ਕੰਮ ਰਿਹਾ ਹੈ। ਜੈਲਦਾਰ ਦੀ ਮੌਤ ਇਸੇ ਦਾ ਵਰਨਣ ਹੈ। ਇਸੇ ਤਰ੍ਹਾਂ ਲੋਕਾਂ ਦੀ ਨਿਮਨ ਚੇਤਨਾ

ਦੇ ਵੀ ਕਈ ਉਦਾਹਰਨ ਦਿਤੇ ਗਏ ਹਨ। ਜਿਵੇਂ ਫਿਰੋਜ਼ਪੁਰ ਨੇੜੇ ਆਮ ਲੋਕਾਂ ਦਾ ਦੇਸ਼ ਭਗਤਾਂ ਵਿਰੁਧ ਵਰਤੇ ਜਾਣਾ।

ਲੇਖਕ ਨਾਵਲ ਵਿਚ ਬੋਲੀ ਸਾਦਾ ਤੇ ਆਮ ਲੋਕਾਂ ਦੀ ਪੱਧਰ ਦੀ ਵਰਤਦਾ ਹੈ। ਇਸ ਤਰ੍ਹਾਂ ਇਹ ਲਿਖਤ ਆਮ ਲੋਕਾਂ ਦੀ ਸਮਝ ਦੀ ਹਾਣੀ ਹੈ।

ਸਮੁੱਚੇ ਰੂਪ ਵਿਚ ਹਥਲੀ ਕਿਰਤ ਬਹੁਤ ਅਹਿਮ ਕਿਰਤ ਹੈ। ਇਹ ਇਕ ਕਮਿਊਨਿਸਟ ਸੰਗਰਾਮੀਏ ਦੀ ਕਲਾ ਸਮਰਥਾ ਦਾ ਸਬੂਤ ਹੈ ਤੇ ਉਸਦੀ ਯਾਦ ਨੂੰ ਮੁੜ ਸੁਰਜੀਤ ਕਰਦੀ ਹੈ। ਇਸ ਕਿਰਤ ਨੂੰ ਛਾਪਣ ਤੇ ਲੋਕਾਂ ਤਕ ਪੁਚਾਉਣ ਲਈ ਇਸ ਦੇ ਛਾਪਕ ਤੇ ਪਰਕਾਸ਼ਕ ਧੰਨਵਾਦ ਦੇ ਪਾਤਰ ਹਨ। ਇਸ ਕਿਰਤ ਨੂੰ ਸਾਰੇ ਸੰਗਰਾਮੀਆਂ ਨੂੰ ਅਵੱਸ਼ ਪੜ੍ਹਨਾ ਚਾਹੀਦਾ ਹੈ। ਪਰੰਤੂ ਚੰਗਾ ਹੁੰਦਾ ਹੈ ਜੇਕਰ ਇਹ ਕਿਰਤ ਕਮਾਰੇਡ ਸੱਜਣ ਦੇ ਜੀਵਨ ਕਾਲ ਵਿਚ ਹੀ ਛਾਪ ਜਾਂਦੀ।

*—ਸੁਰਜੀਤ ਗਿੱਲ*

## ਮੁਸ਼ਤਾਕ ਦੀਆਂ ਤਨਹਾਈਆਂ

ਮੁਸ਼ਤਾਕ ਸਿੰਘ ਹੁਣ ਕੇਵਲ ਮੁਸ਼ਤਾਕ ਹੈ। 'ਤੁਰਦੇ ਜਾਵਣ ਪੈਰ', ਧਾਰ 'ਤੇ ਤੁਰਦੇ ਪੈਰ, 'ਬੇਚਰਾਗ਼ ਗਲੀਆਂ', 'ਰੱਤਜਗੇ', 'ਜੀਣ ਜੋਗੇ', ਨਾਂ ਦੇ ਪੰਜ ਕਾਵਿ ਸੰਗ੍ਰਹਿ ਪ੍ਰਕਾਸ਼ਤ ਕਰਨ ਪਿਛੋਂ ਇਸ ਵਰ੍ਹੇ ਦੇ ਆਰੰਭ ਭਾਵ ਜਨਵਰੀ 2001, ਵਿਚ ਉਸਨੇ ਪੰਜਾਬੀ ਜਗਤ ਦੀ ਝੋਲੀ ਦੋ ਪੁਸਤਕਾਂ ਪਾਈਆਂ ਹਨ, 'ਬੁੱਤ ਤੋੜਨਾ ਮਨ੍ਹਾ ਹੈ' ਕਾਵਿ ਸੰਗ੍ਰਹਿ ਅਤੇ 'ਤਨਹਾਈਆਂ' ਗ਼ਜ਼ਲ ਸੰਗ੍ਰਹਿ।

ਪੰਜਾਬ ਦੀ ਧਰਤੀ ਤੋਂ ਅਤਿ ਦੂਰ ਬਰਤਾਨੀਆਂ ਵਿਖੇ ਰਹਿੰਦੀਆਂ ਵਿਚਰਦਿਆਂ ਮੁਸ਼ਤਾਕ ਦਾ ਸਿਰਜਣ ਕਿਰਿਆ ਵਿਚ ਨਿਰੰਤਰ ਗਤੀਸ਼ੀਲ ਰਹਿਣਾ ਉਸਦਾ ਪੰਜਾਬ ਪੰਜਾਬੀ, ਕਵਿਤਾ ਅਤੇ ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਮੋਹ, ਲਗਾਓ ਅਤੇ ਪ੍ਰਤਿਬੱਧਿਤਾ ਦਾ ਪ੍ਰਮਾਣ ਹੈ।

ਇਸ ਪੁਸਤਕ ਵਿਚ ਮੁਸ਼ਤਾਕ ਰਚਿਤ ਸਵਾ ਸੌ ਤੋਂ ਵੱਧ ਗ਼ਜ਼ਲਾਂ ਸੰਕਲਿਤ ਹਨ।

ਮੁਸ਼ਤਾਕ ਦੀਆਂ ਗ਼ਜ਼ਲਾਂ ਦੇ ਅਧਿਐਨ ਉਪ੍ਰੰਤ ਇਕ ਅਜਿਹੇ ਸ਼ਾਇਰ ਦਾ ਬਿੰਬ ਬਣਦਾ ਹੈ ਜੋ ਇਕ ਗੰਭੀਰ ਚਿੰਤਕ ਹੈ, ਇਕ ਸੁਹਿਰਦ ਪ੍ਰੇਮੀ ਹੈ, ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੇ ਨਾਲ ਨਾਲ ਸਮੁੱਚੇ ਵਿਸ਼ਵ ਦੇ ਜਨ ਸਾਧਾਰਣ ਦੇ ਦੁੱਖਾਂ, ਦਰਦਾਂ, ਖ਼ੁਸ਼ੀਆਂ, ਖੇੜਿਆਂ ਅਤੇ ਤੰਗੀਆਂ ਤੁਰਸ਼ੀਆਂ ਨੂੰ ਭਲੀ ਭਾਂਤ ਜਾਣਦਾ ਹੈ। ਉਹ ਲੋਕ ਪੱਖੀ ਅਤੇ ਲੋਕ ਦੁਸ਼ਮਣ ਤੱਤਾਂ ਨੂੰ ਨਿਖੇੜ ਕੇ ਦੇਖਣ ਦੀ ਸਮੱਰਥਾ ਰੱਖਦਾ ਹੈ ਅਤੇ ਲੋਕ ਦੋਖੀ ਸ਼ਕਤੀਆਂ ਵੱਲ ਉਂਗਲ ਕਰਨ ਅਤੇ ਉਨ੍ਹਾਂ ਨੂੰ ਵੰਗਾਰਨ ਦਾ ਜਿਗਰਾ।

ਮੁਸ਼ਤਾਕ ਵਾਸਤੇ ਕਵਿਤਾ ਜਾਂ ਗ਼ਜ਼ਲਾਂ ਰਚਨਾ ਨਿਰਾ ਫੈਸ਼ਨ ਅਥਵਾ ਦਿਲ ਪ੍ਰਚਾਵਾ ਨਹੀਂ! ਕਲਾ ਉਸ ਲਈ ਆਤਮਾ ਦਾ ਲਿਬਾਸ ਅਥਵਾ ਗਹਿਣਾ ਹੈ। ਇਸ ਅਮੁੱਲ ਗਹਿਣੇ ਸਾਹਵੇਂ ਸੰਸਾਰਕ ਹੀਰੇ ਮੋਤੀ ਤੁੱਛ ਹਨ :

"ਹੀਰੇ ਅੰਗੂਠੀਆਂ ਨਿਰੇ ਕੱਜਣ ਨੇ ਜਿਸਮ ਦੇ
ਸ਼ਿਅਰੋ ਅਦਬ ਹੀ ਹੁਸਨ ਹੈ, ਰੂਹ ਦਾ ਲਿਬਾਸ ਹੈ।"

ਤਨਹਾਈਆਂ/20

ਕਾਵਿ ਜੇਕਰ ਰੂਹ ਦੀ ਖ਼ੁਰਾਕ ਹੈ ਤਾਂ ਕਵੀ ਦਾ ਰੁਤਬਾ ਬਹੁਤ ਬਲੰਦ ਹੋ ਜਾਂਦਾ ਹੈ। ਰੁਤਬਾ ਬੁਲੰਦ ਹੋ ਜਾਵੇ ਤਾਂ ਉਸਦੀ ਜ਼ਿੰਮੇਦਾਰੀ ਹੋਰ ਵੀ ਵਧ ਜਾਂਦੀ ਹੈ। ਪਰ ਕਲਮਾਂ ਆਪਣੇ ਕਰਤੱਵ ਦੀ ਪਾਲਣਾ ਨਹੀਂ ਕਰਦੀਆਂ ਅਤੇ ਕਿਸੇ ਡਰ ਜਾਂ ਲਾਲਚ ਹਿਤ ਵਿਕ ਜਾਂਦੀਆਂ ਹਨ। ਸ਼ਾਇਰ ਮੁਸ਼ਤਾਕ ਦੋਵਾਂ ਨੂੰ ਪਹਿਚਾਣ ਅਤੇ ਨਿਖੇੜਦਾ ਤੇ ਕਹਿੰਦਾ ਹੈ—

"ਕਲਮਾਂ ਹੀ ਰਾਜਿਆਂ ਨੂੰ ਸ਼ੀਂਹ ਆਖ ਸਕਦੀਆਂ
ਕਲਮਾਂ ਹੀ ਵਿਕਣ ਟਕੇ ਨੂੰ ਇਹ ਰਾਜ਼ ਖਾਸ ਹੈ।"

ਤਨਹਾਈਆਂ/20



ਮੁਸ਼ਤਾਕ ਸਰੀਰਕ ਰੂਪ ਵਿਚ ਪਰਵਾਸੀ ਹੈ, ਦੂਰ ਬਰਤਾਨੀਆਂ ਦੀ ਧਰਤੀ ਤੇ ਰਹਿੰਦਿਆਂ ਵੀ ਉਸਦਾ ਮਨ, ਬਿਰਤੀ ਅਤੇ ਦਿਲ ਪੰਜਾਬ ਵਿਚ ਹੈ। ਪੰਜਾਬ ਉਸਦੇ ਰੋਮ ਰੋਮ ਵਿਚ ਵਸਿਆ ਹੋਇਆ ਹੈ। ਪੰਜਾਬ ਦੇ ਕਿਸੇ ਓਪਰੇ ਪਿੰਡ ਦੇ ਓਪਰੇ ਲੋਕਾਂ ਵਿਚੋਂ ਲੰਘਦਿਆਂ ਭੱਠੀ 'ਤੇ ਦਾਣੇ ਭੁੰਨਣ ਦਾ ਦ੍ਰਿਸ਼ ਦੇਖਦਾ ਹੈ ਤਾਂ ਉਸਦੇ ਕਲੇਜੇ ਧੂਅ ਪੈਂਦੀ ਹੈ ਤਾਂ ਉਹ ਲਿਖਦਾ ਹੈ

"ਪਿੰਡ ਬਿਗਾਨਾ, ਲੋਕ ਬਿਗਾਨੇ ਗਲੀਆਂ ਏ ਪਹਿਚਾਣ ਜਿਹੀਆਂ,
ਭੱਠੀ ਅਤੇ ਕੜਾਹੀ ਉਹੀ, ਉਹੀ ਤੜਾਕੇ ਖਿੱਲਾਂ ਦੇ।"

ਪੰਜਾਬ ਦੀਆਂ ਸਮਾਜਕ ਆਰਥਿਕ ਪ੍ਰਸਥਿਤੀਆਂ ਮੁਸ਼ਤਾਕ ਦੀਆਂ ਗ਼ਜ਼ਲਾਂ ਵਿਚ ਕਈ ਥਾਈਂ ਜ਼ਿਕਰ ਹੋਇਆ ਹੈ। ਪੰਜਾਬ ਦੀ ਸੰਪ੍ਰਦਾਇਕਤਾ ਉਸਦੇ ਚਿੰਤਨ ਦਾ ਵਿਸ਼ਾ ਹੈ—

"ਰਾਤੀ ਮੂਲੋਂ ਸੌਣ ਨਾ ਦਿੱਤਾ,
ਸੰਖ ਬਾਂਗ ਮੰਦਰ ਦੇ ਟੱਲਾਂ।"

ਪੰਜਾਬ ਦੇ ਕਾਲੇ ਦਿਨਾਂ ਦਾ ਚਿਤਰ ਪੇਸ਼ ਕਰਨ ਸਮੇਂ ਕਵੀ ਮੁਸ਼ਤਾਕ ਪੰਜਾਬੀਆਂ ਦੇ ਮਨਾਂ ਵਿਚ ਘਰ ਕਰ ਗਈ ਸੰਪ੍ਰਦਾਇਕਤਾ ਦਾ ਉਲੇਖ ਹੇਠ ਲਿਖੇ ਸ਼ਿਅਰ ਵਿਚ ਕਰਦਾ ਹੈ—

"ਜਿੰਨਾ ਹੱਥਾਂ ਵਿਚ ਗੁਟਕੇ ਸੀ, ਮਾਲਾ ਰਾਮਾਇਣ ਗੀਤਾ ਸੀ,
ਉਹ ਹੱਥ ਹੁਣ ਆ ਕੇ ਪਹੁੰਚੇ ਨੇ, ਬੰਬਾਂ ਤ੍ਰਿਸ਼ੂਲ ਕਟਾਰਾਂ ਤੇ।"

ਸੰਪ੍ਰਦਾਇਕ ਜ਼ਹਿਰ ਦੇ ਪ੍ਰਭਾਵ ਕਾਰਨ ਹੀ ਪ੍ਰਸਥਿਤੀਆਂ ਇਹ ਹੋ ਗਈਆਂ ਕਿ—

"ਉਸਦੀ ਮਾਂ ਤੇ ਮੇਰੀ ਮਾਂ ਸੀ
ਚੁੰਨੀ ਵੱਟੀਆਂ ਭੈਣਾਂ
ਪੀਲਾ ਪਟਕਾ ਬੰਨ੍ਹੀ ਜਿਹੜਾ
ਰਾਤੀਂ ਮਾਰਨ ਆਇਆ।"

"ਸੰਨ ਸੰਤਾਲੀ ਕਦੇ ਭੁੱਲੀ ਸੀ ਜਿਹੜੀ
ਅੱਗ ਖਾਣੀ ਸ਼ੂਕਦੀ ਫਿਰਦੀ ਹਨੇਰੀ।"

ਰਾਜਨੀਤੀ ਤੋਂ ਪ੍ਰਭਾਵਤ ਇਸ ਯੁੱਗ ਵਿਚ ਕਵੀ ਰਾਜਨੀਤੀ ਤੋਂ ਨਿਰਲੇਪ ਨਹੀਂ ਰਹਿ ਸਕਦਾ। ਮੁਸ਼ਤਾਕ ਦੀਆਂ ਗ਼ਜ਼ਲਾਂ ਇਕ ਸਜੱਗ ਅਤੇ ਚੇਤਨ ਕਵੀ ਦੀ ਰਚਨਾ ਹਨ। ਇਨ੍ਹਾਂ ਵਿਚ ਪੰਜਾਬ ਹਿੰਦੁਸਤਾਨ ਦੇ ਰਾਜਨੀਤਕ ਵਾਤਾਵਰਣ ਸਬੰਧੀ ਸੰਕੇਤ ਮਿਲਦੇ ਹਨ ਅਤੇ ਅੰਤਰਰਾਸ਼ਟਰੀ ਰਾਜਨੀਤਕ ਸਥਿਤੀ ਸਬੰਧੀ ਵੀ। ਪੰਜਾਬ ਦੀ ਸਮਾਜਕ ਸਥਿਤੀ ਵਿਚ ਤਨਾਅ ਪੈਦਾ ਹੋਣ ਦੇ ਕਾਰਨ ਵੀ ਉਪਲਬਧ ਹਨ—

"ਰਾਹ ਖੇੜੇ ਜੇ ਮਿਲਦੇ ਸਾਥੀ, ਚੁੱਪ ਜਿਹੇ ਹੋ ਜਾਂਦੇ,
ਭੂਰੀ ਕਾਟੋ ਜਿੱਦਾਂ ਮੁੱਢੋਂ ਜੀਭ ਕੁਤਰ ਗਈ ਯਾਰੋ।

ਪੀਲੇ ਪਟਕੇ ਯਾਰ ਮੇਰੇ ਨੇ ਜਦ ਤੋਂ ਬੰਨ੍ਹਣ ਲੱਗੇ,
ਆਪਣੇ ਆਪ ਦਿਲਾਂ ਦੇ ਅੰਦਰ ਕੰਧ ਉੱਸਰ ਗਈ ਯਾਰੋ।"

ਅੰਤਰਰਾਸ਼ਟਰੀ ਪੱਧਰ ਤੇ ਸੋਚਦਾ ਅਤੇ ਸਾਮਰਾਜ ਤੋਂ ਚਿੰਤਾ ਮੁਕਤ ਕਰਦਾ ਕਵੀ ਵਿਸ਼ਵਾਸ ਨਾਲ ਕਹਿੰਦਾ ਹੈ—

"ਹਿਟਲਰ ਜੇਕਰ ਬਚਿਆ ਨਾ
ਬੋਥੇ ਜਿਹਾ ਨਾ ਰਹਿਣਾ ਹੈ।"

ਉਪਰੋਕਤ ਵਿਸ਼ਵਾਸ ਕਾਰਨ ਹੀ ਉਹ ਭਰਪੂਰ ਪੰਜਾਬੀ ਅੰਦਾਜ਼ ਵਿਚ ਲਲਕਾਰਦਾ ਹੈ—

"ਮੁੱਛਾਂ ਨੂੰ ਤਾਅ ਚਾੜ੍ਹੋ ਸ਼ਮਲੇ ਤੇਜ਼ ਕਰੋ

ਸਾਮਰਾਜ ਦਾ ਲੋਕੋ ਕੱਲ੍ਹ ਵਰ੍ਹੀਣਾ ਪੈਣਾ।"

ਪੰਜਾਬੀ ਕਵੀ ਮੁਸ਼ਤਾਕ ਕਈ ਦਹਾਕਿਆਂ ਤੋਂ ਪਰਵਾਸ ਦਾ ਜੀਵਨ ਜਿਉਂ ਰਹਿਆ ਹੈ। ਮੁਸ਼ਤਾਕ ਰਚਿਤ ਗ਼ਜ਼ਲਾਂ ਵਿਚ ਬਰਤਾਨੀਆਂ ਵਿਚ ਵਸਦੇ ਪੰਜਾਬੀਆਂ ਦੀ ਜ਼ਿੰਦਗੀ ਦੇ ਕੁਝ ਪੱਖਾਂ ਸਬੰਧੀ ਸੰਕੇਤ ਮਿਲਦੇ ਹਨ। ਅਜਿਹੇ ਸੰਕੇਤ ਪਰਵਾਸੀ ਪੰਜਾਬੀਆਂ ਦੇ ਦਿਲਾਂ ਵਿਚ ਆਏ ਖਲਾਅ ਓਪਰੇਪਨ ਅਤੇ ਪਰਵਾਸੀਆਂ ਪ੍ਰਤੀ ਦੇਸ਼ ਵਾਸੀਆਂ ਦੇ ਲੋਟੂ ਵਰਤਾਓ ਸਬੰਧੀ ਹਨ। ਸ਼ਾਇਰ ਮੁਸ਼ਤਾਕ ਦੇ ਸ਼ਬਦਾਂ ਵਿਚ—

"ਮੈਂ ਤਾਂ ਮੀਂਹ ਹਵਾ ਤੇ ਇਕਲਾਪੇ ਦਾ ਡੰਗਿਆ ਬੈਠਾ ਸਾਂ
ਮੇਰੇ ਨਾਲ ਦਿਉਂ 'ਪੱਬ' ਦੇ ਅੰਦਰ ਉਹ ਘਰਬਾਰ ਬੈਠਾ ਸੀ ?"

ਅਤੇ

'ਪੌੜਿਆਂ ਕੁੱਤਿਆਂ ਤੇ ਪੱਬਾਂ ਤੋਂ ਬਚੀ
ਚਾੜ੍ਹ ਤੀ ਕੋਠੇ ਕਮਾਈ ਰਾਤ ਨੂੰ।

ਛੱਡ ਵੀ ਗੁੱਸਾ ਗਿਲਾ ਮੁਸ਼ਤਾਕ ਤੂੰ
ਆਪ ਤੈਂ ਰੱਜ ਕੇ ਪਿਲਾਈ ਰਾਤ ਨੂੰ।"

ਮੁਸ਼ਤਾਕ ਦੀਆਂ ਗ਼ਜ਼ਲਾਂ ਵਿਚ ਭੂ ਹੇਰਵਾ ਘੱਟ ਅਤੇ ਵਿਅੰਗ ਬਹੁਤਾ ਹੈ। ਬਦੇਸ਼ ਤੋਂ ਪਰਤੇ ਪਰਵਾਸੀਆਂ ਦੀ ਲੁੱਟ ਖਸੁੱਟ ਬਾਰੇ ਮੁਸ਼ਤਾਕ ਦਾ ਨਿਮਨ ਲਿਖਤ ਸ਼ਿਅਰ ਬੜਾ ਸ਼ਕਤੀਸ਼ਾਲੀ ਹੈ ਤੇ ਯਥਾਰਥਕ ਵੀ—

"ਵਲੈਤੀਆਂ ਨੂੰ ਏਅਰ ਪੋਰਟ ਵਾਲਿਆਂ ਨੇ ਲੁੱਟਿਆ।
ਬਚ ਗਏ ਤਾਂ ਅੱਗੋਂ ਚਾਚੇ ਸਾਲਿਆਂ ਨੇ ਲੁੱਟਿਆ।"

'ਤਨਹਾਈਆਂ' ਵਿਚ ਸੰਕਲਿਤ ਬਹੁ ਗਿਣਤੀ ਗ਼ਜ਼ਲਾਂ ਵਿਚ ਕਵੀ ਦੀ ਜੀਵਨ ਪ੍ਰਤੀ ਸਮਝ ਅਤੇ ਅਨੁਭਵ ਦੀ ਅਮੀਰੀ ਦ੍ਰਿਸ਼ਟੀਗੋਚਰ ਹੁੰਦੀ ਹੈ। ਕਵੀ ਦੇ ਨਿੱਜੀ ਜੀਵਨ ਨਾਲ ਸਬੰਧਿਤ ਸੰਕੇਤ ਅਥਵਾ ਛੋਹਾਂ ਕਈ ਥਾਈਂ ਪ੍ਰਾਪਤ ਹਨ। ਅਜਿਹੀਆਂ ਨਿਜੀ ਛੂਹਾਂ ਗ਼ਜ਼ਲ ਕਾਵਿ ਨੂੰ ਅਨੂਠਾਪਨ, ਉਤਸੁਕਤਾ ਅਤੇ ਵਿਵਿਧਤਾ ਪ੍ਰਦਾਨ ਕਰਦੀਆਂ ਹਨ। ਅਜਿਹੇ ਸੰਕੇਤਾਂ ਅਤੇ ਛੂਹਾਂ ਵਿਚ 'ਤਾਈ ਪੋਸਰੀ' 'ਭੂਪਾਲ' ਅਤੇ 'ਬੱਖੂਵਾਲ' ਦਾ ਵਿਸ਼ੇਸ਼ ਉਲੇਖ ਹੈ।

ਵਿਅੰਗ ਕਲਾਕਾਰ ਦੇ ਹੱਥਾਂ ਵਿਚ ਇਕ ਸ਼ਕਤੀਸ਼ਾਲੀ ਹਥਿਆਰ ਹੈ। ਵਿਅੰਗ ਜਿੰਨਾ ਮਹੀਨ ਹੋਵੇਗਾ ਉੱਨਾ ਹੀ ਪ੍ਰਭਾਵਸ਼ਾਲੀ। ਮੁਸ਼ਤਾਕ ਦੇ ਕਈ ਸ਼ਿਅਰ ਵਿਅੰਗ ਦੇ ਵਧੀਆ ਨਮੂਨੇ ਹਨ। ਜਿਵੇਂ—

"ਉਹਨਾਂ ਕਿਹਾ ਲਿਖ ਸਾਡੇ ਵੀ ਸਵਾਬ ਤੇ ਗ਼ਜ਼ਲ।
ਅਸਾਂ ਲਿਖ ਮਾਰੀ ਉਹਨਾਂ ਦੇ ਖਿਜ਼ਾਬ ਤੇ ਗ਼ਜ਼ਲ।"

ਬੋਲੀ ਸ਼ੈਲੀ ਅਤੇ ਤਕਨੀਕ ਦੇ ਪੱਖ ਤੋਂ ਮੁਸ਼ਤਾਕ ਦੀਆਂ ਗ਼ਜ਼ਲਾਂ (ਕੁਝ ਇਕ ਨੂੰ ਛੱਡ ਕੇ) ਦੇ ਸ਼ਿਅਰ ਤੋਲੇ ਤਰਾਸ਼ੇ ਅਤੇ ਬਹਿਰ ਦੀਆਂ ਉਕਾਈਆਂ ਤੋਂ ਮੁਕਤ ਜਾਪਦੇ ਹਨ। ਵਿਸ਼ੇਸ਼ਤਾ ਇਹ ਹੈ ਕਿ ਅਰਥ ਸੰਚਾਰ ਦੀ ਕੋਈ ਸਮੱਸਿਆ ਨਹੀਂ ਪੈਦਾ ਹੁੰਦੀ। ਅਜਿਹਾ ਸ਼ਾਇਦ ਮੁਸ਼ਤਾਕ ਦੇ ਅਨੁਭਵ ਅਤੇ ਸਿਰਜਣ ਵਿਚ ਸੁਮੇਲ ਅਤੇ ਪ੍ਰਗਟਾ ਦੀ ਸਪੱਸ਼ਟਤਾ ਕਾਰਨ ਹੈ। ਮੁਸ਼ਤਾਕ ਦੀ ਪ੍ਰਤੀਬੱਧਤਾ ਲਗਨ ਅਤੇ ਸਿਰੜ ਕਰਕੇ ਉਸ ਪਾਸੋਂ ਹੋਰ ਉਚੇਰੀਆਂ ਰਚਨਾਵਾਂ ਦੀ ਆਸ ਬੱਝਦੀ ਹੈ।

*(ਡਾ. ਸੁਰਿੰਦਰ ਗਿੱਲ, 20, ਜਰਮਨੀ ਦਾਸ ਪਾਰਕ, ਕਪੂਰਥਲਾ)*



## ਖਿਆਲ ਆਪੋ ਆਪਣਾ

### *ਭਾਸ਼ਾ ਵਿਭਾਗ ਪੰਜਾਬ ਵਿਚ ਫੈਲੇ ਭਰਿਸ਼ਟਾਚਾਰ ਦੀ ਉਚ-ਪੱਧਰੀ ਜਾਂਚ ਹੋਵੇ*

ਜੁਲਾਈ-ਸਤੰਬਰ 2001 ਦਾ ਚਿਰਾਗ਼ ਪੜ੍ਹਿਆ। ਸੰਪਾਦਕੀ ਬੋਰਡ ਵਲੋਂ ਸੰਪਾਦਕੀ ਨੰਬਰ 2 'ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਦਾ ਡਾਇਰੈਕਟਰ ਭਾਸ਼ਾ ਵਿਭਾਗ ਨਾਲ ਹੇਜ' ਵਿਚ ਉਠਾਏ ਗਏ ਮੁੱਦੇ ਲੇਖਕਾਂ ਤੇ ਲੇਖਕ ਸਭਾਵਾਂ ਦਾ ਧਿਆਨ ਮੰਗਦੇ ਹਨ।

ਡਾ. ਮਦਨ ਲਾਲ ਹਸੀਜਾ ਦੀ ਅਗਵਾਈ ਅਧੀਨ ਚਲ ਰਹੇ ਭਾਸ਼ਾ ਵਿਭਾਗ ਪੰਜਾਬ ਵਿਚਲੇ ਭਰਿਸ਼ਟਾਚਾਰ ਦੀਆਂ ਖਬਰਾਂ ਪਿਛਲੇ ਦਿਨੀਂ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਰਹੀਆਂ ਹਨ। ਚਾਹੀਦਾ ਤਾਂ ਇਹ ਸੀ ਕਿ ਪੰਜਾਬ ਸਰਕਾਰ ਵਲੋਂ ਡਾ. ਹਸੀਜਾ ਨੂੰ ਮੁਅੱਤਲ ਕਰਕੇ ਭਾਸ਼ਾ ਵਿਭਾਗ ਵਿਚ ਉਸ ਵਲੋਂ ਕੀਤੀਆਂ ਗੈਰ-ਕਾਨੂੰਨੀ ਕਾਰਵਾਈਆਂ ਅਤੇ ਭਰਿਸ਼ਟਾਚਾਰ ਦੇ ਮਾਮਲਿਆਂ ਦੀ ਉਚ-ਪੱਧਰੀ ਜਾਂਚ ਕਰਵਾਈ ਜਾਂਦੀ। ਮੇਰੀ ਜਾਣਕਾਰੀ ਅਨੁਸਾਰ ਸਰਕਾਰ ਇਸ ਜਾਂਚ ਬਾਰੇ ਆਪਣਾ ਮਨ ਬਣਾ ਵੀ ਚੁੱਕੀ ਸੀ ਪਰ ਐਨ ਮੌਕੇ ਸਿਰ ਸਾਡੀਆਂ ਦੋਹਾਂ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਦੀ ਲੀਡਰਸ਼ਿਪ ਨੂੰ ਡਾ. ਹਸੀਜਾ ਨੂੰ ਆਪਣੇ ਹੱਕ ਵਿਚ ਭੁਗਤਾ ਲਿਆ। ਮੇਰੇ ਵਲੋਂ ਅਖ਼ਬਾਰਾਂ ਵਿਚ ਉਠਾਈ ਗਈ ਜ਼ੋਰਦਾਰ ਮੰਗ ਤੋਂ ਘਬਰਾ ਕੇ ਆਪਣੇ ਭਰਿਸ਼ਟ ਕਰਮਚਾਰੀ ਸਹਿਯੋਗੀਆਂ ਨੂੰ ਬਚਾਉਣ ਲਈ ਅਤੇ ਖ਼ੁਦ ਆਪ ਵਲੋਂ ਕੀਤੀਆਂ ਮਨ-ਮਾਨੀਆਂ ਅਤੇ ਗੈਰ-ਕਾਨੂੰਨੀ ਕਾਰਵਾਈਆਂ ਦੇ ਪਰਦਾ ਪਾਉਣ ਅਤੇ ਸਰਕਾਰ ਅਤੇ ਲੇਖਕਾਂ ਦਾ ਧਿਆਨ ਪਾਸੇ ਕਰਨ ਲਈ ਡਾ. ਹਸੀਜਾ ਨੇ ਇਕ ਸਾਜ਼ਸ਼ ਲੇਖਕ ਸਭਾਵਾਂ ਦੇ ਖਿਲਾਫ ਘੜੀ। ਜਿਸ ਵਿਚ ਕੁਝ ਲਾਲਚੀ ਖੁਦਗਰਜ਼ ਅਤੇ ਚਾਪਲੂਸ ਲੇਖਕ ਸ਼ਾਮਲ ਹੋਏ। ਡਾਇਰੈਕਟਰ ਭਾਸ਼ਾ ਵਿਭਾਗ ਦੇ ਦਫਤਰ ਵਿਚ ਬੈਠਕੇ ਦੋਹਾਂ ਕੇਂਦਰੀ ਸਭਾਵਾਂ ਨੂੰ ਪਾੜਨ ਦੀ ਇਕ ਸਾਜ਼ਸ਼ੀ ਕੋਸ਼ਿਸ਼ ਅਰੰਭੀ ਗਈ। ਦੋਹਾਂ ਸਭਾਵਾਂ ਦੀ ਲਾਲਚੀ ਅਤੇ ਇਨਾਮਾਂ ਦੀ ਲਾਲਸਾ ਅਧੀਨ ਚਾਪਲੂਸੀ ਕਰਨ ਵਾਲੀ ਲੀਡਰਸ਼ਿਪ ਨੂੰ ਆਪਣੇ ਪੱਖ ਵਿਚ ਕਰਨ ਦੀ ਸਕੀਮ ਬਣਾਈ। ਦੋਹਾਂ ਸਭਾਵਾਂ ਦੇ ਜਨਰਲ ਸਕੱਤਰਾਂ ਡਾ. ਐਸ. ਤਰਸੇਮ ਅਤੇ ਡਾ. ਜੋਗਿੰਦਰ ਸਿੰਘ ਨਿਰਾਲਾ ਨੂੰ ਇਕੋ ਦਿਨ ਆਪ ਨਿਜੀ ਰੂਪ ਵਿਚ ਜਾ ਕੇ ਲਾਲਚ ਦੇ ਕੇ ਗੰਢਿਆ। ਉਨ੍ਹਾਂ ਤੋਂ ਆਪਣੇ ਹੱਕ ਵਿਚ ਵਧੀਆਂ ਕਾਰਗੁਜ਼ਾਰੀ ਅਤੇ ਸੰਪੂਰਨ ਸੰਤੁਸ਼ਟੀ ਦਾ ਸਰਟੀਫਿਕੇਟ ਲਿਆ ਅਤੇ ਮੇਰੇ ਖਿਲਾਫ਼ ਬਿਆਨ ਤਿਆਰ ਕਰਵਾ ਕੇ ਸੰਤੁਸ਼ਟੀ ਦਾ ਸਰਟੀਫਿਕੇਟ ਸਮੇਤ ਪੰਜਾਬ ਸਰਕਾਰ ਦੇ ਮੁਖ ਮੰਤਰੀ. ਵਿਦਿਆ ਮੰਤਰੀ, ਵਿਦਿਆ ਸਕੱਤਰ ਅਤੇ ਮੁਖ ਸਕੱਤਰ ਨੂੰ ਭੇਜੇ ਗਏ ਅਤੇ ਅਖ਼ਬਾਰਾਂ ਵਿਚ ਛਾਇਆ ਕੀਤੇ।

ਅਫਸੋਸ ਦੀ ਗਲ ਇਹ ਹੈ ਕਿ ਇਨ੍ਹਾਂ ਦੋਹਾਂ ਜਨਰਲ ਸੱਕਤਰਾਂ ਅਤੇ ਡਾਇਰੈਕਟਰ ਡਾ. ਹਸੀਜਾ ਦੀ ਸਾਜ਼ਸ਼ੀ ਮਿਲੀਭੁਗਤ ਦੀ ਲਪੇਟ ਵਿਚ ਦੋਹਾਂ ਕੇਂਦਰੀਆਂ ਦੇ ਪ੍ਰਧਾਨ ਡਾ. ਜਗਤਾਰ ਅਤੇ ਸ. ਜਸਵੰਤ ਸਿੰਘ ਕੰਵਲ ਵੀ ਆ ਗਏ। ਸੰਤੁਸ਼ਟੀ ਸਰਟੀਫਿਕੇਟ ਅਤੇ ਮੇਰੇ ਵਿਰੁੱਧ ਉਨ੍ਹਾਂ ਦਾ ਨਾਂ ਵੀ ਵਰਤ ਲਿਆ ਗਿਆ। ਨਤੀਜਾ ਇਹ ਕਿ ਦੋਹਾਂ ਕੇਂਦਰੀਆਂ ਦੀ ਲੀਡਰਸ਼ਿਪ ਵਿਚ ਮਤਭੇਦ ਉਭਰ ਆਏ। ਧੁਰ ਹੇਠਲੀਆਂ ਸਭਾਵਾਂ ਤੱਕ ਜਿਸ ਦਾ ਅਸਰ ਹੋਇਆ। ਕੇਂਦਰੀ ਸਭਾਵਾਂ ਹਾਲਾਂ ਆਪਣੀ ਸਥਿਤੀ ਸਪਸ਼ਟ ਕਰਨ ਲਈ ਵਿਚਾਰ ਵਟਾਂਦਰਾ ਕਰ ਹੀ ਰਹੀਆਂ ਸਨ ਕਿ ਡਾ. ਹਸੀਜਾ ਦੇ ਵਿਰੁੱਧ ਭ੍ਰਿਸ਼ਟਾਚਾਰ ਦੇ ਆਰੋਪਾਂ ਦੀ ਜਾਂਚ ਦੀ ਫਾਈਲ ਰੁਕ ਗਈ। ਡਾ. ਹਸੀਜਾ ਚਾਹੁੰਦਾ ਸੀ ਮੈਨੂੰ ਹੈਰਾਨੀ ਹੋਈ ਕਿ ਜਦੋਂ ਸ. ਜਸਵੰਤ ਸਿੰਘ ਕੰਵਲ ਨੇ ਮੈਨੂੰ ਲਿਖੇ ਇਕ ਪੱਤਰ ਵਿਚ ਕਿਹਾ ਕਿ ਡਾ. ਹਸੀਜਾ ਤੁਹਾਡੇ ਉੱਤੇ ਦੋਸ਼ ਲਾਉਂਦਾ ਹੈ ਕਿ ਡਾ. ਮਾਨ ਉਸ ਦਾ ਵਿਰੋਧ ਹਿੰਦੂ ਹੋਣ ਕਾਰਨ ਕਰਦਾ ਹੈ। ਇਕ ਆਰੋਪ ਰੀਫੀਊਜੀ ਲੋਕਲ ਦਾ ਵੀ ਡਾ. ਹਸੀਜਾ ਨੇ ਲਾਇਆ।

ਮੈਂ 'ਚਿਰਾਗ਼' ਰਾਹੀਂ ਇਹ ਅਗਾਊਂ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਡਾ. ਹਸੀਜਾ ਏਨੀ ਖਤਰਨਾਕ ਸਾਜਸ਼ ਰਚ ਰਿਹਾ ਹੈ ਕਿ ਸਾਡੇ ਲੇਖਕਾਂ ਵਿਚ ਹਿੰਦੂ-ਸਿੱਖ ਅਤੇ ਪਾਕਿਸਤਾਨੀ ਲੋਕਲ ਦਾ ਝਗੜਾ ਕਰਵਾਣਾ ਚਾਹੁੰਦਾ ਹੈ। ਮੈਂ ਡਾ. ਹਸੀਜਾ ਨੂੰ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਜਾ ਤਾ ਉਹ

ਇਹ ਦੋਸ਼ ਸਿੱਧ ਕਰੇ ਨਹੀਂ ਤਾਂ ਉਸਨੂੰ ਕੋਈ ਹੱਕ ਨਹੀਂ ਕਿ ਅਜਿਹੇ ਪਵਿੱਤਰ, ਸਭਿਆਚਾਰਕ, ਸਾਹਿਤਕ ਮਹਿਕਮੇ ਦੀ ਡਾਇਰੈਕਟਰ ਦੀ ਪੱਦਵੀ ਤੇ ਉਸ ਵਰਗਾ ਫਿਰਕਾਪ੍ਰਸਤ, ਜਾਤ-ਪ੍ਰਸਤ ਅਤੇ ਇਲਾਕਾ-ਪ੍ਰਸਤ ਵਿਅਕਤੀ ਇਕ ਮਿੰਟ ਲਈ ਵੀ ਰਹੇ। ਮੈ ਪੰਜਾਬ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਅਜਿਹੇ ਫਿਰਕੂ ਸੋਚ ਵਾਲੇ ਅਧਿਕਾਰੀ ਨੂੰ ਤੁਰੰਤ ਭਾਸ਼ਾ ਵਿਭਾਗ ਵਿਚੋਂ ਬਰਖ਼ਾਸਤ ਕੀਤਾ ਜਾਵੇ ਕਿਉਂਕਿ ਇਹ ਮਹਿਕਮਾ ਬੜੇ ਸੂਖਮ ਮਾਮਲੇ ਨਾਲ ਸਿੱਧਾ ਸਬੰਧਤ ਹੈ। ਮੈ ਸਾਹਿਤ ਸਭਾਵਾਂ ਨੂੰ ਵੀ ਅਪੀਲ ਕਰਾਂਗਾ ਕਿ ਉਹ ਅਜਿਹੇ ਫਿਰਕੂ ਸੋਚ ਵਾਲੇ ਵਿਅਕਤੀ ਵਿਰੁਧ ਆਵਾਜ਼ ਬੁਲੰਦ ਕਰਨ ਤਾਂ ਕਿ ਅਸੀਂ ਭਾਸ਼ਾ ਵਿਭਾਗ ਪੰਜਾਬ ਦਾ ਭਗਵਾਕਰਨ ਹੋਣ ਨੂੰ ਰੋਕ ਸਕੀਏ।

ਮੈਂ ਪੰਜਾਬ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਡਾ. ਹਸੀਜਾ ਦੁਆਰਾ ਕੀਤੀਆਂ ਗਈਆ ਹੇਠ ਲਿਖੀਆਂ ਭਰਿਸ਼ਟ ਅਤੇ ਗੈਰ ਕਨੂੰਨੀ ਕਾਰਵਾਈਆਂ ਦੀ ਤੁਰੰਤ ਉਚ-ਪੱਧਰੀ ਏਜੰਸੀ ਤੋਂ ਜਾਂਚ ਕਰਵਾਏ।

1. ਅਨੁਵਾਦ ਵਿਭਾਗ ਵਲੋਂ ਫਰਾਡ ਅਨੁਵਾਦ ਅਤੇ ਫਰਾਡ ਵਿਅਕਤੀਆਂ ਨੂੰ ਲੱਖਾਂ ਰੁਪਏ ਦੀ ਕੀਤੀ ਅਦਾਇਗੀ ਦੀ ਨਿਰਪੱਖ ਜਾਂਚ ਕਰਵਾਈ ਜਾਵੇ।

2. ਸਾਲ 1998, 1999 ਅਤੇ 2000 ਦੇ ਤਿੰਨ ਸਾਲਾਂ ਦੇ ਦਿਤੇ ਗਏ ਸ਼੍ਰੋਮਣੀ ਇਨਾਮਾਂ ਜੋ ਕਿ ਕੋਈ 12-14 ਲੱਖ ਰੁਪਏ ਦੇ ਹਨ ਵਿਚ ਡਾ. ਹਸੀਜਾ ਵਲੋਂ ਕੀਤੀ ਗਈ ਸਾਜਸ਼ੀ ਦਖਲਅੰਦਾਜ਼ੀ। ਲੇਖਕ ਜਥੇਬੰਦੀਆਂ ਅਤੇ ਹੋਰ ਪ੍ਰਭਾਵੀ ਲੇਖਕਾਂ ਦੀ ਇਨਾਂ ਇਨਾਮਾ ਰਾਹੀ ਕੀਤੀ ਗਈ ਖਰੀਦੋ-ਫਰੋਕਤ। ਕਿਉਂਕਿ ਇਨਾਮਾ ਦਾ ਫੈਸਲਾ ਹੋਣ ਦੇ ਦੂਜੇ ਦਿਨ ਡਾ. ਹਸੀਜਾ ਨੂੰ ਖ਼ਬਰ ਛਪਵਾਈ "ਡਾ. ਹਸੀਜਾ ਇਨਾਮਾਂ ਦੀ ਚੋਣ ਵਿਚ ਸ਼ਾਹ ਸਵਾਰ ਹੋ ਕੇ ਨਿਕਲੇ (ਆਸ਼ਿਆਨਾ, ਪਟਿਆਲਾ, ਮਿਤੀ 26 ਜਨਵਰੀ 2001) ਦਿਤੇ ਗਏ ਇਨ੍ਹਾਂ ਇਨਾਮਾ ਦੀ ਉਚ-ਪੱਧਰੀ ਜਾਂਚ ਕੀਤੀ ਜਾਵੇ।

3. ਸਾਲ 1998, 99 ਅਤੇ 2000 ਲਈ ਵਧੀਆ ਪੁਸਤਕਾਂ ਨੂੰ ਦਿਤੇ ਗਏ ਇਨਾਮਾਂ ਵਿਚ ਵੱਡੀ ਪੱਧਰ ਤੇ ਹੇਰਾ ਫੇਰੀ ਅਤੇ ਪੱਖ-ਪਾਤ। ਸਵਰਗਵਾਸੀ ਸਿੰਦਰ ਅਤੇ ਕ੍ਰਿਤਵ ਸੁਨਾਮੀ ਦੀਆਂ ਪੁਸਤਕਾਂ ਨੂੰ ਐਲਾਨ ਕਰਨ ਦੇ ਬਾਵਜੂਦ ਪੁਰਸਕਾਰ ਕਿਉਂ ਨਹੀਂ ਦਿਤੇ ਗਏ। ਵਧੀਆ ਪੁਸਤਕਾਂ ਨੂੰ ਇਨਾਮ ਡਾਇਰੈਕਟਰ ਹਸੀਜਾ ਨੇ ਆਪਣੀ ਮਰਜ਼ੀ ਨਾਲ ਐਲਾਨੇ। ਇਨ੍ਹਾਂ ਦੀ ਮਨਜ਼ੂਰੀ ਸਲਾਹਕਾਰ ਬੋਰਡ ਤੋਂ ਕਿਉਂ ਨਹੀਂ ਲਈ ਗਈ, ਜਾਂਚ ਕੀਤੀ ਜਾਵੇ।

4. ਸਾਲ 1997-98 ਲਈ ਡਾ. ਤੇਜਵੰਤ ਮਾਨ ਵਲੋਂ ਮੁਲੰਕਣ ਕੀਤੇ ਗਏ ਸੱਠ ਖਰੜਿਆਂ ਵਿਚੋਂ 12 ਨੂੰ ਪ੍ਰਕਾਸ਼ਤ ਕਰਨ ਲਈ ਦਿਤੀ ਜਾਣ ਵਾਲੀ ਸਹਾਇਤਾ ਦੀਆਂ ਸਿਫਾਰਸ਼ਾਂ ਨੂੰ ਰੱਦ ਕਿਸ ਵਲੋਂ ਕੀਤਾ ਗਿਆ। ਕੀ ਕਿਸੇ ਮੁਲੰਕਣਕਾਰ ਦੇ ਮੁਲੰਕਣ ਨੂੰ ਰੱਦ ਕੀਤਾ ਜਾ ਸਕਦਾ ਹੈ ? ਰਾਜ ਸਲਾਹਕਾਰ ਬੋਰਡ ਦੀ 11-11-1997 ਦੀ ਹੋਈ ਮੀਟਿੰਗ ਵਿਚ ਡਾ. ਹਸੀਜਾ ਨੇ ਵਿਦਿਆ ਮੰਤਰੀ ਅਤੇ ਬੋਰਡ ਦੇ ਹੋਰ ਮੈਂਬਰਾਂ ਨੂੰ ਗੁਮਰਾਹ ਕਿਉਂ ਕੀਤਾ। ਉਚ-ਪੱਧਰੀ ਪੜਤਾਲ ਕੀਤੀ ਜਾਵੇ।

5. ਮਹਿਕਮੇ ਵਲੋਂ ਪ੍ਰਕਾਸ਼ਤ ਹੋ ਰਹੇ ਸਾਹਿਤਕ ਪੱਤਰਾਂ 'ਜਨ ਸਾਹਿਤ' ਅਤੇ 'ਪੰਜਾਬੀ ਦੁਨੀਆਂ' ਦੇ ਬੈਂਕ ਲਾਗ ਦੇ ਨਾਂ ਉਤੇ ਲਾਏ ਗਏ ਲੱਖਾਂ ਰੁਪਏ ਦੇ ਚੂਨੇ ਦੀ ਜਾਂਚ ਕੀਤੀ ਜਾਏ ਇਹ ਪਰਚੇ ਦੋ ਦੋ ਤਿੰਨ ਤਿੰਨ ਸਾਲਾਂ ਬਾਅਦ ਕਿਓਂ ਛਾਪੇ ਗਏ ? ਕੀ ਇਨ੍ਹਾਂ ਨੂੰ ਦੇਰੀ ਲਈ ਖਿਮਾਂ ਲਿਖਕੇ ਤਾਜ਼ੇ ਅੰਕਾਂ ਵਜੋਂ ਪ੍ਰਕਾਸ਼ਤ ਨਹੀਂ ਸੀ ਕੀਤਾ ਜਾ ਸਕਦਾ।

6. ਦੂਜੇ ਸੂਬਿਆਂ ਵਿਚ ਜਦੋਂ ਵੀ ਭਾਸ਼ਾ ਵਿਭਾਗ ਦੇ ਡਾ. ਹਸੀਜਾ ਦੀ ਅਗਵਾਈ 'ਚ ਕੋਈ ਸਮਾਗਮ ਕੀਤਾ ਤਾਂ ਉਸ ਸੂਬੇ ਦੀਆਂ ਸਰਕਾਰਾਂ ਨੂੰ ਹੋਸਟ ਵਜੋ ਸੰਪਰਕ ਕਿਉਂ ਨਹੀਂ ਕੀਤਾ ਗਿਆ।

ਡਾ. ਹਸੀਜਾ ਨੇ ਅਜਿਹੇ ਸਮਾਗਮ ਦੇ ਮੰਚ ਸਜਾ, ਕੁਰਸੀਆਂ, ਹੋਸਟਲ ਦਾ ਪ੍ਰਬੰਧ ਆਦਿ ਉਤੇ ਲੱਖਾਂ ਰੁਪਏ ਖਰਚਕੇ ਪੰਜਾਬ ਸਰਕਾਰ ਨੂੰ ਚੂਨਾ ਲਾਇਆ ਹੈ। ਇਨ੍ਹਾਂ ਸਮਾਗਮਾਂ ਨੂੰ ਉਨ੍ਹਾਂ ਰਾਜਾਂ ਦੀਆਂ ਸਰਕਾਰਾਂ ਦੇ ਸਹਿਯੋਗ ਨਾਲ ਕਿਉਂ ਨਹੀਂ ਕੀਤਾ ਗਿਆ। ਡਾ. ਹਸੀਜਾ ਵਲੋਂ ਕੀਤੇ ਗਏ ਇਨ੍ਹਾਂ ਨਜਾਇਜ਼ ਅਤੇ ਗੈਰ-ਕਨੂੰਨੀ ਖਰਚਿਆਂ ਦੀ ਜਾਂਚ ਕੀਤੀ ਜਾਵੇ।



7. ਭਾਸ਼ਾ ਵਿਭਾਗ ਦੇ ਪੈਸਿਆਂ ਨੂੰ ਗਾਇਕਾਂ, ਭੰਗੜਿਆਂ ਅਤੇ ਗਿੱਧਿਆਂ ਤੇ ਕਿਉਂ ਖਰਚ ਕੀਤਾ ਗਿਆ। ਜਦੋਂ ਕਿ ਸਭਿਆਚਾਰਕ ਮਾਮਲੇ ਦਾ ਮਹਿਕਮਾ ਵੱਖਰਾ ਹੈ। ਵੱਖਰਾ ਮੰਤਰਾਲਾ ਅਤੇ ਬਜਟ ਹੈ। ਇਸ ਗਲ ਦੀ ਜਾਂਚ ਵੱਡੀ ਪੱਧਰ ਤੇ ਕਰਵਾਈ ਜਾਵੇ ਕਿ ਕੀ ਇਹਨਾਂ ਖਰਚਿਆਂ ਦੀ ਅਦਾਇਗੀ ਦੋਹਾਂ ਮਹਿਕਮਿਆਂ ਤੋਂ ਤਾਂ ਨਹੀਂ ਲੈ ਲਈ ਗਈ।

8. ਡਾ. ਹਸੀਜਾ ਨੇ ਕੁਰਕੁਸ਼ੇਤਰਾਂ ਯੂਨੀਵਰਸਟੀ ਤੋਂ ਇਕ ਸਾਲ ਵਿਚ ਐਮ. ਏ. ਪੰਜਾਬੀ ਗੋਲਡ ਮੈਡਲਿਸਟ ਦੀ ਡਿਗਰੀ ਲਈ ਹੈ। ਇਸ ਡਿਗਰੀ ਲੈਣ ਦੀ ਪੂਰੀ ਪਰਕਿਰਿਆ ਦੀ ਜਾਂਚ ਕੀਤੀ ਜਾਵੇ। ਸੀ. ਸੀ. ਦੇ ਕੋਰਸਾਂ ਦਾ ਪਰਸਨਲ ਕੰਟੈਕਟ ਕੋਰਸ ਅਤੇ ਇਮਿਤਿਹਾਨ ਦੇ ਦਿਨਾਂ ਵਿਚ ਡਾ. ਹਸੀਜਾ ਕਿਥੇ ਸਨ। ਪਟਿਆਲਾ, ਕੁਰਕੁਸ਼ੇਤਰ ਜਾਂ ਕਿਤੇ ਹੋਰ। ਇਹ ਵੀ ਜਾਂਚ ਕੀਤੀ ਜਾਵੇ ਕਿ ਡਾ. ਹਸੀਜਾ ਦੇ ਅੱਠ ਪੇਪਰਾਂ ਦੀ ਮਾਰਕਿੰਗ ਕਥਿਤ ਤੌਰ ਤੇ ਕੇਵਲ ਦੋ ਆਗਜ਼ਾਮੀਨਰਾਂ ਤੋਂ ਕਿਸ ਨਿਯਮ ਅਧੀਨ ਕਰਵਾਈ ਗਈ ਹੈ।

9. ਪੰਜਾਬੀ, ਪ੍ਰਬੰਧ ਦੇ ਜਾਲ੍ਹੀ ਜਾਰੀ ਕੀਤੇ ਸਰਟੀਫਿਕੇਟਾਂ ਦੀ ਜਾਂਚ ਕੀਤੀ ਜਾਵੇ।

10. ਖਾਲਸਾ ਸਾਜਨਾ ਦੇ ਤਿੰਨ ਸੌ ਸਾਲਾ ਦਿਵਸ ਸਮੇਂ ਭਾਸ਼ਾ ਵਿਭਾਗ ਵਲੋਂ ਟਾਈਟਲ ਲਾ ਕੇ ਛਾਪੀਆਂ ਵਿਖਾਈਆਂ ਗਈਆਂ ਪੁਸਤਕਾਂ ਦੀ ਪੜਤਾਲ ਕੀਤੀ ਜਾਵੇ। ਕਿੰਨੀਆਂ ਹੀ ਪੁਸਤਕਾਂ ਪਹਿਲਾਂ ਹੀ ਲੇਖਕਾਂ ਵਲੋਂ ਖੁਦ ਪ੍ਰਾਈਵੇਟ ਪ੍ਰਕਾਸ਼ਨਾਵਾਂ ਤੋਂ ਦੋ ਦੋ ਸਾਲ ਪਹਿਲਾਂ ਹੀ ਪ੍ਰਕਾਸ਼ਤ ਕਰਵਾਈਆਂ ਹੋਈਆਂ ਸਨ। ਡਾ. ਹਸੀਜਾ ਨੇ ਭਾਸ਼ਾ ਵਿਭਾਗ ਪੰਜਾਬ ਦੇ ਪੈਸਿਆਂ ਦੀ ਇਹ ਦੂਹਰੀ ਲੁੱਟ ਕਿਉਂ ਕਰਵਾਈ।

11. ਪ੍ਰਸਿੱਧ ਵਿਦਵਾਨ ਅਕਾਲੀ ਕੌਰ ਸਿੰਘ ਵਲੋਂ ਤਿਆਰ ਕੀਤਾ ਗਿਆ ਤੁੱਕ ਤਤਕਰਾ ਸੁਧਾਈ ਕਰਕੇ ਪ੍ਰਕਾਸ਼ਤ ਕਰਨ ਦੀ ਥਾਂ, ਉਸਦੇ ਸਰੂਪ ਨੂੰ ਹੀ ਬਦਲਕੇ ਤਿਆਰ ਕੀਤਾ ਗਿਆ। ਸ. ਅਮਰ ਸਿੰਘ ਦੁਆਰਾ ਤਤਕਰਾ ਕਿਉਂ ਅਤੇ ਕਿਸ ਘਪਲੇ ਅਧੀਨ ਪ੍ਰਕਾਸ਼ਤ ਕੀਤਾ ਗਿਆ। ਜਦ ਕਿ ਵਿਦਵਾਨਾ ਦੀ ਸਬ ਕਮੇਟੀ ਦੀ ਰਾਏ ਸੀ ਕਿ ਅਕਾਲੀ ਕੌਰ ਸਿੰਘ ਵਾਲਾ ਤਤਕਰਾ ਹੀ ਪ੍ਰਕਾਸ਼ਤ ਕੀਤਾ ਜਾਏ। ਭਾਸ਼ਾ ਵਿਭਾਗ ਦੇ ਹਜ਼ਾਰਾਂ ਰੁਪਏ ਕਿਉਂ ਖਰਚੇ ਗਏ ਜਦ ਕੇ ਸੋਧ ਕੇਵਲ ਵਿਭਾਗ ਦੇ ਕਰਮਚਾਰੀ ਹੀ ਕਰ ਸਕਦੇ ਸਨ।

12. ਡਾ. ਹਸੀਜਾ ਨੇ ਮੰਦ ਭਾਵਨਾ ਨਾਲ ਆਪਣੀ ਹਉਮੈਂ ਨੂੰ ਪੱਠੇ ਪਾਉਣ ਲਈ ਮਹਿਕਮੇ ਦੇ ਈਮਾਨਦਾਰ ਮਿਹਨਤੀ ਅਤੇ ਅੰਦਰੂਨੀ ਭਰਿਸ਼ਟਾਚਾਰ, ਅਤੇ ਗੁੰਡਾ ਗਰਦੀ ਵਿਰੁਧ ਆਵਾਜ਼ ਉਠਾਉਣ ਵਾਲੇ ਕਰਮਚਾਰੀਆਂ ਖਾਸ ਕਰ ਕੇ ਸਾਹਿਤਕਾਰ ਕਰਮਚਾਰੀਆਂ ਨੂੰ ਤੰਗ, ਪਰੇਸ਼ਾਨ, ਮੁਅੱਤਲ, ਡਿਸਮਿਸ, ਡਿਮੋਟ ਕਰਨ ਦੀਆਂ ਕਾਰਵਾਈਆਂ ਕੀਤੀਆਂ। ਡਾ. ਭਗਵੰਤ ਸਿੰਘ ਦੀ ਮੁਅੱਤਲੀ, ਨਿੰਦਰ ਘੁਗਿਆਣਵੀ ਡਿਸਮਿਸ ਅਤੇ ਧਰਮ ਕੰਮੇਆਣਾ ਦੀ ਡਿਮੋਸ਼ਨ ਦੇ ਕੇਸਾਂ ਦੀ ਉਚ ਪੱਧਰੀ ਜਾਂਚ ਕੀਤੀ ਜਾਵੇ।

13. ਪੰਜਾਬ ਦੇ ਸਾਹਿਤਕ ਅਤੇ ਸਭਿਆਚਾਰਕ ਮਾਹੌਲ ਵਿਚ ਤਣਾਅ ਪੈਦਾ ਕਰਨ ਲਈ ਡਾ. ਹਸੀਜਾ ਵਲੋਂ ਕੀਤੀ ਗਈ ਲੇਖਕ ਸਭਾਵਾਂ ਨੂੰ ਪਾੜਨ, ਤੋੜਨ ਅਤੇ ਖਰੀਦਣ ਦੀ ਸਾਜਸ਼ੀ ਕਾਰਵਾਈ ਦੀ ਜਾਂਚ ਕੀਤੀ ਜਾਵੇ।

ਸਮੂਹ ਲੇਖਕਾਂ, ਸਭਾਵਾਂ, ਦੋਹਾਂ ਕੇਂਦਰੀ ਸਭਾਵਾਂ, ਸਾਹਿਤ ਅਕਾਡਮੀ ਆਦਿ ਦੇ ਬੁਧੀਜੀਵੀਆਂ ਵਿਦਵਾਨਾਂ ਨੂੰ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ ਅਤੇ ਇਸ ਭਰਿਸ਼ਟ, ਫਿਰਕਾਪ੍ਰਸਤ ਅਤੇ ਸਾਜਸ਼ੀ ਡਾਇਰੈਕਟਰ ਵਿਰੁਧ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਹ ਕੋਈ ਇਕੱਲੇ ਕਾਰੇ ਦਾ ਕੰਮ ਨਹੀਂ। ਸਮੂਹ ਚੇਤਨਾ ਅਤੇ ਆਵਾਜ਼ ਹੀ ਕੋਈ ਸਾਰਥਕ ਸਿਟੇ ਕੱਢ ਸਕਦੀ ਹੈ।

—*ਡਾ. ਤੇਜਵੰਤ ਮਾਨ*

• ਚਿਰਾਗ ਦਾ 37ਵਾਂ ਅੰਕ ਮਿਲਿਆ। ਪੱਧਰ ਪੱਖੋਂ ਮਾਂਥੱਤੀ ਨਿਰਾਸ਼ਾਜਨਕ ਹੈ। ਪਰਦੇ ਦਾ ਸਾਹਿਤਕ ਮਿਆਰ ਕਾਇਮ ਕਰਨ ਲਈ ਸੰਪਾਦਕੀ ਮੰਡਲ ਨੂੰ ਆਪਣਾ ਸੁਹਜ-ਸਵਾਦ (ਸੌਂਦਰਯ)

ਉਚਿਆਉਣਾ ਪਵੇਗਾ।

1. ਸਮੁੱਚੇ ਤੌਰ ਤੇ ਸਭ ਤੋਂ ਨਿਰਧਨ ਦਸ਼ਾ ਆਲੋਚਨਾ ਦੀ ਹੈ। ਹੋਰ/ ਲਘੂ ਕਾਰਨਾ ਸਮੇਤ ਇਸ ਦੇ ਦੋ ਪ੍ਰਮੁੱਖ ਕਾਰਨ ਹਨ--

(ੳ) ਅਸਾਡੇ ਤਥਾ-ਕਥਿਤ ਵਿਦਵਾਨ ਆਲੋਚਨਾ ਦੇ ਸਿਧਾਂਤ/ ਬਦੇਸ਼ੀ ਸਾਹਿਤ ਵਿਚੋਂ ਅੰਨ੍ਹੇਵਾਹ ਨਕਲ ਕਰਦੇ ਹਨ, ਜਿਸਦੀ ਜੜ੍ਹ ਅਸਾਡੀ ਗੁਲਾਮ ਮਾਨਸਿਕਤਾ ਵਿਚ ਹੈ।

(ਅ) ਵਿਸ਼ਵੀਕਰਨ, ਨਿਜੀਕਰਨ, ਉਦਾਰੀਕਰਨ ਅਤੇ ਮੰਡੀਕਰਨ ਦੀਆਂ ਨੀਤੀਆਂ ਉੱਤੇ ਅਧਾਰਤ, ਰਾਜਨੀਤਕ, ਸਮਾਜਕ ਅਤੇ ਆਰਥਕ ਜਨ-ਜੀਵਨ ਵਿਚ ਫੈਲ ਰਿਹਾ ਬੇਲਗਾਮ ਭ੍ਰਿਸ਼ਟਾਚਾਰ, ਸਾਹਿਤਕ-ਸਭਿਆਚਾਰਕ ਵਾਤਾਵਰਣ, ਸੰਚਾਰ ਸਾਧਨਾਂ ਅਤੇ ਵਿਦਿਅਕ ਅਦਾਰਿਆ (ਵਿਸ਼ਵ-ਵਿਦਆਲਿਆਂ, ਕਲਾ ਕੇਂਦਰਾਂ, ਭਾਸ਼ਾ ਵਿਭਾਗਾ ਆਦਿ) ਨੂੰ ਵੀ ਬੜੀ ਤੇਜ਼ੀ ਨਾਲ ਆਪਣੀ ਲਪੇਟ ਵਿਚ ਲੈ ਰਿਹਾ ਹੈ। ਭ੍ਰਿਸ਼ਟ ਮਨੁੱਖੀ ਚਰਿੱਤਰ ਸ਼ਬਦਾਂ ਨੂੰ ਵੀ ਭ੍ਰਿਸ਼ਟ ਕਰਨਗੇ। ਅਰਥਾਂ ਦੀ ਤਾਂ ਦੂਰ ਦੀ ਗਲ ਹੈ।

2. "ਮਸੰਦ" ਵਾਲੀ ਕਵਿਤਾ ਦਾ ਅਨੁਭਵ ਇਕ ਪਾਸੜ, ਇਕਹਿਰਾ ਅਤੇ ਸਤਹੀ ਹੈ। ਅਜਿਹੇ ਅਨੁਭਵ ਦਾ ਵਕਤ ਵਿਹਾ ਚੁੱਕਾ ਹੈ। ਸੋਵੀਅਤ ਯੂਨੀਅਨ ਦੀ ਵਿਖੰਡਨਾ ਨੇ ਇਹ ਪ੍ਰਮਾਣਿਤ ਕਰ ਦਿਤਾ ਹੈ ਕਿ "ਘਰ ਦੇ ਮਸੰਦ" ਵਧੇਰੇ ਖਤਰਨਾਕ ਹੁੰਦੇ ਹਨ ਅਤੇ ਇਹ ਦੁਵੱਲੀ ਮਾਰ ਕਰਦੇ ਹਨ। ਕਿਉਂਕਿ ਮਾਰਕਸਵਾਦ ਜਿਉਂਦਾ-ਜਾਗਦਾ, ਸਰਵ-ਵਿਆਪੀ ਅਤੇ ਵਿਕਾਸਸ਼ੀਲ ਸਿਧਾਂਤ ਹੈ। ਇਸ ਲਈ ਇਸ ਨੂੰ ਪਰਿਵਰਤਿਤ ਪ੍ਰਸਥਿੱਤੀਆਂ ਦੇ ਪ੍ਰਸੰਗ ਵਿਚ ਗ੍ਰਹਿਣ ਕਰਨ ਦੀ ਆਵਸ਼ਕਤਾ ਹੈ। ਇਸ ਨੂੰ ਓਪਰੀ, ਇਕ ਪਾਸੜ ਅਤੇ ਪੱਖਪਾਤੀ ਦ੍ਰਿਸ਼ਟੀ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ।

3. ਪੰਜਾਬ ਦੀ ਕੇਂਦਰੀ ਲੇਖਕ ਸਭਾ ਵਿਚ ਪੈਦਾ ਹੋ ਚੁੱਕੇ, ਹੋ ਰਹੇ ਗੁੱਟਾਂ ਦੀ ਪ੍ਰਸਪਰ ਖਹਿਬਾਜ਼ੀ ਦੇ ਸੰਦਰਭ ਵਿਚ, ਇੰਗਲੈਂਡ ਦੀਆਂ ਲੇਖਕ ਸਭਾਵਾਂ ਵਿਚ ਕੰਮ ਕਰਨ ਦਾ ਤਜ਼ਰਬਾ ਸਾਂਝਾ ਕਰਨ ਦੀ ਗੁਸਤਾਖੀ ਕਰ ਰਿਹਾ ਹਾਂ। ਇੰਗਲੈਂਡ ਵਿਚ 1969 ਵਿਚ ਪ੍ਰਗਤੀਸ਼ੀਲ ਲਿਖਾਰੀ ਸਭਾ ਸਥਾਪਤ ਕੀਤੀ ਗਈ। ਆਰੰਭ ਕਾਲ ਵਿਚ ਕੇਂਦਰੀ ਕਮੇਟੀ ਵਧੇਰੇ ਸਰਗਰਮ ਨਾ ਹੋ ਸਕੀ। ਪ੍ਰਤੀਕਰਮ ਵਜੋਂ ਪ੍ਰਗਤੀਸ਼ੀਲ ਲਿਖਾਰੀ ਸਭਾ ਲੰਦਨ ਹੋਂਦ ਵਿਚ ਆਈ। ਪਰੰਤੂ ਦੋਹਾਂ ਹੀ ਸਭਾਵਾਂ ਦਾ ਵਿਧਾਨ ਬੁਨਿਆਦੀ ਤੌਰ ਤੇ ਇਕ ਹੀ ਸੀ। ਸਭਾਵਾਂ ਵਖਰੀਆਂ ਹੋਣ ਦੇ ਬਾਵਜੂਦ ਕਾਨਫਰੰਸਾਂ ਸਾਂਝੀਆਂ ਹੁੰਦੀਆਂ ਸਨ। ਤਰਕ ਉੱਤੇ ਅਧਾਰਤ ਸਾਂਝੇ ਮਤੇ ਪਾਸ ਹੁੰਦੇ ਸਨ। ਅਖੀਰ ਸਭਾ ਵਿਚ ਏਕਤਾ ਪੈਦਾ ਕਰ ਲਈ ਗਈ ਅਤੇ ਲੰਦਨ ਵਾਲੀ ਸਭਾ ਨੂੰ ਇੰਗਲੈਂਡ ਵਾਲੀ ਸਭਾ ਦੀ ਮਾਨਯੋਗ ਬ੍ਰਾਂਚ ਵਲੋਂ ਮਾਨਤਾ ਪ੍ਰਦਾਨ ਕੀਤੀ ਗਈ। ਉਪਰੰਤ, ਸਭਾ ਦਾ ਕਾਰਜ-ਖੇਤਰ ਵਿਸਤ੍ਰਿਤ ਕੀਤਾ ਗਿਆ। ਇਸ ਪ੍ਰਕਿਰਿਆ ਰਾਹੀਂ ਹੌਲੀ ਹੌਲੀ ਵੱਖਰੇ-ਵੱਖਰੇ ਸ਼ਹਿਰਾਂ ਵਿਚ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਟੇਨ ਦੀਆਂ 12 (ਬਾਰਾਂ) ਬ੍ਰਾਂਚਾਂ ਸਥਾਪਤ ਹੋ ਗਈਆਂ। ਸਾਰੀਆਂ ਬ੍ਰਾਂਚਾਂ ਵਾਰੀ ਵਾਰੀ ਆਪਣੇ ਸ਼ਹਿਰ ਵਿਚ ਵਾਰਸ਼ਕ ਕਾਨਫਰੰਸਾਂ, ਕਵੀ ਦਰਬਾਰ ਅਤੇ ਗੋਸ਼ਟੀਆਂ ਕਰਵਾਉਂਦੀਆਂ। ਜਿਨ੍ਹਾਂ ਵਿਚ ਬਾਕੀ ਬ੍ਰਾਂਚਾਂ ਨੂੰ ਵੀ ਬਕਾਇਦਾ ਪ੍ਰਤਿਨਿਧਤਾ ਦਿੱਤੀ ਜਾਂਦੀ।

ਇਹਨਾਂ ਦਿਨਾਂ ਵਿਚ ਸੁਪ੍ਰਸਿੱਧ ਲੇਖਕ ਜਸਵੰਤ ਸਿੰਘ ਕੰਵਲ ਹੋਰਾਂ ਆਪਣੇ ਇੰਗਲੈਂਡ ਦੇ ਦੌਰਿਆਂ ਦੌਰਾਨ ਸਭਾ ਦੀ ਲੰਦਨ (ਸਾਊਥਲ) ਬ੍ਰਾਂਚ ਵਿਚ ਮੁਦਾਖਲਤ ਆਰੰਭ ਕੀਤੀ। ਬਾਈ ਜੀ ਦੇ ਜਜ਼ਬਾਤੀ ਰੌਂਅ ਅਤੇ ਨਿੱਜੀ ਮਹਿਮਾ ਦੇ ਆਲਮ ਵਿਚ ਏਥੇ ਗੁੱਟਬੰਦੀ ਅਤੇ ਖੇਤਰੀਵਾਦ ਨੂੰ ਉਤਸ਼ਾਹ ਮਿਲਿਆ। ਪਰੰਤੂ ਜਦੋਂ ਇਹ ਭਾਰਤ ਪਰਤ ਜਾਂਦੇ। ਅਸੀਂ ਇਸ ਰੁਝਾਨ ਉੱਤੇ ਕਾਬੂ ਪਾ ਲੈਂਦੇ। ਅਖੀਰ, ਫਿਰ ਬਾਈ ਜੀ ਦੀ ਛਤਰ-ਛਾਇਆ ਹੇਠ 1981 ਵਿਚ ਵਿਸ਼ਵ-ਸੰਮੇਲਨ ਦਾ ਪਰਪੰਚ ਰਚਿਆ ਗਿਆ। ਰਾਤੋਰਾਤ ਕਤਾਰਬੰਦੀ ਕਰਕੇ ਇਕ ਨਕਲੀ ਜਥੇਬੰਦੀ ਖੜੀ ਕੀਤੀ ਗਈ (ਜਿਹੜੀ ਵਿਸ਼ਵ-ਸੰਮੇਲਨ ਤੋਂ ਦੋ ਕੁ ਹਫਤੇ ਬਾਦ ਖਿੰਡ-ਪੁੰਡ ਗਈ) ਵਿਸ਼ਵ ਸੰਮੇਲਨ ਨਾਲ ਇੰਗਲੈਂਡ ਦੇ ਪੰਜਾਬੀ



ਸਾਹਿਤ ਨੂੰ ਕੀ ਸਾਰਥਕ ਲਾਭ ਹੋਇਆ--ਇਹ ਤਾਂ ਬਾਈ ਜੀ ਜਾਂ ਪ੍ਰਬੰਧਕ ਹੀ ਜਾਣਦੇ ਹੋਣਗੇ ਪਰੰਤੂ ਇਸ ਦੇ ਇਕ ਸੰਚਾਲਕ ਨੂੰ ਬਰਤਾਨੀਆ ਦੀ ਲੇਬਰ ਪਾਰਟੀ ਵਿਚ ਆਪਣੇ ਰਾਜਸੀ ਜੀਵਨ ਨੂੰ ਬੜ੍ਹਾਵਾ ਦੇਣ ਦਾ ਅਵਸਰ ਜ਼ਰੂਰ ਪ੍ਰਾਪਤ ਹੋਇਆ (ਯਾਦ ਰਹੇ ਅਜ ਕਲ ਉਹ ਸੰਚਾਲਕ ਸਾਹਿਤਕ ਸਰਗਰਮੀਆਂ ਨੂੰ ਠੁੱਡ ਮਾਰ ਕੇ ਲੇਬਰ ਪਾਰਟੀ ਵਲੋਂ ਲੰਦਨ ਬਾਰੋ ਆਫ ਈਲਿੰਗ ਦੀ ਲਾਰਡ ਮੇਅਰ ਦੀ ਪਦਵੀ ਉਤੇ ਬਿਰਾਜਮਾਨ ਹੈ)।

ਦੂਜਾ ਦੂਰ-ਰਸੀ ਸਿੱਟਾ, ਉਸ ਸਮੇਂ ਬੀਜੀਆਂ ਵੰਡੀਆਂ ਦਾ ਇਹ ਨਿਕਲਿਆ ਕਿ ਅੱਜ ਇੰਗਲੈਂਡ ਦਾ ਸਮੁੱਚਾ ਸਾਹਿਤਕ ਮਹੌਲ ਆਪੋ ਧਾਪੀ ਦਾ ਸ਼ਿਕਾਰ ਹੋ ਕੇ ਕਈ ਛੋਟੇ ਛੋਟੇ ਗੁੱਟਾਂ ਵਿਚ ਵੰਡਿਆ ਗਿਆ ਹੈ ਅਤੇ ਜਨ-ਸਧਾਰਨ ਨਾਲੋਂ ਟੁੱਟਿਆਂ ਪਿਆ ਹੈ।

ਇਸ ਪ੍ਰਸੰਗ ਵਿਚ ਪੰਜਾਬ ਵਿਚ ਕੇਂਦਰੀ ਲਿਖਾਰੀ ਸਭਾ ਦੇ ਸਮਾਨੰਤਰ ਦੂਜੀ ਸਭਾ ਖੜੀ ਕਰਨ ਦੇ ਅਮਲ ਦੀ ਭਲੀਭਾਂਤ ਸਮਝ ਆ ਜਾਂਦੀ ਹੈ--

ਜਿਸ ਪ੍ਰਤੀ ਦੁੱਖ ਦਰਦ ਦੀ ਭਾਵਨਾ ਉਤਪਨ ਹੁੰਦੀ ਹੈ-ਹੈਰਾਨੀ ਦੀ ਨਹੀਂ।

***—ਗੁਰਨਾਮ ਢਿਲੋਂ (ਯੂ. ਕੇ.)***

-0-

• ਚਿਰਾਗ ਮਿਲ ਰਿਹਾ ਹੈ। ਜਦ ਚੰਦਾ ਮੁਕ ਜਾਵੇ ਤਾਂ ਖਤ ਪਾ ਦੇਣਾ। ਪਰ ਚਿਰਾਗ ਜਾਰੀ ਰੱਖਣਾ ਚੰਦਾ ਪਹੁੰਚ ਜਾਵੇਗਾ। ਕਈ ਵਾਰ ਏਥੋਂ ਭੇਜਣ ਸਮੇਂ ਲੇਟ ਹੋ ਜਾਈਦਾ ਹੈ। ਪਰ ਚਿਰਾਗ਼ ਦੇ ਅੱਖਰਾਂ ਦੀ ਲੋਅ ਵਿਚ ਬੈਠਣਾ ਚੰਗਾ ਲਗਦਾ ਹੈ। ਚਿਰਾਗ਼ ਦਾ ਚੀਨੀ ਸਾਹਿਤ ਦਾ ਅੰਕ ਇਕ ਵਧੀਆ ਜਤਨ ਹੈ। ਅਪ੍ਰੈਲ-ਜੂਨ 2001 ਵਿਚ ਵਰਿੰਦਰ ਪਰਿਹਾਰ ਦੀ ਨਜ਼ਮ ਖੁਦਾ ਤੇ ਢਿਲੋਂ ਗੁਰਨਾਮ ਦੀ 'ਰੱਬ ਦੀ ਮੌਤ' ਬਿਰਤਾਂਤਕ ਕਵਿਤਾ, ਤੁਹਾਡੀ ਚੁੱਪ ਨਹੀਂ ਰਹਿ ਹੁੰਦਾ ਤੇ ਸੰਪਾਦਕੀ ਬਹੁਤ ਕੁਝ ਸੋਚਣ ਲਈ ਆਖਦੇ ਹਨ। ਸੁਆਲਾਂ ਦੇ ਜਵਾਬ ਤਲਾਸ਼ਦੇ ਹਨ। ਜਾਂ ਸਵਾਲ ਜਵਾਬ ਦੀ ਤਲਾਸ਼ ਵਿਚ ਪੈਂਡੇ ਪੈਂਦੇ ਨੇ। ਸੂਫੀ ਅਮਰਜੀਤ ਦੀ ਗਿਆਰਾਂ ਨਵੰਬਰ, ਕਿਵੇਂ ਗੁਜਾਰੀ ਜ਼ਿੰਦਗੀ ਬਾਰੇ ਡਾ. ਸੁਖਵਿੰਦਰ ਸਿੰਘ ਰੰਧਾਵਾ ਦਾ ਲੇਖ ਪੜ੍ਹ ਕੇ ਪੁਸਤਕ ਪੜ੍ਹਨ ਲਈ ਮਨ ਕਰਦਾ ਹੈ। ਵਾਘਿਓਂ ਪਾਰ ਦੇ ਸਾਹਿਤ ਰੂਪਾਂ ਨਾਲ ਵੀ ਪਾਠਕਾਂ ਨੂੰ ਜੋੜਦੇ ਹੋ। ਇਹ ਚੰਗਾ ਹੈ ਇਸ ਤਰ੍ਹਾਂ ਅਸੀਂ ਜਿਹੜੇ ਉਰਦੂ ਅੱਖਰ ਨਹੀਂ ਉਠਾਲ ਸਕਦੇ ਕੁਝ ਕੁ ਰਚਨਾਵਾਂ ਤਾਂ ਪੜ੍ਹ ਲਈ ਦੀਆਂ ਹਨ। ਤਿੰਨ ਛੋਟੀਆਂ ਨਜ਼ਮਾਂ ਭੇਜ ਰਹੀ ਹਾਂ ਚਿਰਾਗ਼ ਵਿਚ ਰੌਸ਼ਨ ਹੋਣ ਵਾਸਤੇ ਪਸੰਦ ਆਉਣ ਦਾ ਜ਼ਰੂਰ ਛਾਪਣਾ।

***—ਅਮਰ ਜਿਉਤੀ, ਐਮਸਟਰਡਮ (ਨੈਦਰਲੈਂਡਜ਼)***

• ਪੱਤਰਕਾਵਾਂ ਵਿਚ ਅਕਸਰ ਤੁਹਾਡੇ ਨਾਲ ਮੁਲਾਕਾਂਤ ਹੁੰਦੀ ਸੀ, ਪ੍ਰੰਤੂ ਕੋਏ ਐਡਾ ਵਜ਼ਨਦਾਰ ਪਰਚਾਵੀ ਤੁਸੀਂ ਸੰਪਾਦਕ ਕਰਦੇ ਹੋ, ਪਹਿਲੀ ਵਾਰੀ ਪੜ੍ਹ ਕੇ ਪਤਾ ਲੱਗਾ।

ਚਿਰਾਗ਼ ਜੁਝ ਤਾਂ ਗਏ ਨੇ ਇਹ ਬੁੱਝ ਨਾ ਜਾਣ ਕਿਤੇ
ਹਵਾਂ ਮੱਛਰਦੀ ਐ ਹਕੀਕਤਾਂ ਤਲਖ਼ ਨੇ ਅਜੇ

ਨਜ਼ਮਾਂ, ਕਹਾਣੀਆਂ, ਮੁਲਾਕਾਤਾਂ ਪੁਸਤਕ ਰੀਵੀਓ। ਚਿਰਾਗ਼ ਦੇ ਪੰਨਿਆਂ ਤੇ ਫੈਲਿਆ ਇਹ ਸਾਹਿਤਕ ਹੜ੍ਹ।

ਬਲਦੇ ਨੇ ਜਿੱਥੇ ਯਾਰੋ, ਚਿਰਾਗ਼ ਸ਼ਬਦਾਂ ਦੇ
ਖਿਲਦੇ ਨੇ ਉਸ ਜਗ੍ਹਾ ਤੇ ਫਿਰ ਬਾਗ਼ ਸ਼ਬਦਾਂ ਦੇ

***—ਆਨੰਦ ਆਲੋਕ ਧੂਰੀ, ਨਜ਼ਦੀਕ ਐਸ. ਡੀ. ਸਕੂਲ, ਧੂਰੀ***

## ਸ਼ਾਰਬ

ਸਵੇਰੇ ਸਵੇਰੇ ਜਵਾਨ ਪੁੱਤ ਦੀ ਪੱਤ ਲੱਥੀ
ਤੇ ਦੁਪਹਿਰੀਂ ਬੁੱਢੇ ਵਾਰੇ ਮੇਗੀ
ਦੋਵੇਂ ਵਾਰੀ ਪੱਤ ਲਾਹੁਣ ਵਾਲਿਆਂ ਨੂੰ
ਅਸੀਂ ਆਪੇ ਘਰ ਸੱਦ ਕੇ ਲਿਆਏ
ਤੇ ਖਵਾ ਪਿਆ ਕੇ ਟੋਰਿਆ

ਰੇਸ਼ਮ ਦੀ ਰੱਸੀ ਦਾ ਏਹੋ ਘਾਟਾ ਏ
ਬਹੁਤੀਆਂ ਪੱਕੀਆਂ ਗੰਢਾਂ ਦੇ ਲਈਏ ਤੇ
ਕੱਟ ਕੇ ਲੰਬਾਈ ਘਟਾਉਣੀ ਪੈਂਦੀ ਏ
ਨਰਮ ਗੰਢਾਂ ਵੀ ਧਰਤੀ 'ਚ ਦੱਬੀਆਂ
ਰੋੜ ਬਣ ਜਾਂਦੀਆਂ ਨੇ
ਤੇ ਫੌਲਾਦੀ ਦਿਲ ਪੰਘਰ ਪੰਘਰ ਕੇ ਪਾਣੀ

ਅਕਲ ਆਪਣੀ ਚੰਗੀ ਲੱਗਦੀ ਏ
ਤੇ ਸ਼ਕਲ ਦੂਸਰੇ ਦੀ
ਡੁੱਬਦੇ ਨੂੰ ਕੰਢਾ ਨਾ ਮਿਲੇ
ਤੇ ਉਹਨੇ ਲਹਿਰ ਈ ਫੜਨੀ ਏਂ
ਸਿਰੋਂ ਉੱਚੇ ਟਾਹਣ ਵੱਡਿਆਂ
ਕੱਦ ਉੱਚੇ ਨਹੀਂ ਹੁੰਦੇ
ਛਾਂ ਗਵਾਚ ਜਾਂਦੀ ਏ।

(ਪੰਚਮ-ਲਾਹੌਰ)

ਚਿਰਾਗ਼ ਲਈ ਸ਼ੁੱਭ-ਇਛਾਵਾਂ
ਬਾਲ-ਰੋਗਾਂ ਦੇ ਮਾਹਰ
ਡਾ. ਰਵਿੰਦਰ ਸਿੰਘ (ਐਮ.ਡੀ.)
ਸਰਕੂਲਰ ਰੋਡ, ਬਟਾਲਾ।
ਫੋਨ :-01871-41531



## ਪੁਸਤਕ ਪ੍ਰਾਪਤੀ

1. ਵਿੰਗ-ਤੜਿੰਗੇ ਰਾਹ (ਨਾਵਲ) ਪ੍ਰੋ. ਹਰਭਜਨ ਸਿੰਘ ਮੁੱਲ 100/- ਪੰਨੇ 134
2. ਸਿਰਜਣ-ਜੋਤ (ਜੰਮੂ ਦਾ ਪੰਜਾਬੀ ਸਾਹਿਤ) ਪੰਨੇ 120 ਮੁੱਲ 50/- ਪੰਜਾਬੀ ਸਾਹਿਤ ਸਭਾ ਰਣਬੀਰ ਪੁਰਾ ਜੰਮੂ
3. ਪੰਜ-ਗੀਟੜੇ (ਕਹਾਣੀਆਂ) ਮਹਿੰਦਰ ਰਿਸ਼ਮ ਪੰਨੇ 72 ਮੁੱਲ 30/- ਅਨਹਦ ਪਬਲੀਕੇਸ਼ਨਜ਼, ਪਟਿਆਲਾ
4. ਜਾਣੇ ਅਣਜਾਣੇ ਸਫ਼ਰ (ਸਫ਼ਰਨਾਮਾ) ਸੁਪਨਦੀਪ ਸੰਧੂ, ਮੁੱਲ 40/- ਸਫੇ 111, ਕੁਕਨੂਸ ਪ੍ਰਕਾਸ਼ਨ, ਜਲੰਧਰ
5. ਰੰਗਾਂ ਦਾ ਦਰਿਆ (ਨਿਬੰਧ) ਗੁਰਬਖਸ਼ ਸਿੰਘ ਭੰਡਾਲ ਮੁੱਲ 125/- ਪੰਨੇ 96, ਐਸ ਦਿਨੇਸ਼ ਐਂਡ ਕੰਪਨੀ, ਜਲੰਧਰ
6. ਭਾਖਿਆ (ਕਵਿਤਾ) ਮਦਨ ਵੀਰਾ ਪੰਨੇ 96 ਮੁੱਲ 40/- ਕੁਕਨੂਸ ਪ੍ਰਕਾਸ਼ਨ, ਜਲੰਧਰ
7. ਸ਼ਾਇਰੀ 2000-ਸੰਪਾਦਕ ਪ੍ਰਮਿੰਦਰਜੀਤ ਮੁੱਲ 50/- ਪੰਨੇ 112, ਕੁਕਨੂਸ ਪ੍ਰਕਾਸ਼ਨ, ਜਲੰਧਰ
8. ਕਣੀਆਂ (ਕਵਿਤਾਵਾਂ) ਸੁਖਵਿੰਦਰ ਅੰਮ੍ਰਿਤ ਮੁੱਲ 60/- ਪੰਨੇ 80, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
9. ਸ਼ਹੀਦ ਭਗਤ ਸਿੰਘ ਦੀ ਨਾਸਤਕਤਾ (ਵਾਰਤਕ) ਸੂਫੀ ਅਮਰਜੀਤ, ਮੁੱਲ 20/- ਪੰਨੇ 56 ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
10. ਸੁਪਨਾ ਤੇ ਸਫਰ (ਲੰਮੀ ਕਵਿਤਾ) ਅਜਾਇਬ ਹੁੰਦਲ ਮੁੱਲ 60/- ਪੰਨੇ 64 ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
11. ਚੁੱਪ ਦਾ ਹਉਕਾ (ਕਵਿਤਾ) ਸਵਰਾਜ ਕੌਰ ਪੰਨੇ 104, ਮੁੱਲ 100/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
12. ਸ਼ਬਦ ਅਸ਼ਬਦ (ਕਵਿਤਾਵਾਂ) ਹਰਕੰਵਲਜੀਤ ਸਾਹਿਲ ਮੁੱਲ 100/- ਪੰਨੇ 124 ਮਿਸ਼ਾਲ ਪ੍ਰਕਾਸ਼ਨ, ਕੈਲਗਰੀ-ਕੈਨੇਡਾ
13. ਕਿਰਕ (ਕਵਿਤਾਵਾਂ) ਬਲਬੀਰ ਬਗੀਚਾ ਸਿੰਘ ਧਾਲੀਵਾਲ ਮੁੱਲ 100/- ਪੰਨੇ 56 ਏਸ਼ੀਆ ਵਿਯੀਅਨਜ਼ ਲੁਧਿਆਣਾ।
14. ਮੌਤ ਦੀ ਉਡੀਕ ਵਿਚ (ਰੇਖਾ-ਚਿਤਰ) ਸ਼ਿਵ ਵਰਮਾ ਮੁੱਲ 40/- ਪੰਨੇ 96 ਕੁਕਨਸ ਪ੍ਰਕਾਸ਼ਨ ਜਲੰਧਰ।
15. ਮੇਰੇ ਅੰਦਰ ਇੱਕ ਸਮੁੰਦਰ (ਸਮੁੱਚੀਆਂ ਗ਼ਜ਼ਲਾਂ) ਜਗਤਾਰ, ਮੁੱਲ 325/- ਪੰਨੇ 384 ਦੀਪਕ ਪਬਲਿਸ਼ਰਜ਼, ਜਲੰਧਰ।
16. ਪੈਰਸ ਦੀ ਪਿਆਸ (ਉਰਦੂ ਲਿਪੀ ਵਿਚ) ਸੰਤੋਖ ਸਿੰਘ ਸੰਤੋਖ ਮੁੱਲ 120/- ਪੰਨੇ 144 ਇਨਸਟੀਚਿਊਟ ਆਫ਼ ਪੰਜਾਬੀ ਲੈਂਗੁਏਜ਼ ਐਂਡ ਲਿਟਰੇਚਰ, ਲਾਹੌਰ ਪਾਕਿਸਤਾਨ।
17. ਮੈਂ ਸਿਕੰਦਰ ਨਹੀਂ (ਗ਼ਜ਼ਲਾਂ) ਸੁਰਜੀਤ ਸਖੀ ਮੁੱਲ 100/- ਪੰਨੇ 100 ਚੇਤਨਾ ਪ੍ਰਕਾਸ਼ਨ, ਲੁਧਿਆਣਾ।
18. ਅਰਧਨਾਰੀਸ਼ਵਰ (ਬਿਹਾਰ ਦੀਆਂ ਕਹਾਣੀਆਂ) ਸੰਪਾਦਕ ਆਭਾ ਪੂਰਵੇ/ਜਸਵੰਤ ਸਿੰਘ ਵਿਰਦੀ, ਮੁੱਲ 40/- ਪੰਨੇ 96 ਕੁਕਨੂਸ ਪ੍ਰਕਾਸ਼ਨ, ਜਲੰਧਰ।
19. ਸੁਨਹਿਰਾ ਗੁਲਾਬ ਲੇਖਕ ਕੇ. ਪੌਸਤੋਵਸਕੀ ਮੁੱਲ 80/- ਪੰਨੇ 188 ਚੇਤਨਾ ਪ੍ਰਕਾਸ਼ਨ, ਲੁਧਿਆਣਾ।
20. ਸਿਰਜਣਾ ਦੇ ਸਨਮੁੱਖ (ਆਲੋਚਨਾ) ਬਲਬੀਰ ਸਿੰਘ ਮੁਕੇਰੀਆਂ ਮੁੱਲ 150/- ਪੰਨੇ 144 ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
21. ਪਾਕਿਸਤਾਨੀ ਕਹਾਣੀ (ਰਾਬਿੰਦਰ ਬਾਠ) ਮੁੱਲ 100/- ਪੰਨੇ 128 ਚੇਤਨਾ ਪ੍ਰਕਾਸ਼ਨ, ਲੁਧਿਆਣਾ।
22. ਹਮ ਹੈਂ ਗਿਆਨਹੀਨ, ਅਗਿਆਨੀ (ਸਵੈ-ਜੀਵਨੀ) ਬਲਦੇਵ ਸਿੰਘ ਮੁੱਲ 120/- ਪੰਨੇ 136 ਚੇਤਨਾ ਪ੍ਰਕਾਸ਼ਨ, ਲੁਧਿਆਣਾ।
23. ਮੇਰੀ ਸਾਹਿਤ ਯਾਤਰਾ (ਸਵੈ-ਜੀਵਨੀ) ਭੀਸ਼ਮ ਸਾਹਨੀ ਪੰਨੇ 100 ਮੁੱਲ 100/- ਚੇਤਨਾ ਪ੍ਰਕਾਸ਼ਨ, ਲੁਧਿਆਣਾ।
24. ਕੇਸਰੀ ਫੁੱਲਾਂ ਦੀ ਸ਼ਹਾਦਤ (ਕਵਿਤਾ) ਸੁਰਿੰਦਰ ਕਾਹਲੋਂ ਪੰਨੇ 68 ਮੁੱਲ 50/- ਵਿਚਾਰ ਵਿਵੇਕ ਸੰਗਠਨ, ਗੁਰਦਾਸਪੁਰ।
25. ਲਾਵਾ (ਨਾਵਲ) ਸੁਰਿੰਦਰ ਸਿੰਘ ਨੇਕੀ ਮੁੱਲ ਪੰਨੇ 269 ਪ੍ਰਵਾਜ਼ ਪਬਲੀਕੇਸ਼ਨਜ਼ ਦਸੂਹਾ, ਹੁਸ਼ਿਆਰਪੁਰ।
26. ਤਿੰਨ ਚਿਹਰਿਆਂ ਵਾਲਾ ਰੱਕਾਸ ਪੰਨੇ 80 ਮੁੱਲ 30/- ਕੁਕਨੂਸ ਪ੍ਰਕਾਸ਼ਨ ਜਲੰਧਰ।

*ਪਾਠਕਾਂ ਦੇ ਰਾਹਨੁਮਾ* *ਕਿਫ਼ਾਇਤੀ ਕਿਤਾਬਾਂ ਦੇ ਅਦਾਰੇ*

# ਕੁਕਨੁਸ ਪ੍ਰਕਾਸ਼ਨ ਵਲੋਂ ਛਪੀਆਂ ਕਿਤਾਬਾਂ

## ਵਿਸ਼ੇਸ਼ ਕਿਤਾਬਾਂ :

| | |
|---|---|
| ਜੀਵਨ ਯਾਦਾਂ | ਪਾਬਲੋ ਨੇਰੂਦਾ (ਅਨੁ. ਹੁੰਦਲ) ਪੰਨੇ 336/- ਕੀਮਤ 60/- |
| ਚੋਣਵੀਂ ਕਵਿਤਾ | ਨਾਜ਼ਿਮ ਹਿਕਮਤ (ਅਨੁ. ਹੁੰਦਲ) 40/- |
| ਮੌਤ ਦੀ ਉਡੀਕ 'ਚ | ਸ਼ਿਵ ਵਰਮਾ (ਅਨੁ. ਕਮਲਪ੍ਰੀਤ) 20/- |

## ਹੋਰ ਪੁਸਤਕਾਂ :

*ਚੋਣਵੀਆਂ ਕਹਾਣੀਆਂ :* ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਜਸਵੰਤ ਸਿੰਘ ਵਿਰਦੀ, ਮੈਕਸਿਮ ਗੋਰਕੀ, ਰਵਿੰਦਰ ਰਵੀ, ਕਥਾ ਜਪਾਨੀ, ਪਾਕਿਸਤਾਨੀ ਪੰਜਾਬੀ ਕਹਾਣੀ, ਪਾਕਿਸਤਾਨੀ ਉਰਦੂ ਕਹਾਣੀ, ਊਣੇ (ਗੁਰਮੀਤ ਕੜਿਆਲਵੀ)

*ਨਾਵਲ :* ਪੰਧ (ਅਫ਼ਜ਼ਲ ਅਹਿਸਨ ਰੰਧਾਵਾ) ਕਮਜ਼ਾਤ (ਫਖ਼ਰ ਜ਼ਮਾਨ) ਇਕ ਸਮੁੰਦਰ ਪਾਰ (ਮੀਰ ਤਨਹਾ ਯੂਸਫੀ) ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ (ਲੂਈਸ ਸੈਪਲ ਵੈਦਾ) ਪਰਾਈ ਧਰਤੀ (ਇਕਬਾਲ ਅਰਪਨ) ਧੁਖ਼ਦਾ ਗੋਹਟਾ (ਹਰਨੇਕ ਹੇਅਰ)

*ਕਾਵਿ ਸੰਗ੍ਰਹਿ :* ਭੋਇੰ (ਰਾਮ ਸਿੰਘ ਚਾਹਲ) ਨਮਿਤ (: ਨਮੋਹਨ) ਭਾਖਿਆ (ਮਦਨ ਵੀਰਾ) ਤਾਕਿ ਸਨਦ ਰਹੇ (ਕੰਵਲਜੀਤ ਭੁੱਲਰ) ਸ਼ਾਮ ਹੋਣ ਤੋਂ ਪਹਿਲਾਂ (ਜਗੀਰ ਜੋਸਣ) ਤ੍ਰਿਪਤੀ (ਜਸਬੀਰ ਕੌਰ ਰਾਏ) ਕੈਨਵਸ ਲਈ ਭਟਕਦੇ ਰੰਗ (ਸਾਂਵਲ ਧਾਮੀ) ਮਿੱਟੀ ਰੰਗੇ ਸੁਪਨੇ (ਗੁਰਦਿਆਲ ਪੱਲ੍ਹਾ) ਮੀਲ ਪੱਥਰ (ਜਗਵਿੰਦਰ ਜੋਧਾ) ਗੁੰਮਸ਼ੁਦਾ ਪੈੜਾਂ (ਧਰਮਪਾਲ ਉਪਾਸ਼ਕ)

*ਯਾਤਰਾ ਪ੍ਰਸੰਗ :* ਜਾਣੇ ਅਣਜਾਣੇ ਸਫ਼ਰ (ਸੁਪਨਦੀਪ ਸੰਧੂ)

*ਨਾਟਕ :* ਸਲੋਮੀ (ਆਸਕਰ ਵਾਈਲਡ)

*ਵਾਰਤਕ :* ਬੰਜਰ ਮਨ ਪੰਜਾਬ (ਜਸਵੀਰ ਸਿੰਘ ਸ਼ੀਰੀ)

ਉਪਰੋਕਤ ਹਰੇਕ ਪੁਸਤਕ ਕੀਮਤ : 20/-

ਸ਼ਾਇਰੀ 2000 (ਸੰਪਾਦਕ) ਪ੍ਰਮਿੰਦਰਜੀਤ) 30/-

ਤਿੰਨ ਚਿਹਰਿਆਂ ਵਾਲਾ ਰੱਕਾਸ (ਇਫ਼ਤਿਖ਼ਾਰ ਨਸੀਮ) 30/-

*ਪਤਾ :* ਐਨ. ਐਮ. 451, ਮੁਹੱਲਾ ਕਰਾਰ ਖਾਂ,
ਨੇੜੇ ਚੌਕ ਬੋਹੜ ਵਾਲਾ, ਜਲੰਧਰ, ਫੋਨ 0181-214028

ਪੁਸਤਕ ਪ੍ਰਾਪਤੀ ਸਥਾਨ :-

## ਨਵਾਂ ਜ਼ਮਾਨਾ ਬੁੱਕ ਸ਼ਾਪ

ਨਹਿਰੂ ਗਾਰਡਨ ਰੋਡ, ਜਲੰਧਰ, ਫੋਨ : 220290, 230466